ੴ

# ਭਵਿਖ ਫਿਰ ਵੀ ਸਾਡਾ ਹੈ

ਦਲਜੀਤ ਸਿੰਘ
ਪ੍ਰਧਾਨ
ਸਿੱਖ ਸਟੂਡੈਂਟਸ ਫੈਡਰੇਸ਼ਨ

ਮੇਰੀ ਮੰਜ਼ਲੇ-ਮਕਸੂਦ
ਮੇਰੀ ਸਰ ਜ਼ਮੀਨੇ-ਖਾਲਸਾ
ਤੇਰੇ ਅੱਗੇ ਮੈਂ ਨਤਮਸਤਕ ਹਾਂ
ਤੇਰੇ ਖੇਤਾਂ, ਦਰਿਆਵਾਂ, ਹਵਾਵਾਂ ਤੇਰੀਆਂ
ਤੇਰੇ ਖਾਲਸਈ ਨਿਸ਼ਾਨਾਂ ਦੀ
ਸ਼ਾਨ ਲਈ, ਆਨ ਲਈ
ਸਾਨੂੰ ਜੋ ਯੁਧ ਲੜਨਾ ਪੈ ਰਿਹਾ
ਵਖ ਵਖ ਸਮਿਆਂ, ਰੂਪਾਂ ਵੇਸਾਂ 'ਚ
ਮਰਜੀਵੜਿਆਂ ਦਾ ਇਕ ਅਮੁਕ ਕਾਫ਼ਲਾ
ਜੂਝਿਆ ਤੇ ਜੂਝਦਾ ਜਾ ਰਿਹਾ
ਕਦੇ ਤਲੀ ਤੇ ਸੋਚ ਰੱਖ ਤੇ ਕਦੇ ਸੀਸ ਰੱਖ
ਇਹ ਮਹਾਂ ਯੁਧ ਜੋ ਜਾਰੀ ਰਹਿਣਾ ਹੈ
ਜਦ ਤਕ ਰਾਹ ਆਜ਼ਾਦ ਨਹੀਂ ਹੁੰਦੇ
ਜਦ ਤਕ ਫਿਜ਼ਾ ਪਾਕ ਨਹੀਂ ਹੁੰਦੀ
ਅੰਬਰ ਵੀ ਸਾਡਾ ਨਹੀਂ ਹੁੰਦਾ
ਜਦ ਤਕ ਮੌਤ ਹਾਰ ਨਹੀਂ ਜਾਂਦੀ।

# ਕੁਝ ਸ਼ਬਦ ਸਾਡੇ ਵਲੋਂ

ਮਨੁਖੀ ਅਧਿਕਾਰਾਂ ਦੀ ਗੱਲ ਸਾਡੇ ਸਮਿਆਂ ਦਾ ਸਭ ਤੋਂ ਭਖਦਾ ਤੇ ਅਹਿਮ ਮੁੱਦਾ ਬਣ ਗਿਆ ਹੈ। ਕਿਸੇ ਮੁਲਕ ਵਿਚ ਲੋਕ ਰਾਜ ਦੀਆਂ ਜੜ੍ਹਾਂ ਕਿੰਨੀਆਂ ਕੁ ਮਜ਼ਬੂਤ ਹਨ, ਇਹ ਇਸ ਹਕੀਕਤ ਉਤੇ ਨਿਰਭਰ ਕਰਦਾ ਹੈ ਕਿ ਉਸ ਮੁਲਕ ਦੀ ਸਰਕਾਰ ਮਨੁਖੀ ਹੱਕਾਂ ਦੀ ਰਾਖੀ ਲਈ ਕਹਿੰਦੀ ਕੀ ਹੈ ਅਤੇ ਅਮਲ ਵਿਚ ਕਰਦੀ ਕੀ ਹੈ। ਦੂਜੇ ਸ਼ਬਦਾਂ ਵਿਚ ਅਸਾਂ ਇਹ ਵੇਖਣਾ ਹੈ ਕਿ ਉਸ ਸਰਕਾਰ ਨੇ ਮਨੁਖੀ ਹੱਕਾਂ ਦੀ ਮਹਾਨਤਾ ਤੇ ਮਹੱਤਤਾ ਨੂੰ ਸਥਾਪਤ ਕਰਨ ਲਈ ਜਿਹੜੇ ਕਾਨੂੰਨ ਬਣਾਏ ਹਨ (ਜੇ ਉਹ ਬਣਾਏ ਹਨ) ਉਨਾਂ ਨੂੰ ਅਮਲ ਵਿਚ ਕਿਸ ਹੱਦ ਤਕ ਉਤਾਰਿਆ ਗਿਆ ਹੈ। ਇਸ ਤੋਂ ਇਲਾਵਾ ਮਨਖੀ ਹੱਕਾਂ ਬਾਰੇ ਆਮ ਜਨਤਾ ਵਿਚ ਸੋਝੀ ਦਾ ਮਿਆਰ ਵੀ ਕਿਸੇ ਮਜ਼ਬੂਤ ਜਮਹੂਰੀਅਤ ਦਾ ਮਹੱਤਵਪੂਰਨ ਮਾਪ ਦੰਡ ਹੁੰਦਾ ਹੈ। ਇਉਂ ਮਨੁਖੀ ਅਧਿਕਾਰਾਂ ਤੇ ਜਮਹੂਰੀਅਤ ਇਕੋ ਹੀ ਤਸਵੀਰ ਦੇ ਦੋ ਪਾਸੇ ਹਨ ਜੋ ਅਟੁਟ ਤੌਰ ਤੇ ਜੁੜੇ ਹੋਏ ਹਨ ।

ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਇਕ ਅਜਿਹੀ ਸੰਸਥਾ ਹੈ ਜੋ ਇਕ ਪਾਸੇ ਮਨੁਖੀ ਅਧਿਕਾਰਾਂ ਦੀ ਰਾਖੀ ਲਈ ਨਿਰਭਉ ਤੇ ਨਿਰਵੈਰ ਹੋਕੇ ਆਵਾਜ਼ ਬੁਲੰਦ ਕਰਦੀ ਹੈ ਅਤੇ ਦੂਜੇ ਪਾਸੇ ਜਮਹੂਰੀਅਤ ਦੇ ਢਾਂਚੇ ਅਤੇ ਇਸ ਦੀਆਂ ਕਦਰਾਂ ਕੀਮਤਾਂ ਪ੍ਰਤੀ ਤਨਦੇਹੀ ਨਾਲ ਵਚਨਬੱਧ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਪਿਛਲੇ ਡੇਢ ਦਹਾਕੇ ਤੋਂ ਖਾਲਸਾ ਪੰਥ ਇਕ ਅਜਿਹੇ ਦੌਰ ਵਿਚੋਂ ਲੰਘਿਆ ਹੈ ਜਿਸ ਵਿਚ ਉਸਦੇ ਮਨੁਖੀ ਅਧਿਕਾਰ ਇਕ ਤਰ੍ਹਾਂ ਨਾਲ ਖੋਹ ਹੀ ਲਏ ਗਏ ਸਨ। ਇਕ ਪੂਰੀ ਦੀ ਪੂਰੀ ਕੌਮ ਇਸ ਦੌਰ ਵਿਚ ਰਾਜਨੀਤਕ ਆਜ਼ਾਦੀ ਤੋਂ ਵਿਰਵਿਆਂ ਕਰ ਦਿਤੀ ਗਈ। ਇਹ ਸਿਲਸਲਾ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਜਾਰੀ ਹੈ।

ਅਜ ਸਵਾਲਾਂ ਦਾ ਸਵਾਲ ਫਿਰ ਸਾਡੇ ਸਾਹਮਣੇ ਆਣ ਖਲੋਤਾ ਹੈ। ਕੀ ਪੰਜਾਬ ਮਸਲਾ ਹੱਲ ਹੋ ਗਿਆ ਹੈ? ਜਿਨ੍ਹਾਂ ਸਜਣਾਂ ਦੇ ਹੱਥਾਂ ਵਿਚ ਰਾਜਨੀਤਕ ਸੱਤਾ ਆਈ ਹੈ, ਕੀ ਉਹ ਇਸਨੂੰ ਹੱਲ ਕਰਨ ਵਿਚ ਦਿਲਚਸਪੀ ਰਖਦੇ ਹਨ? ਜੇ ਰਖਦੇ ਹਨ ਤਾਂ ਉਨ੍ਹਾਂ ਦੇ ਡੌਲਿਆਂ ਵਿਚ ਕਿੰਨੀ ਕੁ ਹਿੰਮਤ ਤੇ ਤਾਕਤ ਹੈ? ਕੀ ਵਰਤਮਾਨ ਰਾਜਨੀਤੀ ਦੀ ਵਿਆਕਰਨ ਸਮਝਣ ਲਈ ਉਨ੍ਹਾਂ ਨੇ ਕਿਸੇ ਦਿਬ-ਦ੍ਰਿਸ਼ਟੀ ਦਾ ਸਹਾਰਾ ਲਿਆ ਹੈ? ਸਾਇੰਸ ਤੇ ਟੈਕਨਾਲੋਜੀ ਦੀ ਮਹਾਂ ਚੜਤਲ ਦੇ ਇਸ ਯੁਗ ਵਿਚ ਕੀ ਉਨ੍ਹਾਂ ਕੋਲ ਜ਼ਿੰਦਗੀ ਦੇ ਸਮੁਚ ਨੂੰ ਵੇਖਣ ਤੇ ਦਿਸ਼ਾ ਦੇਣ ਦੀ ਕੋਈ ਇਤਿਹਾਸਕ ਨਿਗਾਹ ਹੈ? ਕੀ ਉਨ੍ਹਾਂ ਦੇ ਰਾਜਨੀਤਕ ਏਜੰਡੇ ਉਤੇ 'ਹੁਣ' ਹੀ ਮਹੱਤਵਪੂਰਨ ਹੈ ਤੇ ਆਉਣ ਵਾਲੇ ਕੱਲ੍ਹ ਦੀ ਚਿੰਤਾ ਉਨ੍ਹਾਂ ਦੀ ਮੰਜ਼ਿਲ ਦਾ ਹਿਸਾ ਨਹੀਂ? ਸਵਾਲ ਗੁੰਝਲਦਾਰ ਹਨ- ਗੰਭੀਰ ਵੀ ਹਨ ਅਤੇ ਇਨ੍ਹਾਂ ਦੇ ਸਿਧ-ਪਧਰੇ ਜਵਾਬ ਸਿਖ ਸੰਗਤਾਂ ਦੀ ਤਸੱਲੀ ਨਹੀਂ ਕਰ ਸਕਣਗੇ-ਘਟੋ ਘਟ ਹੁਣ ਤਾਂ ਇਹੋ ਜਿਹੇ ਜਵਾਬਾਂ ਦਾ ਵਕਤ ਬੀਤ ਚੁਕਾ ਹੈ। ਜਵਾਬ ਲਭਣ ਲਈ ਡੂੰਘੇ ਉਤਰਨਾ ਹੀ ਪੈਣਾ ਹੈ। ਡੂੰਘੇ ਉਤਰਨ ਦਾ ਪਵਿਤਰ ਅਮਲ ਲੋਕ ਰਾਜੀ ਕਦਰਾਂ ਕੀਮਤਾਂ ਵਿਚ ਇਕ ਉਚੇਰਾ ਮਿਆਰ, ਇਕ ਸਹਿਜ ਸੰਤੁਲਨ ਤੇ ਗੰਭੀਰਤਾ ਕਾਇਮ ਕਰਦਾ ਹੈ। ਅਜਿਹੇ ਵਿਵੇਕਸ਼ੀਲ ਮਾਹੌਲ ਵਿਚ ਮਨੁਖੀ ਹੱਕਾਂ ਦੇ ਸਤਿਕਾਰ ਦੀ ਇਕ ਜ਼ਮੀਨ ਸਹਿਜ ਸੁਭਾ ਹੀ ਤਿਆਰ ਹੋ ਜਾਂਦੀ ਹੈ। ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਇਸ ਮਾਹੌਲ ਦੇ ਤਿਆਰ ਹੋਣ ਦਾ ਅਹਿਸਾਸ ਕਰੇ ਤੇ ਕਰਾਏ।

ਜੇ ਸਾਡੇ ਕੋਲ ਇਕ ਵਡਾ ਰਾਜਨੀਤਕ ਠਰੰਮਾ ਹੈ ਤਾਂ ਸਾਨੂੰ ਇਤਿਹਾਸ ਦੀ ਅਦ੍ਰਿਸ਼ਟ ਰਫ਼ਤਾਰ ਉਤੇ ਵੀ ਆਪਣਾ ਧਿਆਨ ਧਰਨਾ ਪਵੇਗਾ। ਬਿਨਾਂ ਸ਼ੱਕ ਇਨ੍ਹਾਂ ਅਸੈਂਬਲੀ ਚੋਣਾਂ ਵਿਚ ਖਾਲਸਾ ਪੰਥ ਦਾ ਸੁਚੇਤ ਹਿਸਾ ਅਕਾਲੀ ਦਲ ਦੇ ਹੱਕ ਵਿਚ ਭੁਗਤ ਗਿਆ ਹੈ। ਪਰ ਦਿਲਚਸਪ ਸਚਾਈ ਇਹ ਵੀ ਹੈ ਕਿ ਅਚੇਤ ਹਿਸਾ ਅਜੇ ਖਾਲਸੇ ਨੇ ਆਪਣੇ ਕੋਲ ਸਾਂਭ ਕੇ ਰਖਿਆ ਹੋਇਆ ਹੈ। ਇਹ ਸਥਿਤੀ ਇਕ ਦਮ ਮਨੋਵਿਗਿਆਨਕ ਹੈ। ਸੁਚੇਤ ਬੜਾ ਸੁਹਾਵਣਾ ਲਗਦਾ ਹੈ ਪਰ ਇਸਦੀ ਉਮਰ ਲੰਮੀ ਨਹੀਂ। ਕਿਉਂ ਲੰਮੀ ਨਹੀਂ? ਕਿਉਂਕਿ ਅਚੇਤ ਅਤਿ ਬਲਵਾਨ ਤੇ ਤਾਕਤਵਾਰ ਹੈ ਅਤੇ ਖਤਰਨਾਕ ਵੀ। ਦੂਜੇ ਪਾਸੇ ਸੁਚੇਤ ਸਿਰਫ਼ ਤਾਕਤਵਾਰ ਜਾਪਦਾ ਹੈ। ਪਿਛਲੇ ਕਰੀਬ ਡੇਢ ਦਹਾਕੇ ਵਿਚ ਖਾਲਸੇ ਨੇ ਜੋ ਸੰਤਾਪ ਹੰਢਾਇਆ ਉਹ ਅਚੇਤ ਵਿਚ ਸਾਂਭਿਆ ਗਿਆ ਹੈ। ਖਾੜਕੂ ਲਹਿਰ ਦੇ ਸੁਚੇ ਅਮਲ ਵੀ ਇਸੇ ਅਚੇਤ ਵਿਚ ਸੁਰਖਿਅਤ ਪਏ ਹਨ। ਖਾਲਸੇ ਦੇ ਅਚੇਤ ਨੂੰ ਫੜਨਾ, ਇਸਦੀ ਤਾਕਤ ਦਾ ਅਹਿਸਾਨ ਕਰਨਾ ਤੇ ਇਸ ਦਾ ਗੰਭੀਰ ਵਿਸ਼ਲੇਸ਼ਣ ਕਰਨਾ ਲੋਕ ਰਾਜ ਦੀਆਂ ਉਨ੍ਹਾਂ ਬਰੀਕ ਤੰਦਾਂ ਨੂੰ ਫੜਨਾਂ ਹੈ ਜਿਨ੍ਹਾਂ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰ ਦਿਤਾ ਜਾਂਦਾ ਹੈ । ਇਨ੍ਹਾਂ ਸੂਖ਼ਮ ਤੰਦਾਂ ਦੀ ਯਾਤਰਾ ਅਦ੍ਰਿਸ਼ਟ ਹੀ ਰਹਿੰਦੀ ਹੈ । ਦਲਜੀਤ ਇਹਨਾਂ ਸੂਖ਼ਮ ਤੇ ਅਦ੍ਰਿਸ਼ਟ ਤੰਦਾਂ ਦੇ ਰਾਜ਼ ਫੜਨ ਦੇ ਯਤਨ ਕਰਦਾ ਹੈ। ਉਹ ਕਿਸ ਹੱਦ ਤਕ ਕਾਮਯਾਬ ਹੈ, ਇਸ ਬਾਰੇ ਕਈ ਰਾਵਾਂ ਹੋ ਸਕਦੀਆਂ ਹਨ। ਕੁਝ ਹੱਕ ਵਿਚ, ਕੁਝ ਖਾਮੋਸ਼ ਤੇ ਕੁਝ ਇਕ ਦਮ ਵਿਰੁਧ। ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਇਨ੍ਹਾਂ ਸਭ ਰਾਵਾਂ ਦਾ ਸਤਿਕਾਰ ਕਰਦਾ ਹੈ ਪਰ ਨਾਲ ਹੀ ਇਹ ਦਸਣਾ ਵੀ ਕਰਦਾ ਹੈ ਕਿ ਖਾੜਕੂ ਲਹਿਰ ਦਾ ਵਿਸ਼ਲੇਸ਼ਣ ਕਰਨ ਵਿਚ ਦਲਜੀਤ ਦੀ ਸੁਹਿਰਦਤਾ ਉਤੇ ਕਿੰਤੂ ਪ੍ਰੰਤੂ ਨਹੀਂ ਕੀਤਾ ਜਾ ਸਕਦਾ।

ਦਲਜੀਤ ਖਾੜਕੂ ਲਹਿਰ ਦੇ ਇਕ ਵਡੇ ਤੇ ਅਹਿਮ ਹਿੱਸੇ ਦਾ ਸਿਧਾਂਤਕ ਤਰਜਮਾਨ ਸੀ। ਉਹ ਜੋ ਸੋਚਦਾ ਹੈ ਉਸਨੂੰ ਜ਼ਿੰਦਗੀ ਵਿਚ ਵੀ ਢਾਲਦਾ ਹੈ। ਉਹ ਸਿਆਸੀ ਖਾੜਕੂ ਹੈ ਅਤੇ ਉਸਦਾ ਲਗਾਤਾਰ ਯਤਨ ਸੀ ਕਿ ਇਕ ਉਚੀ ਵਿਚਾਰਧਾਰਿਕ ਸੇਧ ਲਹਿਰ ਦੇ ਨਾਲ ਹਮਸਫਰ ਰਹੇ। ਜਦੋਂ ਲਹਿਰ ਭਰ ਜੋਬਨ ਵਿਚ ਸੀ, ਉਹ ਉਦੋਂ ਵੀ ਇਸ ਦੀਆਂ ਨੀਵਾਣਾਂ ਤੇ ਕਮਜ਼ੋਰੀਆਂ ਦੇਖ ਸਕਦਾ ਸੀ। ਉਸ ਨੇ ਸਮੁਚੀ ਲਹਿਰ ਦਾ ਵਿਸ਼ਲੇਸ਼ਣ ਕਰਨ ਲਗਿਆਂ ਲਹਿਰ ਨੂੰ ਆਪਣਿਆਂ ਤੇ ਬੇਗਾਨਿਆਂ ਵਿਚ ਨਹੀਂ ਵੰਡਿਆ। ਅਜਿਹੀਆਂ ਵੰਡੀਆਂ ਕਰਨਾ ਉਸਦੇ ਸੁਭਾਅ ਦਾ ਵੀ ਹਿਸਾ ਨਹੀਂ। ਜੇ ਲਹਿਰ ਦੀਆਂ ਪ੍ਰਾਪਤੀਆਂ ਹਨ ਤਾਂ ਉਹ ਖਾਲਸਾ ਪੰਥ ਦੀ ਬਖਸ਼ਿਸ਼ ਹੈ ਅਤੇ ਜੇਕਰ ਕਮਜ਼ੋਰੀਆਂ ਹਨ ਤਾਂ ਉਸਨੇ ਇਹ ਆਪਣੀ ਝੋਲੀ ਪਵਾਈਆਂ ਹਨ। ਇਹ ਆਪਣੀ ਕਿਸਮ ਦਾ ਪਹਿਲਾ ਤੇ ਨਿਵੇਕਲਾ ਵਿਸ਼ਲੇਸ਼ਣ ਹੈ। ਇਹੋ ਜਿਹਾ ਵਿਸ਼ਲੇਸ਼ਣ ਕਦੇ ਅਕਾਲੀ ਦਲ ਨੇ ਵੀ ਨਹੀਂ ਕੀਤਾ ਜਿਸ ਨੇ ਆਜ਼ਾਦੀ ਤੋਂ ਪਹਿਲਾ ਤੇ ਆਜ਼ਾਦੀ ਤੋਂ ਪਿਛੋਂ ਸਿੱਖ ਜਦੋਜਹਿਦ ਦੌਰਾਨ ਵਡੀਆਂ ਭਿਆਨਕ ਤੇ ਬੱਜਰ ਗਲਤੀਆਂ ਕੀਤੀਆਂ ਹਨ । ਇਸ ਵਿਸ਼ਲੇਸ਼ਣ ਨਾਲ ਖਾੜਕੂ ਲਹਿਰ ਨਾਲ ਸਿਧੇ ਤੇ ਅਸਿਧੇ ਤੌਰ ਤੇ ਜੁੜੇ ਹਰੇਕ ਗਰੁਪ ਅਤੇ ਹਰੇਕ ਵਿਅਕਤੀ ਨੂੰ ਆਪਣੇ ਅੰਦਰ ਝਾਤ ਮਾਰਨ ਦਾ ਮੌਕਾ ਮਿਲਿਆ ਹੈ। ਉਹਨਾਂ ਸਫਾਂ ਵਿਚ ਇਸ ਦੀ ਵਿਆਪਕ ਚਰਚਾ ਹੋਣੀ ਸੁਭਾਵਕ ਹੈ।

ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਇਕ ਗੱਲ ਹੋਰ ਸਪਸ਼ਟ ਕਰਨਾ ਚਾਹੁੰਦਾ ਹੈ ਕਿ ਸਾਡੀ ਜਥੇਬੰਦੀ ਦਾ ਦਲਜੀਤ ਦੇ ਸਾਰੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਪਰ ਅਸੀਂ ਇਹ ਜ਼ਰੂਰ ਚਾਹੁੰਦੇ ਹਾਂ ਕਿ ਖਾੜਕੂ ਲਹਿਰ ਦੀ ਪੜਚੋਲ ਬਾਰੇ ਉਸ ਵਲੋਂ ਪੇਸ਼ ਕੀਤੀ ਦਸਤਾਵੇਜ਼ ਸਭਨਾਂ ਰਾਜਸੀ ਤੇ ਗੈਰ ਰਾਜਸੀ ਧਿਰਾਂ ਵਲੋਂ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ। ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਖਾੜਕੂ ਲਹਿਰ ਸਿੱਖ ਕੌਮ ਦੇ ਅਚੇਤ ਮਨ ਵਿਚ ਬਾਕਾਇਦਾ ਵਸੀ ਰਸੀ ਹੋਈ ਹੈ। ਜੇ ਕੋਈ ਵਿਅਕਤੀ ਰਾਜਨੀਤਕ ਈਰਖਾ ਵਸ ਜਾਂ ਕਿਸੇ ਬੇਲੋੜੇ ਭੈਅ ਵਸ ਇਸ ਲਹਿਰ ਦੀ ਪੜਚੋਲ ਕੀਤੇ ਤੋਂ ਬਿਨਾਂ ਜਾਂ ਇਸਨੂੰ ਮੁਖਾਤਿਬ ਹੋਏ ਤੋਂ ਬਿਨਾਂ ਛਾਲ ਮਾਰ ਕੇ ਆਪਣੀ ਗੱਲ ਨੂੰ ਅਗੇ ਵਧਾਉਣ ਦਾ ਯਤਨ ਕਰੇਗਾ ਤਾਂ ਉਹ ਭਾਵੇਂ ਕੁਝ ਆਰਜ਼ੀ ਜਿੱਤਾਂ ਹਾਸਲ ਕਰਨ ਦਾ ਝੂਠਾ ਮਾਣ ਹਾਸਲ ਕਰ ਵੀ ਲਵੇ ਜਾਂ ਫੋਕੀ ਵਾਹ ਵਾਹ ਲੈ ਲਏ ਪਰ ਉਸ ਦੀ ਪ੍ਰਾਪਤੀ ਇਤਿਹਾਸਕ ਦੂਰ-ਅੰਦੇਸ਼ੀ ਤੋਂ ਸਖਣੀ ਹੋਏਗੀ। ਇਹ ਅਸੀਂ ਭਾਰਤ ਤੇ ਪੰਜਾਬ ਦੀਆਂ ਤਮਾਮ ਰਾਜਸੀ ਤੇ ਗੈਰ ਰਾਜਸੀ ਅਤੇ ਅੱਗੋਂ ਇਨ੍ਹਾਂ ਨਾਲ ਵਿੰਗੇ ਟੇਢੇ ਢੰਗ ਨਾਲ ਜੁੜੀਆਂ ਧਾਰਮਿਕ ਸ਼ਭਿਆਚਾਰਕ ਤੇ ਸਮਾਜਕ ਜਥੇਬੰਦੀਆਂ ਨੂੰ ਚੇਤੇ ਕਰਾਉਣ ਦਾ ਮੌਕਾ ਹਾਸਲ ਕਰ ਰਹੇ ਹਾਂ। ਇਸ ਲਈ ਇਸ ਅਹਿਮ ਇਤਿਹਾਸਕ ਦੌਰ ਨੂੰ ਭੁਲਾ ਕੇ ਜੋ ਵੀ ਹਾਸਲ ਕਰਾਂਗੇ

*ਉਹ ਅਧੂਰਾ ਤੇ ਕਚਘਰੜ ਤਾਂ ਹੋਵੇਗਾ ਹੀ , ਪਰ ਨਾਲ ਹੀ ਉਨ੍ਹਾਂ ਹਜ਼ਾਰਾਂ ਜਵਾਨੀਆਂ ਦਾ ਬੋਝ ਤੇ ਉਲਾਹਮਾ ਸਾਡੇ ਸਿਰਾਂ ਉਤੇ ਪਿਆ ਰਹੇਗਾ ਜੋ ਕਿਸੇ ਨਿਸ਼ਾਨੇ ਨੂੰ ਲੈ ਕੇ ਕੁਰਬਾਨ ਹੋ ਗਏ। ਇਹ ਦਲੀਲ ਜਾਂ ਤਰਕ ਫਿਲਹਾਲ ਬਹਿਸ ਦਾ ਵਿਸ਼ਾ ਨਹੀਂ ਹੋਣਾ ਚਾਹੀਦਾ ਕਿ ਉਨਾਂ ਨੌਜਵਾਨਾਂ ਦੇ ਦਿਲਾਂ ਮਨਾਂ ਵਿਚ ਨਿਸ਼ਾਨੇ ਪ੍ਰਤੀ ਸੋਚ ਧੁੰਦਲੀ ਸੀ, ਅਸਪਸ਼ਟ ਸੀ ਜਾਂ ਉਨ੍ਹਾਂ ਕੋਲ ਦੂਰ ਤਕ ਇਤਿਹਾਸ ਨੂੰ ਵੇਖਣ ਵਾਲੀਆਂ ਨਿਗਾਹਾਂ ਨਹੀਂ ਸਨ । ਪਰ ਕੀ ਉਨ੍ਹਾਂ ਦੇ ਸੁਚੇ ਜਜ਼ਬਿਆਂ ਤੇ ਵਲਵਲਿਆਂ ਤੋਂ ਮੁਨਕਰ ਹੋਇਆ ਜਾ ਸਕਦਾ ਹੈ ? ਜੇ ਲਹਿਰ ਵਿਚ ਵਡੀਆਂ ਗਲਤੀਆਂ ਹੋਈਆਂ ਹਨ ਤਾਂ ਕੀ ਸੰਸਾਰ ਵਿਚ ਕੋਈ ਵੀ ਲਹਿਰ ਗਲਤੀਆਂ ਤੋਂ ਮੁਕਤ ਹੋਣ ਦਾ ਦਾਅਵਾ ਕਰ ਸਕਦੀ ਹੈ ? ਇਕ ਹੋਰ ਗੱਲ । ਕੀ ਅਸੀਂ ਉਨ੍ਹਾਂ ਸਮਕਾਲੀ ਈਰਖਾਲੂ ਬਿਰਤੀਆਂ ਅਤੇ ਨਿਕੀਆਂ ਰਾਜਸੀ ਦ੍ਰਿਸ਼ਟੀਆਂ ਦੇ ਪ੍ਰਚਾਰ ਤੇ ਅਸਰ ਤੋਂ ਮੁਕਤ ਹਾਂ ਜੋ ਖਾੜਕੂ ਲਹਿਰ ਦੀਆਂ ਪ੍ਰਾਪਤੀਆਂ ਨੂੰ ਅਣਦਿਸਦਾ ਰਖਣ ਤੇ ਤੋੜਨ ਮਰੋੜਨ ਵਿਚ ਦਿਨ ਰਾਤ ਰੁਝੇ ਰਹਿੰਦੇ ਹਨ ? ਸਾਨੂੰ ਲਹਿਰਾਂ ਬਾਰੇ ਨਿਰਣਾ ਕਰਨ ਤੋਂ ਪਹਿਲਾਂ ਜਾਂ ਕੋਈ ਵੀ ਫਤਵਾ ਦੇਣ ਸਮੇਂ ਵਿਵੇਕ ਦੇ ਮੰਡਲ ਵਿਚ ਉਤਰਨਾ ਪਏਗਾ । ਇਸ ਲਹਿਰ ਨੂੰ ਸਮਝਣਾ ਏਨਾ ਵੀ ਆਸਾਨ ਨਹੀਂ ਜਿਵੇਂ ਕਿ ਭਾਰਤੀ ਸਟੇਟ ਦੇ ਪ੍ਰਚਾਰ ਵਸੀਲਿਆਂ ਨੇ ਪੂਰੀ ਬੇਸ਼ਰਮੀ ਨਾਲ ਇਸ ਲਹਿਰ ਨੂੰ ਇਕ ਪਾਸੜ ਹੋ ਕੇ ਪੇਸ਼ ਕੀਤਾ ਹੈ। ਕੀ ਇਹ ਕਹਿਣਾ ਵਾਜਬ ਨਹੀਂ ਕਿ ਖਾੜਕੂ ਮੌਜੂਦਾ ਰਾਜਨੀਤਕ ਵਿਵਸਥਾ ਦੇ 'ਅਚੇਤ ਬਾਗੀ' ਸਨ ? ਜਦੋਂ ਉਹ ਸੁਚੇਤ ਹੋਕੇ ਹਥਿਆਰਬੰਦ ਜੰਗ ਲੜ ਰਹੇ ਸਨ ਤਾਂ ਉਦੋਂ ਵੀ ਉਹ ਸੁਭਾਅ ਪਖੋਂ ਅਚੇਤ ਹੀ ਸਨ, ਸੁਚੇਤ ਤਾਂ ਉਹ ਪ੍ਰਤੀਤ ਹੀ ਹੁੰਦੇ ਸਨ। ਕੀ ਇਹ ਕਾਮਯਾਬੀ ਮਨੋਵਿਗਿਆਨਕ ਕਾਮਯਾਬੀ ਨਹੀਂ ਕਹੀ ਜਾ ਸਕਦੀ ? ਅਚੇਤ ਵਿਚ ਹਾਸਲ ਕੀਤੀ ਇਹ ਸਫਲਤਾ ਛੇਤੀ ਹੀ ਨਿਰਪਖ ਇਤਿਹਾਸਕਾਰਾਂ ਦਾ ਧਿਆਨ ਖਿਚੇਗੀ। ਇਹ ਸਾਨੂੰ ਪੱਕਾ ਵਿਸ਼ਵਾਸ ਹੈ। ਨਾਲ ਹੀ ਛੇਤੀ ਹੀ ਇਹ ਪ੍ਰਾਪਤੀ ਸੁਹਿਰਦ ਤੇ ਸੁਚੇਤ ਨੌਜਵਾਨਾਂ ਦਾ ਵੀ ਇਕ ਕੀਮਤੀ ਹਿਸਾ ਬਣੇਗੀ ਜਿਹੜੇ ਅਖਬਰਾਂ ਦੇ ਗੁੰਮਰਾਹਕੁੰਨ ਪ੍ਰਚਾਰ ਅਤੇ ਕੁਝ ਖਾੜਕੂ ਲਹਿਰ ਦੇ ਪਤਨ ਕਾਰਨ ਜ਼ਿੰਦਗੀ ਤੋਂ ਬੁਰੀ ਤਰ੍ਹਾਂ ਮਾਯੂਸ ਹੋ ਕੇ ਘਰੋ ਘਰੀ ਬੈਠ ਗਏ ਹਨ।*

*ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਹਵਾਈ ਗੋਲੇ ਛਡਣ ਵਿਚ ਵਿਸ਼ਵਾਸ ਨਹੀਂ ਰਖਦੀ। ਇਹ ਘਟਨਾਵਾਂ ਨੂੰ ਤੱਥਾਂ ਤੇ ਗਵਾਹੀਆਂ ਦੇ ਨਿਗਰ ਆਧਰ ਉਤੇ ਪੇਸ਼ ਕਰਦੀ ਹੈ । ਪੁਲੀਸ ਵਲੋ ਕੀਤੇ ਅਤਿਆਚਾਰਾਂ ਤੇ ਵਧੀਕੀਆਂ ਨੂੰ ਮੌਕੇ ਤੇ ਜਾ ਕੇ ਵੇਖਣਾ ਤੇ ਅੱਖਾਂ ਖੋਲ੍ਹ ਕੇ ਦੇਖਣਾ ਸਾਡੇ ਪਵਿਤਰ ਕਿੱਤੇ ਦਾ ਅਟੁਟ ਹਿਸਾ ਹੈ। ਅਸੀਂ ਉਨ੍ਹਾਂ ਖਾੜਕੂਆਂ ਦੇ ਘਰਾਂ ਤੇ ਪਰਿਵਾਰਾਂ ਦੇ ਹਾਲ ਆਪਣੀਆਂ ਅੱਖਾਂ ਲਾਲ ਤਕੇ ਹਨ ਤੇ ਤਕ ਵੀ ਰਹੇ ਹਾਂ ਜਿਨ੍ਹਾਂ ਬਾਰੇ ਅਖਬਾਰਾਂ ਨੇ ਝੂਠ ਅਤੇ ਫਰੇਬ ਦੀ ਇਕ ਅੰਨੀ ਹਨੇਰੀ ਚਲਾਈ ਹੋਈ ਸੀ । ਪਰ ਇਸ ਹਨੇਰੀ ਵਿਚ ਅਸੀਂ ਅੰਨ੍ਹੇ ਹੋਣ ਤੋ ਨਾਂਹ ਕਰ ਦਿਤੀ। ਅਸੀਂ ਆਪਣੀਆਂ ਜ਼ਮੀਰਾਂ ਨੂੰ ਜਾਗਦੇ ਰਖਣ ਦਾ ਵਚਨ ਤੋੜ ਤਕ ਨਿਭਾਵਾਂਗੇ। ਕੋਈ ਵੀ ਖਾੜਕੂ ਪਰਿਵਾਰ ਅਸਾਂ ਅਜਿਹਾ ਨਹੀਂ ਵੇਖਿਆ ਜਿਸਦਾ ਘਰ ਘਾਟ ਬਰਬਾਦ ਨਾ ਹੋਇਆ ਹੋਵੇ। ਅਸੀ ਇਹ ਸੱਚ ਦਸਣ ਦੀ ਦਲੇਰੀ ਕਰ ਰਹੇ ਹਾਂ ਕਿ ਮ੍ਰਿਤਕ ਖਾੜਕੂਆਂ ਦੇ ਪਰਿਵਾਰ ਅਜੇ ਵੀ ਰੁਲਦੇ ਹਨ । ਉਹਨਾਂ ਦੇ ਬੱਚਿਆਂ ਅਤੇ ਰਿਸ਼ਤੇਦਾਰਾਂ ਨੂੰ ਪੁਛਣ ਵਾਲਾ ਕੋਈ ਵੀ ਨਹੀ ਹੈ। ਬਹੁਤ ਘਟ ਲੋਕ ਇਸ ਸੰਕਟ ਵਿਚ ਨਾਲ ਤੁਰ ਰਹੇ ਹਨ । ਅਜੇ ਕੁਝ ਚਿਰ ਪਹਿਲਾਂ ਉਹਨਾ ਨੂੰ ਫਸਲਾਂ ਬੀਜਣ ਦਾ ਅਧਿਕਾਰ ਹਾਸਲ ਨਹੀਂ ਸੀ। ਉਹਨਾਂ ਦੀਆਂ ਮੋਟਰਾਂ ਟਰੈਕਟਰ ਅਤੇ ਹੋਰ ਸਮਾਨ ਪੁਲਸ ਥਾਣਿਆਂ ਵਿਚ ਰੁਲ ਰਿਹਾ ਹੈ। ਘਰ ਖਾਲ੍ਹੀ ਹਨ ਅਤੇ ਉਹਨਾਂ ਵਿਚ ਇਕ ਉਦਾਸ ਖਾਮੋਸ਼ੀ ਹੈ। ਜਿਹੜੇ ਥੋੜ੍ਹੇ ਬਹੁਤੇ ਪਹੁੰਚ ਵਾਲੇ ਹਨ ਉਹ ਅਦਾਲਤਾਂ ਦੇ ਦਰਵਾਜ਼ੇ ਖੜਕਾ ਕੇ ਇਨਸਾਫ ਹਾਸਲ ਕਰਨ ਦਾ ਯਤਨ ਕਰ ਰਹੇ ਹਨ । ਪਰ ਅਣਗਿਣਤ ਲੋਕ ਆਪਣੀ ਮਾਲੀ ਹਾਲਤ ਕਾਰਨ ਜਾਂ ਫਿਰ ਪੁਲੀਸ ਦੇ ਡਰ ਕਾਰਨ ਅਦਾਲਤਾਂ ਵਲ ਝਾਕਣ ਦੀ ਦਲੇਰੀ ਨਹੀਂ ਕਰ ਸਕੇ। ਕੀ ਬਰਬਾਦੀ ਦਾ ਇਹ ਆਲਮ ਸਾਡੀਆਂ ਜ਼ਮੀਰਾਂ ਨੂੰ ਝੰਜੋੜਨ ਲਈ ਕਾਫੀ ਨਹੀਂ ? ਕੀ ਹਜ਼ਾਰਾਂ ਨੌਜਵਾਨਾਂ ਦੀ ਮੌਤ ਸਾਨੂੰ ਕੁਝ ਵੀ ਹਾਂ ਪੱਖੀ ਸੋਚਣ ਤੇ ਵਿਚਾਰਨ ਲਈ ਨਹੀ ਪਰੇਰਦੀ ? ਮਨੁਖੀ ਅਧਿਕਾਰਾਂ ਦੇ ਸਿਧਾਂਤ ਇਸ ਗੱਲ ਦੀ ਮੰਗ ਕਰਦੇ ਹਨ ਕਿ ਇਹਨਾਂ ਪਰਿਵਾਰਾਂ ਦੀ ਬਾਤ ਪੁਛੀ ਜਾਏ, ਉਹਨਾਂ ਦੇ ਦੁਖ ਨੂੰ ਵੰਡਾਇਆ ਅਤੇ ਸਮਝਿਆ ਜਾਵੇ । ਉਜੜੇ ਪਰਿਵਾਰਾਂ ਦਾ ਮੁੜ ਵਸੇਬਾ ਆਪਣੇ ਆਪ ਵਿਚ ਇਕ ਅਜਿਹਾ ਵਡਾ ਪ੍ਰਾਜਕੈਟ ਹੈ ਜਿਸ ਨੂੰ ਸ਼ੁਰੂ ਕਰਨ ਲਈ ਜਿਥੇ ਸਾਧਨਾਂ ਦੀ ਕਮੀ ਹੈ ,ਉਥੇ ਨਾਲ ਹੀ ਅਜਿਹੇ ਇਨਸਾਨਾਂ ਦੀ ਵੀ ਕਮੀ ਹੈ ਜੋ ਦ੍ਰਿੜ੍ਹ ਇਰਾਦੇ ਦੇ ਮਾਲਕ ਹੋਣ, ਤਿਆਗੀ ਤੇ ਇਮਾਨਦਾਰ ਹੋਣ ਅਤੇ ਨਾਲ ਹੀ ਕਿਸੇ ਰਾਜਸੀ ਲਾਲਚ, ਸ਼ੁਹਰਤ ਪਦਵੀ ਜਾਂ ਫੋਕੀ ਬੱਲੇ ਬੱਲੇ ਤੋਂ ਪੂਰੀ ਤਰ੍ਹਾਂ ਮੁਕਤ ਹੋਣ। ਇਹ ਸਾਡਾ ਇਤਿਹਾਸ ਹੈ, ਜੇ ਅਸੀਂ ਇਸ ਨੂੰ ਸਾਂਭ ਨਹੀਂ ਸਕਾਂਗੇ ਤਾਂ ਭਵਿਖ ਵਿਚ ਸਾਨੂੰ ਹੋਰ ਹਾਰਾਂ ਤੇ ਮਾਯੂਸੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।*

*ਇਸ ਤੋਂ ਅਗੇ ਦਲਜੀਤ ਦੀ ਗੱਲ ਹੈ ਅਤੇ ਸਾਡੀ ਬੇਨਤੀ ਹੈ ਕਿ ਉਸ ਦੀ ਕਿਸੇ ਵੀ ਟਿਪਣੀ ਨੂੰ ਉਸਦੇ ਪ੍ਰਸੰਗ ਨਾਲੋਂ ਤੋੜਨ ਦਾ ਯਤਨ ਨਾ ਕੀਤਾ ਜਾਏ। ਸਮੁਚੀ ਦਸਤਾਵੇਜ਼ ਵਲ ਇਕ ਸਾਰਥਕ ਤੇ ਉਸਾਰੂ ਬਹਿਸ ਲਈ ਅਸੀਂ ਸਭਨਾ ਵੀਰਾਂ ਨੂੰ ਸੱਦਾ ਦਿੰਦੇ ਹਾਂ। ਹਮਾਇਤੀਆਂ ਨੂੰ ਵੀ ਤੇ ਕੱਟੜ ਵਿਰੋਧੀਆਂ ਨੂੰ ਵੀ। ਆਓ ਇਸ ਗੱਲ ਲਈ ਸਾਰੇ ਸਹਿਮਤ ਹੋਈਏ ਕਿ ਗੁਰਬਾਣੀ ਮੁਤਾਬਕ **ਗਗਨਪੁਰੀ ਦ੍ਰਿਸ਼ਟੀ** ਨਾਲ ਸਾਰੀ ਬਹਿਸ ਨੂੰ ਇਕ ਮਿਆਰ ਵੀ ਹਾਸਲ ਹੋਵੇਗਾ ਤੇ ਇਕ ਦਿਸ਼ਾ ਵੀ ਮਿਲੇਗੀ।*

*ਜਸਪਾਲ ਸਿੰਘ ਢਿਲੋਂ*
*ਚੈਅਰਮੈਨ*
*ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ*
*ਮਕਾਨ ਨੰਬਰ 1087, ਸੈਕਟਰ 39 ਬੀ , ਚੰਡੀਗੜ੍ਹ –160 040 ਇੰਡੀਆ*
*ਫੋਨ: ਰਿਹਾਇਸ਼ : 0172/672998 ਦਫਤਰ : 0172/697231*

ਸਿੱਖ ਕੌਮ ਦਾ ਖਾਲਿਸਤਾਨ ਲਈ ਖਾੜਕੂ ਸੰਘਰਸ਼ ਬੀਤੇ ਸਮੇਂ ਦੌਰਾਨ ਕਈ ਅਹਿਮ ਉਤਰਾਵਾਂ-ਚੜ੍ਹਾਵਾਂ ਤੇ ਮੋੜਾਂ-ਘੋੜਾਂ ਵਿਚੋਂ ਲੰਘਿਆ ਹੈ। ਇਸ ਸੰਘਰਸ਼ ਨੇ ਬੁਲੰਦੀਆਂ ਵੀ ਛੋਹੀਆਂ ਹਨ ਅਤੇ ਨਿਵਾਣਾਂ ਵੀ ਦੇਖੀਆਂ ਹਨ। ਅਜਿਹੇ ਕਾਰਨਾਮੇ ਵੀ ਸਰ-ਅੰਜਾਮ ਹੋਏ ਹਨ ਜਿਨ੍ਹਾਂ ਨਾਲ ਸਿੱਖ ਕੌਮ ਦੇ ਜੁਝਾਰੂ ਵਿਰਸੇ ਦੇ ਰੌਸ਼ਨ ਪਹਿਲੂ ਹੋਰ ਲਿਸ਼ਕੇ ਹਨ ਅਤੇ ਅਜਿਹੇ ਅਮਲ ਵੀ ਵਾਪਰੇ ਹਨ ਜਿਨ੍ਹਾਂ ਨੇ ਕੌਮ ਦੇ ਗੌਰਵਮਈ ਇਤਿਹਾਸ ਤੇ ਵਿਰਸੇ ਨੂੰ ਨੁਕਸਾਨ ਪੁਚਾਇਆ ਹੈ। ਬਹੁਤ ਕੁਝ ਅਜਿਹਾ ਵਾਪਰਿਆ ਹੈ ਜਿਸ 'ਤੇ ਕੌਮ ਫ਼ਖ਼ਰ ਤੇ ਮਾਣ ਕਰ ਸਕਦੀ ਹੈ। ਪਰ ਨਾਲ ਹੀ ਬਹੁਤ ਕੁਝ ਅਜਿਹਾ ਵੀ ਵਾਪਰਿਆ ਹੈ ਜਿਸ ਨਾਲ ਸਿੱਖ ਕੌਮ ਦੇ ਨਾਂ ਤੇ ਵੱਕਾਰ ਨੂੰ ਤਕੜੀ ਢਾਹ ਲਗੀ ਹੈ।

ਇਸ ਮੌਕੇ ਪੰਥ ਅੰਦਰ ਖਾੜਕੂ ਸੰਘਰਸ਼ ਬਾਰੇ ਕਈ ਕਿਸਮ ਦੇ ਵਿਚਾਰ ਚਲ ਰਹੇ ਹਨ। ਖਾੜਕੂ ਸੰਘਰਸ਼ ਦੇ ਚੰਗੇ ਤੇ ਮਾੜੇ ਪਖਾਂ ਬਾਰੇ ਅਡ ਅਡ ਪਧਰਾਂ 'ਤੇ ਵਿਚਾਰ ਚਰਚਾ ਹੈ। ਜਿਹੜੀਆਂ ਗੱਲਾ ਪਹਿਲਾਂ ਦਬਵੀਂ ਆਵਾਜ਼ ਵਿਚ ਹੁੰਦੀਆਂ ਸਨ, ਹੁਣ ਉਹ ਉਚੀ ਸੁਰ ਵਿਚ ਹੋਣ ਲਗੀਆਂ ਹਨ। ਆਮ ਰੁਝਾਨ ਖਾੜਕੂ ਲਹਿਰ ਨੂੰ ਇਕ-ਵਾਢਿਉਂ ਭੰਡਣ ਤੇ ਨਿੰਦਣ ਦਾ ਹੈ। ਅਸੀਂ ਸਿੱਖ ਕੌਮ ਦੇ ਦੋਖੀਆਂ ਦੀ ਗੱਲ ਨਹੀਂ ਕਰਦੇ। ਉਹਨਾਂ ਨੇ ਤਾਂ ਹਰ ਹੀਲੇ ਖਾਲਸਾ ਪੰਥ ਦੀ ਬਦਖੋਈ ਕਰਨੀ ਹੈ। ਖਾੜਕੂ ਲਹਿਰ ਦੀਆਂ ਕੁਝ ਘਾਟਾਂ ਤੇ ਗਲਤੀਆਂ ਨੇ ਇਨ੍ਹਾਂ ਲੋਕਾਂ ਦੀ ਪੰਥ-ਦੁਸ਼ਮਣ ਸੋਚ ਨੂੰ ਹੋਰ ਪਾਣ ਚਾੜ੍ਹ ਦਿਤੀ ਹੈ ਅਤੇ ਉਹਨਾਂ ਨੂੰ ਸਿੱਖ ਕੌਮ ਵਿਰੁੱਧ ਜ਼ਹਿਰ ਉਗਲਣ ਦਾ ਸੁਨਹਿਰੀ ਮੌਕਾ ਮਿਲ ਗਿਆ ਹੈ। ਖੈਰ, ਸਿੱਖ ਵਿਰੋਧੀ ਤੁਅੱਸਬਾਂ ਨਾਲ ਡੰਗੀਆਂ ਇਹ ਕਲਮਾਂ ਤੇ ਜੀਭਾਂ ਆਪਣੀ ਫਿਤਰਤ ਅਨੁਸਾਰ ਹੀ ਆਹਰੇ ਲਗੀਆਂ ਹੋਈਆਂ ਹਨ। ਉਹਨਾਂ ਦੇ 'ਸ਼ੋਰ ਗੁਲ' ਨਾਲ ਸਾਨੂੰ ਕੋਈ ਬਹੁਤਾ ਸਰੋਕਾਰ ਨਹੀਂ। ਸਾਡਾ ਸਰੋਕਾਰ ਸਾਡੇ ਆਪਣੇ ਲੋਕਾਂ, ਸਾਡੀ ਆਪਣੀ ਕੌਮ ਨਾਲ ਹੈ। ਸਿੱਖ ਪੰਥ ਅੰਦਰ ਖਾੜਕੂ ਲਹਿਰ ਬਾਰੇ ਕਿਹੋ ਜਿਹੇ ਵਿਚਾਰ ਪ੍ਰਵਾਹ ਚਲ ਰਹੇ ਹਨ, ਇਹ ਸਾਡੇ ਲਈ ਡੂੰਘੀ ਗੌਰ ਫਿਕਰ ਦਾ ਮਸਲਾ ਹੈ। ਭਾਵੇਂ ਰੂਪੋਸ਼ ਜੀਵਨ ਅਤੇ ਕੈਦਖਾਨਿਆਂ ਦੀਆਂ ਕਠਿਨਾਈਆਂ ਤੇ ਮਜਬੂਰੀਆਂ ਕਾਰਨ ਸਾਡੇ ਲਈ ਲੋਕਾਂ ਦੇ ਵਿਚਾਰਾਂ ਨੂੰ ਭਰਵੇਂ ਰੂਪ 'ਚ ਸੁਣ ਜਾਂ ਜਾਣ ਸਕਣਾ ਮੁਸ਼ਕਿਲ ਬਣਿਆ ਹੋਇਆ ਹੈ, ਪਰ ਫਿਰ ਵੀ ਅਸੀਂ ਆਪਣੇ ਹਰ ਸੋਮੇਂ ਤੇ ਸਾਧਨ ਰਾਹੀਂ ਸਿੱਖ ਮਨ ਦੀ ਪੀੜ ਤੇ ਆਵਾਜ਼ ਨੂੰ ਜਾਣਨ ਅਤੇ ਸਮਝਣ ਦੀਆਂ ਕੋਸ਼ਿਸ਼ਾਂ ਵਿਚ ਲਗੇ ਹੋਏ ਹਾਂ। ਪਿਛਲੇ ਸਮੇਂ ਦੌਰਾਨ ਸਾਰੀ ਸਿੱਖ ਕੌਮ ਇਕ ਵਡੇ ਤੂਫ਼ਾਨੀ ਅਮਲ ਵਿਚੋਂ ਲੰਘੀ ਹੈ। ਅਸੀਂ ਖ਼ੁਦ ਇਸ ਤੂਫ਼ਾਨੀ ਅਮਲ ਦਾ ਇਕ ਇਕ ਪਲ ਆਪਣੇ ਜਿਸਮਾਂ ਅਤੇ ਮਨਾਂ ਉਤੇ ਹੰਢਾਇਆ ਹੈ। ਅਸੀਂ ਤਲਵਾਰਾਂ ਦੀਆਂ ਨੋਕਾਂ ਦਾ ਇਕ ਲੰਮਾ ਸਫ਼ਰ ਤੈਅ ਕੀਤਾ ਹੈ। ਪਿਛਲੇ ਕੁਝ ਵਰ੍ਹਿਆਂ ਦਾ ਇਕ ਇਕ ਦਿਨ ਸਾਡੇ ਮਨਾਂ ਉਤੇ ਯਾਦਾਂ ਦੇ ਭਾਰੀ ਬੋਝ ਛਡ ਗਿਆ ਹੈ। ਸਾਡੇ ਕਿੰਨੇ ਹੀ ਮਿੱਤਰ ਪਿਆਰੇ ਕੌਮ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਨਿਛਾਵਰ ਕਰ ਗਏ ਹਨ। ਪਤਾ ਨਹੀਂ ਕਿੰਨੇ ਸਿੱਖ ਪਰਿਵਾਰਾਂ ਨੂੰ ਹਕੂਮਤੀ ਜਬਰ ਦੀ ਤਪਸ਼ ਸਹਿਣੀ ਪਈ ਹੈ। ਸਾਡੀਆਂ ਅਣਗਿਣਤ ਮਾਵਾਂ ਤੇ ਭੈਣਾਂ ਨੂੰ ਪੁਲਸੀ ਦਰਿੰਦਿਆਂ ਹੱਥੋਂ ਬੇਇਜ਼ਤ ਤੇ ਜਿਬਾਹ ਹੋਣ ਪਿਆ ਹੈ। ਹਜ਼ਾਰਾਂ ਹੀ ਬਜ਼ੁਰਗਾਂ ਨੂੰ ਪੁਲਸੀ ਦਰਿੰਦਗੀ ਦਾ ਸ਼ਿਕਾਰ ਹੋਣਾ ਪਿਆ ਹੈ। ਪੰਜਾਬ ਅੰਦਰ ਚਪੇ-ਚਪੇ 'ਤੇ ਖੋਲ੍ਹੇ ਤਸੀਹਾ ਕੇਂਦਰਾਂ ਦੇ ਹਨੇਰੇ ਕਮਰਿਆਂ ਅੰਦਰ ਪਤਾ ਨਹੀਂ ਕਿੰਨੀਆਂ ਜੁਆਨੀਆਂ ਪਿੰਜੀਆਂ ਗਈਆਂ ਹਨ। ਮੁਕਦੀ ਗੱਲ ਖਾਲਸਾ ਪੰਥ ਉਤੇ ਅਠਾਰ੍ਹਵੀਂ ਸਦੀ ਦੇ ਜ਼ੁਲਮਾਂ ਦਾ ਆਰਾ ਪਹਿਲਾਂ ਨਾਲੋਂ ਵੀ ਵਧ ਵਹਿਸ਼ੀ ਰੂਪ ਵਿਚ ਚਲਿਆ ਹੈ। ਸੋ ਜਦ ਅਸੀਂ ਅੱਜ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨਾਲ ਸੰਬੰਧਤ ਸੁਆਲਾਂ ਨੂੰ ਸੰਬੋਧਤ ਹੋ ਰਹੇ ਹਾਂ ਤਾਂ ਪਿਛਲੇ ਡੇਢ ਦਹਾਕੇ ਦਾ ਖ਼ੂਨ ਨਾਲ ਲਥ ਪਥ ਹੋਇਆ ਇਤਿਹਾਸ ਨਾ ਸਾਡੀਆਂ ਅੱਖਾਂ ਤੋਂ ਪਾਸੇ ਹੋ ਰਿਹਾ ਹੈ ਤੇ ਨਾ ਸਾਡੇ ਮਨ-ਮਸਤਕ ਤੋਂ ਦੂਰ ਹੋ ਰਿਹਾ ਹੈ। ਇਹ ਇਤਿਹਾਸ ਸਾਨੂੰ ਵਾਰ ਵਾਰ ਸਾਡੇ ਕਾਰਜਾਂ, ਫਰਜ਼ਾਂ ਤੇ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਵਾ ਰਿਹਾ ਹੈ।

## ਖਾੜਕੂ ਲਹਿਰ ਦੀਆਂ ਘਾਟਾਂ ਤੇ ਕਮਜ਼ੋਰੀਆਂ ਬਾਰੇ

ਹੁਣ ਤਕ ਦੇ ਅਮਲ ਉਤੇ ਪੜਚੋਲਵੀਂ ਝਾਤ ਮਾਰਿਆਂ ਖਾੜਕੂ ਸੰਘਰਸ਼ ਵਿਚਲੀਆਂ ਕਿੰਨੀਆਂ ਹੀ ਘਾਟਾਂ, ਕਮਜ਼ੋਰੀਆਂ, ਊਣਤਾਈਆਂ ਤੇ ਗਲਤੀਆਂ ਪਰਤਖ ਦਿਖਾਈ ਦਿੰਦੀਆਂ ਹਨ। ਇਹਨਾਂ 'ਚੋਂ ਕੁਝ ਗਲਤੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਵੇਲੇ ਸਿਰ ਸੁਚੇਤ ਹੋ ਕੇ ਬਚਿਆ ਜਾ ਸਕਦਾ ਸੀ ਪਰ ਖਾੜਕੂ ਲੀਡਰਸ਼ਿਪ ਦੀ ਸਿਧਾਂਤਕ ਕਮਜ਼ੋਰੀ ਤੇ ਸਿਆਸੀ ਅਨਾੜੀਪੁਣੇ ਕਾਰਨ ਇਨ੍ਹਾਂ ਗਲਤੀਆਂ ਪ੍ਰਤੀ ਵੇਲੇ ਸਿਰ ਜਾਗਰੂਕ ਨਾ ਹੋਇਆ ਜਾ ਸਕਿਆ। ਸਿਟੇ ਵਜੋਂ ਇਹਨਾਂ ਗਲਤੀਆਂ ਕਾਰਨ ਸੰਘਰਸ਼ ਨੂੰ ਭਾਰੀ ਨੁਕਸਾਨ ਉਠਾਉਣਾ ਪਿਆ। ਕੁਝ ਘਾਟਾਂ ਜਾਂ ਗਲਤੀਆਂ ਅਜਿਹੀਆਂ ਹਨ ਜਿਨ੍ਹਾਂ ਲਈ ਨਿਰਾਪੁਰਾ ਖਾੜਕੂ ਲਹਿਰ ਜਾਂ ਇਸਦੀ ਲੀਡਰਸ਼ਿਪ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ

**ਸੋ ਜਦ ਅਸੀਂ ਅਜ ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨਾਲ ਸੰਬੰਧਤ ਸੁਆਲਾਂ ਨੂੰ ਸੰਬੋਧਤ ਹੋ ਰਹੇ ਹਾਂ ਤਾਂ ਪਿਛਲੇ ਡੇਢ ਦਹਾਕੇ ਦਾ ਖ਼ੂਨ ਨਾਲ ਲਥ ਪਥ ਹੋਇਆ ਇਤਿਹਾਸ ਨਾ ਸਾਡੀਆਂ ਅਖਾਂ ਤੋਂ ਪਾਸੇ ਹੋ ਰਿਹਾ ਹੈ ਤੇ ਨਾ ਸਾਡੇ ਮਨ-ਮਸਤਕ ਤੋਂ ਦੂਰ ਹੋ ਰਿਹਾ ਹੈ। ਇਹ ਇਤਿਹਾਸ ਸਾਨੂੰ ਵਾਰ ਵਾਰ ਸਾਡੇ ਕਾਰਜਾਂ, ਫਰਜ਼ਾਂ ਤੇ ਜ਼ੁੰਮੇਵਾਰੀਆਂ ਦਾ ਅਹਿਸਾਸ ਕਰਵਾ ਰਿਹਾ ਹੈ।**

ਸਕਦਾ। ਇਹਨਾਂ ਕਮਜ਼ੋਰੀਆਂ ਤੇ ਗਲਤੀਆਂ ਦਾ ਸੰਬੰਧ ਸਿੱਖ ਕੌਮ ਦੀ ਆਮ ਹਾਲਤ ਨਾਲ ਜੁੜਦਾ ਹੈ। ਜਾਂ ਕੁਝ ਗੱਲਾਂ ਅਜਿਹੀਆਂ ਹਨ ਜਿਨ੍ਹਾਂ ਬਾਰੇ ਤਜ਼ਰਬੇ ਰਾਹੀਂ ਹੀ ਸਿਖਿਆ ਜਾ ਸਕਦਾ ਸੀ। ਇਹ ਗੱਲ ਹਰ ਲਹਿਰ ਉਤੇ ਲਾਗੂ ਹੁੰਦੀ ਹੈ। ਹਰ ਲਹਿਰ ਨੇ ਤਜ਼ਰਬੇ ਵਿਚੋਂ ਬਹੁਤ ਕੁਝ ਸਿਖਣਾ ਹੁੰਦਾ ਹੈ। ਜਿਹੜੀ ਲੀਡਰਸ਼ਿਪ ਤਜ਼ਰਬੇ ਵਿਚੋਂ ਸਿਖਿਆ ਹਾਸਲ ਕਰਨ 'ਚ ਅਸਮਰੱਥ ਹੋ ਜਾਵੇ, ਉਸਨੂੰ ਅਯੋਗ ਕਰਾਰ ਦਿਤਾ ਜਾਂਦਾ ਹੈ। ਇਹੀ ਲੀਡਰਸ਼ਿਪ ਸਮਾਜਕ ਤੇ ਸਿਆਸੀ ਘਟਨਾਵਾਂ ਦੇ ਵਹਿਣ ਤੋਂ ਪਿਛੇ ਰਹਿ ਜਾਂਦੀ ਹੈ ਅਤੇ ਅੰਤ ਨੂੰ ਇਤਿਹਾਸ ਦੇ ਕੂੜਾਦਾਨ ਦਾ ਸ਼ਿੰਗਾਰ ਹੋ ਨਿਬੜਦੀ ਹੈ।

ਸੋ ਜਦ ਅਸੀਂ ਖਾੜਕੂ ਸੰਘਰਸ਼ ਨੂੰ ਦਰਪੇਸ਼ ਕਾਰਜਾਂ ਤੇ ਚੁਣੌਤੀਆਂ ਦੀ ਗੱਲ ਕਰਦੇ ਹਾਂ ਤਾਂ ਖਾੜਕੂ ਲਹਿਰ ਦਾ ਡੇਢ ਦਹਾਕੇ ਦਾ ਅਮਲ ਸਾਡੇ ਸਾਹਮਣੇ ਪਿਆ ਹੈ। ਅਜ ਅਸੀਂ ਅਜਿਹਾ ਬਹੁਤ ਕੁਝ ਦੇਖ ਸਕਦੇ ਹਾਂ ਜੋ ਪਹਿਲਾਂ ਤਜ਼ਰਬੇ ਜਾਂ ਸਿਧਾਂਤਕ ਸੂਝ ਦੀ ਘਾਟ ਕਾਰਨ ਨਹੀਂ ਸਾਂ ਦੇਖ ਸਕਦੇ। ਖਾੜਕੂ ਸੰਘਰਸ਼ ਦੇ ਤਕੜੇ ਤੇ ਮਾੜੇ ਦੋਨੋਂ ਪਖ ਸਾਡੇ ਸਾਹਮਣੇ ਹਨ। ਈਮਾਨਦਾਰ ਤੇ ਕਾਬਲ ਲੀਡਰਸ਼ਿਪ ਸਿਰ ਇਹ ਫਰਜ਼ ਆਇਦ ਹੁੰਦਾ ਹੈ ਕਿ ਉਹ ਲਹਿਰ ਦੇ ਚੰਗੇ ਤੇ ਮਾੜੇ, ਦੋਨੋਂ ਹੀ ਪਖਾਂ ਕੋਲੋਂ ਲੜੀਂਦੀ ਸਿਖਿਆ ਹਾਸਲ ਕਰੇ। ਲਹਿਰ ਅੰਦਰ ਜੋ ਵੀ ਘਾਟਾਂ ਤੇ ਕਮਜ਼ੋਰੀਆਂ ਨਜ਼ਰ ਪਈਆਂ ਹਨ (ਜਾਂ ਪੈ ਰਹੀਆਂ ਹਨ) ਉਹਨਾਂ ਨੂੰ ਖੁਲ੍ਹੇ ਮਨ ਨਾਲ ਕਬੂਲ ਕੀਤਾ ਜਾਵੇ ਅਤੇ ਭਵਿਖ ਵਿਚ ਲਹਿਰ ਨੂੰ ਇਹਨਾਂ ਕਮਜ਼ੋਰੀਆਂ ਤੋਂ ਮੁਕਤ ਕਰਨ ਲਈ ਯਥਾ ਸੰਭਵ ਉਪਰਾਲੇ ਕੀਤੇ ਜਾਣ। ਜਿਹੜੀ ਲਹਿਰ ਆਪਣੀਆਂ ਪਿਛਲੀਆਂ ਗਲਤੀਆਂ ਨੂੰ ਕਬੂਲ ਨਹੀਂ ਕਰਦੀ ਉਹ ਭਵਿਖ ਵਿਚ ਹੋਰ ਵੀ ਬੱਜਰ ਗਲਤੀਆਂ ਕਰਨ ਲਈ ਸਰਾਪੀ ਜਾਂਦੀ ਹੈ। ਸੋ ਅਸੀਂ ਇਹ ਸੁਹਿਰਦ ਪਹੁੰਚ ਤੇ ਭਾਵਨਾ ਅਧੀਨ ਖਾੜਕੂ ਸੰਘਰਸ਼ ਦੇ ਸਮੁਚੇ ਅਮਲ ਦਾ ਪੜਚੋਲੀਆ ਵਿਸ਼ਲੇਸ਼ਣ ਪੇਸ਼ ਕਰਨ ਜਾ ਰਹੇ ਹਾਂ ਤਾਂ ਜੋ ਬੀਤੇ ਦੀਆਂ ਘਾਟਾਂ, ਕਮਜ਼ੋਰੀਆਂ ਤੇ ਗਲਤੀਆਂ ਤੋਂ ਮੁਕਤ ਹੋ ਕੇ ਸਿੱਖ ਕੌਮ ਦੇ ਆਜ਼ਾਦੀ ਦੇ ਸੰਗਰਾਮ ਨੂੰ ਸੁਚੱਜੀ ਸੇਧ ਤੇ ਅਗਵਾਈ ਦਿਤੀ ਜਾ ਸਕੇ।

ਖਾੜਕੂ ਸੰਘਰਸ਼ ਦੀਆਂ ਊਣਤਾਈਆਂ ਤੇ ਗਲਤੀਆਂ ਦੇ ਵਿਸਥਾਰੀ ਨੁਕਤਿਆਂ ਉਤੇ ਵਿਚਾਰ ਕਰਨ ਤੋਂ ਪਹਿਲਾਂ ਅਜਿਹੀਆਂ ਬੁਨਿਆਦੀ ਘਾਟਾਂ ਤੇ ਕਮਜ਼ੋਰੀਆਂ ਦੀ ਨਿਸ਼ਾਨ ਦੇਹੀ ਕਰਨੀ ਜ਼ਰੂਰੀ ਹੈ ਜਿਹੜੀਆਂ ਲਹਿਰ ਦੇ ਪਤਨ ਦਾ ਬੁਨਿਆਦੀ ਕਾਰਨ ਹੋ ਨਿਬੜੀਆਂ ਹਨ ।

ਕਿਸੇ ਵੀ ਲਹਿਰ ਦੀ ਕਾਮਯਾਬੀ ਲਈ ਪੰਜ ਸ਼ਰਤਾਂ ਲਾਜ਼ਮੀ ਸਮਝੀਆਂ ਜਾਂਦੀਆਂ ਹਨ।

*ਨੰਬਰ ਇਕ : ਲਹਿਰ ਦਾ ਪਖ ਨਿਆਈਂ ਹੋਵੇ ।*

*ਨੰਬਰ ਦੋ : ਲਹਿਰ ਦਾ ਨਿਸ਼ਾਨਾ ਤੇ ਪ੍ਰੋਗਰਾਮ ਦਰੁਸਤ ਹੋਵੇ।*

*ਨੰਬਰ ਤਿੰਨ : ਲਹਿਰ ਨੂੰ ਪੈਰ ਪੈਰ ਤੇ ਦਰੁਸਤ ਅਗਵਾਈ ਦੇਣ ਵਾਲੀ ਭਰੋਸੇਯੋਗ ਤੇ ਕਾਬਲ ਲੀਡਰਸ਼ਿਪ ਹੋਵੇ।*

*ਨੰਬਰ ਚਾਰ : ਲਹਿਰ ਦੇ ਪ੍ਰੋਗਰਾਮ ਤੇ ਨਾਅਰਿਆਂ ਨੂੰ ਲਾਗੂ ਕਰਨ ਵਾਲੀ ਮਜ਼ਬੂਤ ਜਥੇਬੰਦੀ ਹੋਵੇ।*

*ਨੰਬਰ ਪੰਜ : ਲਹਿਰ ਨੂੰ ਸੰਬੰਧਤ ਲੋਕਾਂ ਦੀ ਵਿਸ਼ਾਲ ਹਮਾਇਤ ਹਾਸਲ ਹੋਵੇ।*

ਇਹਨਾਂ ਗੱਲਾਂ ਨੂੰ ਲਹਿਰ ਉਤੇ ਢੁਕਾ ਕੇ ਦੇਖਿਆ ਜਾਵੇ ਤਾਂ ਖਾੜਕੂ ਲਹਿਰ ਦੀਆਂ ਘਾਟਾਂ ਤੇ ਕਮਜ਼ੋਰੀਆਂ ਦਾ ਰਹੱਸ ਪਰਤਖ ਹੋ ਜਾਂਦਾ ਹੈ ।

ਗੁਰੂ ਸਾਹਿਬਾਨ ਨੇ ਖਾਲਸਾ ਪੰਥ ਨੂੰ ਨਿਰਾਲਾ ਚਰਿਤਰ ਤੇ ਨਿਆਰੀ ਹਸਤੀ ਪਰਦਾਨ ਕੀਤੀ ਹੈ। ਇਨਸਾਨੀ ਮੜਕ (human dignity) ਰੂਹਾਨੀ ਸੁੰਦਰਤਾ, ਮਨੁਖੀ ਭਾਈਚਾਰਾ, ਸਮਾਜਕ ਬਰਾਬਰੀ, ਇਨਸਾਫ਼ ਤੇ ਸੁਤੰਤਰਤਾ ਸਿੱਖੀ ਕਿਰਦਾਰ ਦੇ ਸਹਿਜ-ਗੁਣ (Ethos) ਹਨ। ਮਨੁਖੀ ਕਦਰਾਂ-ਕੀਮਤਾਂ ਦਾ ਸਨਮਾਨ ਤੇ ਇਨ੍ਹਾਂ ਦੀ ਰਾਖੀ ਲਈ ਆਪਾ-ਵਾਰਨ ਦੀ ਜੰਗਜੂ ਸਪਿਰਟ, ਖਾਲਸਈ ਚਰਿਤਰ ਦਾ ਉਭਰਵਾਂ ਤੇ ਅਨਿਖੜਵਾਂ ਲਛਣ ਹੈ। ਦੁਨਿਆਵੀ ਸ਼ਹਿਨਸ਼ਾਹੀਆਂ ਦੀ ਦਬਸ਼ ਤੇ ਅਧੀਨਗੀ ਉਸਨੂੰ ਕਦਾਚਿਤ ਕਬੂਲ ਨਹੀਂ। ਇਨਸਾਨੀ ਬਰਾਬਰੀ, ਭਾਈਚਾਰੇ ਤੇ ਆਜ਼ਾਦੀ ਦੀਆਂ ਦੁਸ਼ਮਣ ਤਾਕਤਾਂ ਨਾਲ ਉਸਦਾ ਸਦੀਵੀ ਵਿਰੋਧ ਹੈ। ਸ਼ਹਿਨਸ਼ਾਹੀ ਦਾ ਧਰਮ, ਨਸਲ ਤੇ ਜਾਤ ਭਾਵੇਂ ਕੋਈ ਵੀ ਹੋਵੇ, ਜੇ ਉਹ ਮਨੁਖੀ ਕਦਰਾਂ-ਕੀਮਤਾਂ ਦੀ ਤੌਹੀਨ ਕਰਨ ਦੇ ਰਾਹ ਪੈਂਦੀ ਹੈ ਤਾਂ ਖਾਲਸਾ ਪੰਥ ਦਾ ਉਸ ਨਾਲ ਟਕਰਾਉ ਅਟੱਲ ਹੈ। ਮਧ ਯੁਗ ਅੰਦਰ ਮਨੁਖੀ ਤਹਿਜ਼ੀਬ ਤੋਂ ਨਾਬਰ ਹੋ ਤੁਰੀ ਮੁਗਲਸ਼ਾਹੀ ਵਿਰੁਧ ਹਕ-ਸਚ ਦੇ ਸੰਗਰਾਮ ਦਾ ਖੰਡਾ ਖੜਕਾਉਣ ਦੀ ਪਹਿਲ ਖਾਲਸਾ ਪੰਥ ਨੇ ਹੀ ਕੀਤੀ ਸੀ। ਫਿਰ ਅੰਗਰੇਜ਼ ਸ਼ਾਹੀ ਦੇ ਗਰੂਰ ਨੂੰ ਨਿਵਾਉਣ ਤੇ ਚਕਨਾਚੂਰ ਕਰਨ ਵਿਚ ਵੀ ਸਿੱਖ ਕੌਮ ਨੇ ਹੀ ਕੇਂਦਰੀ ਭੂਮਿਕਾ ਨਿਭਾਈ। ਗਦਰ ਦੀ ਤਹਿਰੀਕ ਹੋਵੇ ਜਾਂ ਬੱਬਰ ਅਕਾਲੀ ਲਹਿਰ, 'ਪਗੜੀ ਸੰਭਾਲ ਜੱਟਾ'ਦੀ ਯੁਧ ਲਲਕਾਰ ਹੋਵੇ ਜਾਂ ਗੁਰਦਵਾਰਿਆਂ ਨੂੰ ਭਰਸ਼ਟਾਚਾਰੀ ਮਹੰਤਾਂ

**ਖਾੜਕੂ ਸੰਘਰਸ਼ ਦੇ ਤਕੜੇ ਤੇ ਮਾੜੇ ਦੋਨੋਂ ਪਖ ਸਾਡੇ ਸਾਹਮਣੇ ਹਨ। ਈਮਨਾਦਾਰ ਤੇ ਕਾਬਲ ਲੀਡਰਸ਼ਿਪ ਸਿਰ ਇਹ ਫਰਜ਼ ਆਇਦ ਹੁੰਦਾ ਹੈ ਕਿ ਉਹ ਲਹਿਰ ਦੇ ਚੰਗੇ ਤੇ ਮਾੜੇ, ਦੋਨੋਂ ਹੀ ਪਖਾਂ ਕੋਲੋਂ ਲੁੜੀਂਦੀ ਸਿਖਿਆ ਹਾਸਲ ਕਰੇ । ਲਹਿਰ ਅੰਦਰ ਜੋ ਵੀ ਘਾਟਾਂ ਤੇ ਕਮਜ਼ੋਰੀਆਂ ਨਜ਼ਰ ਪਈਆਂ ਹਨ (ਜਾਂ ਪੈ ਰਹੀਆਂ ਹਨ) ਉਹਨਾਂ ਨੂੰ ਖੁਲ੍ਹੇ ਮਨ ਨਾਲ ਕਬੂਲ ਕੀਤਾ ਜਾਵੇ ਅਤੇ ਭਵਿਖ ਵਿਚ ਲਹਿਰ ਨੂੰ ਇਹਨਾਂ ਕਮਜ਼ੋਰੀਆਂ ਤੋਂ ਮੁਕਤ ਕਰਨ ਲਈ ਯਥਾ ਸੰਭਵ ਉਪਰਾਲੇ ਕੀਤੇ ਜਾਣ। ਜਿਹੜੀ ਲਹਿਰ ਆਪਣੀਆਂ ਪਿਛਲੀਆਂ ਗਲਤੀਆਂ ਨੂੰ ਕਬੂਲ ਨਹੀਂ ਕਰਦੀ ਉਹ ਭਵਿਖ ਵਿਚ ਹੋਰ ਵੀ ਬੱਜਰ ਗਲਤੀਆਂ ਕਰਨ ਲਈ ਸਰਾਪੀ ਜਾਂਦੀ ਹੈ। ਸੋ ਅਸੀਂ ਇਹ ਸੁਹਿਰਦ ਪਹੁੰਚ ਤੇ ਭਾਵਨਾ ਅਧੀਨ ਖਾੜਕੂ ਸੰਘਰਸ਼ ਦੇ ਸਮੁਚੇ ਅਮਲ ਦਾ ਪੜਚੋਲੀਆ ਵਿਸ਼ਲੇਸ਼ਣ ਪੇਸ਼ ਕਰਨ ਜਾ ਰਹੇ ਹਾਂ ਤਾਂ ਜੋ ਬੀਤੇ ਦੀਆਂ ਘਾਟਾਂ, ਕਮਜ਼ੋਰੀਆਂ ਤੇ ਗਲਤੀਆਂ ਤੋਂ ਮੁਕਤ ਹੋ ਕੇ ਸਿੱਖ ਕੌਮ ਦੇ ਆਜ਼ਾਦੀ ਦੇ ਸੰਗਰਾਮ ਨੂੰ ਸੁਚੱਜੀ ਸੇਧ ਤੇ ਅਗਵਾਈ ਦਿਤੀ ਜਾ ਸਕੇ।**

ਦੇ ਚੁੰਗਲ 'ਚੋਂ ਆਜ਼ਾਦ ਕਰਾਉਣ ਦੇ ਯਾਦਗਾਰੀ ਅਕਾਲੀ ਮੋਰਚੇ, ਸੰਗਰਾਮ ਦੇ ਹਰ ਖੇਤਰ ਅੰਦਰ ਸਿੱਖ ਪੰਥ ਪੂਰੀ ਸ਼ਾਨ ਤੇ ਜਾਹੋ-ਜਲਾਲ ਨਾਲ ਲੜਿਆ।

ਆਜ਼ਾਦੀ ਤੋਂ ਬਾਅਦ ਜਦ ਭਾਰਤ ਦਾ ਰਾਜ-ਭਾਗ ਇਥੋਂ ਦੇ ਬ੍ਰਾਹਮਣਵਾਦੀ ਵਰਗ ਦੇ ਹਥ ਆ ਗਿਆ ਤਾਂ ਸਿੱਖ ਕੌਮ ਲਈ ਆਜ਼ਾਦੀ ਦਾ ਮਸਲਾ ਵਿਲੱਖਣ ਅੰਦਾਜ਼ ਅਖਤਿਆਰ ਕਰ ਗਿਆ। ਇਤਿਹਾਸ 'ਚ ਪਹਿਲੀ ਵਾਰ ਉਸਦਾ ਵਾਹ ਅਜਿਹੀ ਰਾਜ-ਸੱਤਾ ਨਾਲ ਪੈ ਗਿਆ ਜਿਸ ਨਾਲ ਉਸਦੀ ਸਾਂਝ ਤੇ ਦੁਸ਼ਮਣੀ ਦੀ ਤਰਕ-ਵਿਦਿਆ (dialectics) ਕਈ ਪਖਾਂ ਤੋਂ ਅਸਾਧਾਰਨ ਤੇ ਗੁੰਝਲਦਾਰ ਹੈ। ਸਿਧਾਂਤਕ ਪਖ ਤੋਂ, ਗੁਰਮਤਿ ਅਤੇ ਬ੍ਰਾਹਮਣਵਾਦ ਵਿਚਾਕਰ ਕੋਈ ਸੁਰ-ਸੰਗਮ ਨਹੀਂ। ਇਹ ਇਕ ਦੂਜੇ ਨਾਲ ਟਕਰਾਉਂਦੀਆਂ ਵਿਚਾਰਧਾਰਾਵਾਂ ਹਨ। ਗੁਰਮਤਿ ਦਾ ਬ੍ਰਾਹਮਣਵਾਦ ਨਾਲੋਂ ਸਿਧਾਂਤਕ ਵਖਰੇਵਾਂ ਤੇ ਵਿਰੋਧ ਸ੍ਰੀ ਗੁਰੂ ਗਰੰਥ ਸਾਹਿਬ ਅੰਦਰ ਪਰਤਖ ਰੂਪ 'ਚ ਵਿਦਮਾਨ ਹੈ। ਸਿੱਖ ਪੰਥ ਦੇ ਕੁਝ ਹਿਸੇ ਭਾਵੇਂ ਬ੍ਰਾਹਮਣਵਾਦ ਨਾਲੋਂ ਇਸ ਸਿਧਾਂਤਕ ਵਖਰੇਵੇਂ ਤੇ ਵਿਚਾਰਧਾਰਕ ਟਕਰਾਉ ਦੀ ਹਕੀਕਤ ਤੇ ਅਹਿਮੀਅਤ ਬਾਰੇ ਪੂਰੇ ਚੇਤੰਨ ਨਾ ਹੋਣ, ਪਰੰਤੂ ਭਾਰਤ ਦੇ ਬ੍ਰਾਹਮਣਵਾਦੀ ਵਰਗ ਨੇ ਖਾਲਸਾ ਪੰਥ ਨਾਲ ਆਪਣੇ ਲੁਪਤ ਵਿਰੋਧਾਂ ਤੇ ਦੁਸ਼ਮਣੀ ਨੂੰ ਇਕ ਪਲ ਲਈ ਵੀ ਮਨੋਂ ਨਹੀਂ ਭੁਲਾਇਆ। ਸਿੱਖੀ 'ਚੋਂ ਉਸਨੂੰ ਹਮੇਸ਼ਾ ਹੀ ਕੋਈ ਅਨਜਾਣਾ 'ਖਤਰਾ' ਤੇ 'ਭੈਅ' ਦਿਖਾਈ ਦਿਤਾ ਹੈ। ਇਸ ਕਰਕੇ ਉਸਨੇ, ਮਨ ਹੀ ਮਨ ਅੰਦਰ, ਸਿੱਖੀ ਪ੍ਰਤੀ ਹਮੇਸ਼ਾ ਹੀ ਕੜਵੀ ਮੈਲ ਅਤੇ ਖਾਰ ਪਾਲੀ ਹੈ। ਇਸ 'ਭੈਅ' ਤੋਂ ਮੁਕਤ ਹੋਣ ਲਈ ਉਸਨੇ ਵਾਰ ਵਾਰ ਕੁਟਲ ਚਾਲਾਂ ਤੇ ਕੂੜ ਸਾਜਸ਼ਾਂ ਦੀ ਓਟ ਲਈ ਹੈ। ਪਿਛਲੇ ਪੰਜ ਸੌ ਸਾਲਾਂ ਤੋਂ ਭਾਰਤ ਦੀਆਂ ਬ੍ਰਾਹਮਣਵਾਦੀ ਤਾਕਤਾਂ ਦਾ ਸਮੁਚਾ ਤਾਣ ਸਿੱਖ ਪੰਥ ਦੀ ਨਿਆਰੀ ਹਸਤੀ ਨੂੰ ਨਕਾਰਨ, ਇਸਦੀ ਸੁਤੰਤਰ ਹੋਂਦ ਨੂੰ ਮਲੀਆਮੇਟ ਕਰਨ ਤੇ ਲਗਾ ਹੋਇਆ ਹੈ।

ਬਰਤਾਨਵੀ ਰਾਜ ਮੌਕੇ, ਜਦ ਭਾਰਤ ਦੇ ਇਸ ਸ਼ਾਤਰ ਵਰਗ ਨੂੰ ਸਿੱਖ ਕੌਮ ਦੇ ਸਾਥ ਤੇ ਸਮਰੱਥਨ ਦੀ ਲੋੜ ਸੀ ਤਾਂ ਉਸਨੇ ਇਸਨੂੰ ਭਰਮਾਉਣ ਲਈ ਅਨੇਕਾਂ ਲੁਭਾਉਣੇ ਵਾਅਦੇ ਕੀਤੇ। ਉਸ ਵਕਤ ਉਸਨੇ ਸਿੱਖ ਕੌਮ ਪ੍ਰਤੀ ਆਪਣੀ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਵਾਂ ਨੂੰ ਮਨ ਹੀ ਮਨ ਅੰਦਰ ਦਬਾਈ ਰਖਿਆ ਪਰ 1947 ਵਿਚ ਜਿਉਂ ਹੀ ਰਾਜ-ਭਾਗ ਦੀ ਡੋਰ ਉਸ ਦੇ ਹਥ ਆ ਗਈ ਤਾਂ ਉਸਦੀ ਅਸਲੀ ਖਸਲਤ ਦਾ ਵੈਂਗਨੀ ਰੰਗ ਤੇਜ਼ੀ ਨਾਲ ਉਘੜਨਾ ਸ਼ੁਰੂ ਹੋ ਗਿਆ। ਪੰਜਾਬ ਦੇ ਬਟਵਾਰੇ ਕਾਰਨ ਘਰੋਂ-ਬੇਘਰ ਹੋਏ ਅਤੇ ਅੰਤਾਂ ਦੇ ਮਾਨਸਿਕ ਸੰਤਾਪ 'ਚੋਂ ਗੁਜ਼ਰ ਰਹੇ ਸਿੱਖ ਭਾਈਚਾਰੇ ਨੂੰ ਬ੍ਰਾਹਮਣਵਾਦੀ ਹਾਕਮਾਂ ਨੇ ਜੋ ਸਭ ਤੋਂ ਪਹਿਲਾ 'ਤੋਹਫ਼ਾ' ਬਖ਼ਸ਼ਿਆ, ਉਸਨੇ ਸਿੱਖ ਕੌਮ ਦੇ ਪਹਿਲਾਂ ਹੀ ਲਹੂ-ਨੁਚੜਦੇ ਹਿਰਦਿਆਂ ਅੰਦਰ ਧੁਰ-ਡੂੰਘਾ ਨਸ਼ਤਰ ਫੇਰ ਦਿਤਾ। ਭਾਰਤ ਸਰਕਾਰ ਦੇ ਗ੍ਰਹਿ ਸਕੱਤਰ ਵਲੋਂ ਜਾਰੀ ਕੀਤੇ ਇਕ ਗਸ਼ਤੀ-ਪਤਰ ਅੰਦਰ ਸਿੱਖ ਕੌਮ ਨੂੰ 'ਜਰਾਇਮ ਪੇਸ਼ਾ' ਕੌਮ ਕਰਾਰ ਦੇਣ ਦੀ ਬਦਤਮੀਜ਼ੀ ਨੇ ਖਾਲਸਾ ਪੰਥ ਦੇ ਵਿਸ਼ਵਾਸ ਤੇ ਸਵੈ-ਮਾਣ ਨੂੰ ਅਜਿਹੀ ਚੋਟ ਪਹੁੰਚਾਈ ਕਿ ਉਹ ਹੁਣ ਤੱਕ ਜਿਨ੍ਹਾਂ ਨੂੰ ਬਹੁਤ ਮਾਣ ਨਾਲ 'ਅਪਣਾ' ਸਮਝਦਾ ਆ ਰਿਹਾ ਸੀ ਉਹ ਉਸਨੂੰ ਅਚਾਨਕ 'ਪਰਾਏ' ਲਗਣ ਲਗ ਪਏ ਅਤੇ ਜਿਸ ਦੇਸ਼ ਨੂੰ 'ਆਪਣਾ ਘਰ' ਸਮਝਕੇ ਆਜ਼ਾਦ ਕਰਾਉਣ ਲਈ ਉਸਨੇ ਕੁਰਬਾਨੀਆਂ ਤੇ ਸ਼ਹੀਦੀਆਂ ਦੀ ਝੜੀ ਲਾ ਦਿਤੀ ਸੀ, ਉਸ 'ਘਰ' ਵਿਚੋਂ ਹੁਣ ਉਸਨੂੰ ਦਵੈਤ ਤੇ ਦੁਸ਼ਮਣੀ ਦੀ ਹਵਾੜ ਆਉਣ ਲਗ ਪਈ ਸੀ। ਉਹ 'ਆਪਣੇ ਘਰ' ਅੰਦਰ ਹੀ ਆਪਣੇ ਆਪ ਨੂੰ 'ਸਤ ਬੇਗਾਨਾ' ਮਹਿਸੂਸ ਕਰਨ ਲਗ ਪਿਆ ਸੀ।

ਭਾਰਤੀ ਹਾਕਮਾਂ ਵਲੋਂ ਸਿੱਖ ਕੌਮ ਵਿਰੁਧ ਦਾਗ਼ੇ ਨਫ਼ਰਤ ਤੇ ਦੁਸ਼ਮਣੀ ਦੇ ਇਸ ਗੋਲੇ ਦੀ ਅਗ ਅਜੇ ਠੰਡੀ ਨਹੀਂ ਸੀ ਪਈ ਕਿ 1951 ਦੀ ਮਰਦਮ ਸ਼ੁਮਾਰੀ ਅੰਦਰ ਪੰਜਾਬ ਦੇ ਹਿੰਦੂ ਭਾਈਚਾਰੇ ਨੂੰ ਆਪਣੀ ਮਾਂ-ਬੋਲੀ ਤੋਂ ਮੁਨਕਰ ਹੋਣ ਲਈ ਉਕਸਾਇਆ ਗਿਆ। ਬਹਾਨਾ ਇਹ ਘੜਿਆ ਗਿਆ ਕਿ ਪੰਜਾਬੀ ਬੋਲੀ ਦੀ ਹਿੰਦੀ ਨਾਲੋਂ ਅਡਰੀ, ਸੁਤੰਤਰ ਪਛਾਣ ਹੀ ਕੋਈ ਨਹੀਂ। ਮਕਸਦ ਸਿੱਖ ਕੌਮ ਦੀ ਅਡਰੀ ਪਛਾਣ ਨੂੰ ਨਕਾਰਨਾ ਸੀ ਤਾਂ ਜੋ ਪੰਜ ਸੌ ਸਾਲ ਤੋਂ ਬ੍ਰਾਹਮਣਵਾਦੀਆਂ ਲਈ 'ਹਊਆ' ਬਣੇ ਆ ਰਹੇ ਇਸ ਨਿਰਾਲੇ ਪੰਥ ਨੂੰ ਬ੍ਰਾਹਮਣਵਾਦੀ ਵਿਚਾਰਧਾਰਾ ਤੇ ਸਮਾਜ ਦੇ ਖਾਰੇ ਸਮੁੰਦਰ ਅੰਦਰ ਜਜ਼ਬ ਕਰਕੇ, ਇਸ 'ਭੈਅ' ਤੋਂ ਸਦੀਵੀ ਨਜਾਤ ਪਾ ਲਈ ਜਾਵੇ।

ਬ੍ਰਾਹਮਣਵਾਦੀਆਂ ਦੇ ਮਨਾਂ ਅੰਦਰ ਸਿੱਖ ਪੰਥ ਪ੍ਰਤੀ ਪੰਜ ਸੌ ਸਾਲਾਂ ਤੋਂ ਰਿਝਦੀ-ਪਕਦੀ ਆ ਰਹੀ ਇਹ ਔਖ ਤੇ ਦੁਸ਼ਮਣੀ ਹੀ ਹੈ ਜਿਸਦੀ ਹਵਾੜ ਨੇ, 1947 ਤੋਂ ਲੈ ਕੇ ਅਜ ਤਕ, ਪੰਜਾਬ ਦੀ ਧਾਰਮਿਕ, ਸਭਿਆਚਾਰਕ ਤੇ ਰਾਜਨੀਤਕ ਫਿਜ਼ਾ ਨੂੰ ਨਿਰੰਤਰ ਦੂਸ਼ਿਤ ਕੀਤਾ ਹੋਇਆ ਹੈ। ਬੋਲੀ ਦੇ ਆਧਾਰ ਤੇ ਪੰਜਾਬੀ ਸੂਬੇ ਦੀ ਹਕੀ ਮੰਗ ਮੰਨਣ ਤੋਂ ਲਗਾਤਾਰ ਇਨਕਾਰੀ ਰਵੱਈਆ ਅਖਤਿਆਰ ਕਰੀ ਰਖਣਾ, ਅਤੇ 1966 ਵਿਚ ਹਾਲਾਤ ਦੀ ਮਜਬੂਰੀ ਵਸ ਜਦ ਇਹ ਮੰਗ ਮੰਨਣੀ ਹੀ ਪੈ

**ਗੁਰਮਤਿ ਦਾ ਬ੍ਰਾਹਮਣਵਾਦ ਨਾਲੋਂ ਸਿਧਾਂਤਕ ਵਖਰੇਵਾਂ ਤੇ ਵਿਰੋਧ ਸ੍ਰੀ ਗੁਰੂ ਗਰੰਥ ਸਾਹਿਬ ਅੰਦਰ ਪਰਤਖ ਰੂਪ 'ਚ ਵਿਦਮਾਨ ਹੈ। ਸਿੱਖ ਪੰਥ ਦੇ ਕੁਝ ਹਿਸੇ ਭਾਵੇਂ ਬ੍ਰਾਹਮਣਵਾਦ ਨਾਲੋਂ ਇਸ ਸਿਧਾਂਤਕ ਵਖਰੇਵੇਂ ਤੇ ਵਿਚਾਰਧਾਰਕ ਟਕਰਾਉ ਦੀ ਹਕੀਕਤ ਤੇ ਅਹਿਮੀਅਤ ਬਾਰੇ ਪੂਰੇ ਚੇਤੰਨ ਨਾ ਹੋਣ, ਪਰੰਤੂ ਭਾਰਤ ਦੇ ਬ੍ਰਾਹਮਣਵਾਦੀ ਵਰਗ ਨੇ ਖਾਲਸਾ ਪੰਥ ਨਾਲ ਆਪਣੇ ਲੁਪਤ ਵਿਰੋਧਾਂ ਤੇ ਦੁਸ਼ਮਣੀ ਨੂੰ ਇਕ ਪਲ ਲਈ ਵੀ ਮਨੋਂ ਨਹੀਂ ਭੁਲਾਇਆ। ਸਿੱਖੀ 'ਚੋਂ ਉਸਨੂੰ ਹਮੇਸ਼ਾ ਹੀ ਕੋਈ ਅਨਜਾਣਾ 'ਖਤਰਾ' ਤੇ 'ਭੈਅ' ਦਿਖਾਈ ਦਿਤਾ ਹੈ। ਇਸ ਕਰਕੇ ਉਸਨੇ, ਮਨ ਹੀ ਮਨ ਅੰਦਰ, ਸਿੱਖੀ ਪ੍ਰਤੀ ਹਮੇਸ਼ਾ ਹੀ ਕੜਵੀ ਮੈਲ ਅਤੇ ਖਾਰ ਪਾਲੀ ਹੈ।**

ਗਈ ਤਾਂ ਇਸ ਵਿਚ ਢੇਰ ਸਾਰੀਆਂ ਮੀਂਗਣਾਂ ਘੋਲ ਦੇਣੀਆਂ, ਅਰਥਾਤ ਪੰਜਾਬ ਨੂੰ ਅਤਿ ਦਰਜੇ ਦੀ ਮੰਦਭਾਵਨਾ ਤੇ ਨਿਰਦਈਪੁਣੇ ਨਾਲ ਲੰਗੜਾ ਤੇ ਲੂਲ੍ਹਾ ਬਣਾ ਕੇ ਪੰਥ ਦੀ ਝੋਲੀ ਪਾ ਦੇਣਾ, ਪੰਜਾਬ ਦੇ ਕੁਦਰਤੀ ਸੋਮਿਆਂ, ਇਸਦੀ ਬਿਜਲੀ ਤੇ ਪਾਣੀਆਂ ਉਤੇ ਦਿਨ ਦਿਹਾੜੇ ਡਾਕਾ ਮਾਰਕੇ ਇਨ੍ਹਾਂ ਨੂੰ ਕੇਂਦਰ ਸਰਕਾਰ ਦੇ ਕੰਟਰੋਲ ਹੇਠ ਦੇ ਦੇਣਾ, ਆਪਣੀਆਂ ਹਕੀ ਮੰਗਾਂ ਲਈ ਸ਼ਾਂਤੀਪੂਰਨ ਤੇ ਜਮਹੂਰੀ ਢੰਗ ਨਾਲ ਸੰਘਰਸ਼ ਦੇ ਰਾਹ ਪਈ ਸਿੱਖ ਕੌਮ ਨੂੰ ਵਾਰ ਵਾਰ ਜ਼ਲੀਲ ਤੇ ਬੇਪਤ ਕਰਨਾ; ਸਿੱਖ ਧਰਮ ਦੀ ਵਿਚਾਰਧਾਰਕ ਨਿਰਮਲਤਾ ਅੰਦਰ ਬ੍ਰਾਹਮਵਾਦੀ ਖੋਟ ਰਲਾਉਣ ਦੀਆਂ ਅਨੇਕਾਂ ਕਪਟੀ ਚਾਲਾਂ ਚਲਣੀਆਂ-ਇਹ ਤੇ ਅਜਿਹੇ ਅਨੇਕਾਂ ਹੋਰ ਕਾਰਨ ਹਨ ਜਿਨ੍ਹਾਂ ਨੇ ਪੰਥ ਨੂੰ ਭਾਰਤ ਦੀ ਅਖੌਤੀ 'ਮੁਖ ਧਾਰਾ' ਨਾਲੋਂ ਇਕ ਸੁਰਖਿਅਤ (safe distance) ਫ਼ਾਸਲੇ 'ਤੇ ਖੜ੍ਹਾ ਰਖਣ ਅਤੇ ਆਪਣੀ ਹੋਣੀ ਨੂੰ ਖੁਦ ਆਪਣੇ ਹਥਾਂ ਵਿਚ ਲੈਣ ਦੀ ਰਾਜਨੀਤਕ ਚੇਤਨਾ ਪਰਦਾਨ ਕੀਤੀ ਹੈ।

ਅਜੋਕੀ ਖਾੜਕੂ ਲਹਿਰ ਸਿੱਖ ਪੰਥ ਅੰਦਰ ਜਾਗੀ ਇਸ ਨਵੀਂ ਰਾਜਨੀਤਕ ਚੇਤਨਾ ਦਾ ਹੀ ਤਰਕਪੂਰਨ ਪ੍ਰਗਟਾਵਾ (logical expression) ਹੈ। ਇਸ ਪਰਤਖ ਨੂੰ ਕਿਸੇ ਪਰਿਮਾਣ ਦੀ ਲੋੜ ਨਹੀਂ ਕਿ ਸਿੱਖ ਭਾਰਤ ਅੰਦਰ ਅਰਧ-ਗੁਲਾਮ ਹਨ। ਇਸ ਲਈ ਆਪਣੀ ਆਜ਼ਾਦੀ ਲਈ ਸੰਘਰਸ਼ ਸਿੱਖ ਕੌਮ ਦਾ ਸੁਤੰਤਰ ਅਧਿਕਾਰ (inviolable right) ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਜ਼ੁਲਮ ਦੇ ਦਾਬੇ ਦੀਆਂ ਸ਼ਿਕਾਰ ਦੁਨੀਆਂ ਦੀਆਂ ਸਭ ਕੌਮਾਂ ਕਰਦੀਆਂ ਹਨ । ਜਮਹੂਰੀਅਤ, ਆਜ਼ਾਦੀ ਤੇ ਸਭਿਅਤਾ ਦੇ ਮੌਜੂਦਾ ਯੁਗ ਅੰਦਰ ਕੌਮਾਂ ਦੀ ਆਜ਼ਾਦੀ ਦਾ ਇਹ ਅਧਿਕਾਰ ਅੰਤਰਰਾਸ਼ਟਰੀ ਤੌਰ 'ਤੇ ਪਰਵਾਨ ਹੋ ਚੁਕਾ ਹੈ। ਸੋ ਸਿੱਖ ਪੰਥ ਦੀ ਆਜ਼ਾਦੀ ਦੀ ਲੜਾਈ ਪੂਰੀ ਤਰ੍ਹਾਂ ਹਕੀ ਤੇ ਨਿਆਈਂ (just) ਹੈ। ਇਸ ਨੂੰ ਭਾਰਤ ਦੇ ਫਿਰਕਾਪ੍ਰਸਤ ਹਾਕਮਾਂ ਕੋਲੋਂ ਪਰਵਾਨਗੀ ਦਾ ਸਰਟੀਫਿਕੇਟ ਲੈਣ ਦੀ ਕੋਈ ਜ਼ਰੂਰਤ ਨਹੀਂ।

2. ਇਸ ਤੋਂ ਬਾਅਦ ਦਰੁਸਤ ਨਿਸ਼ਾਨੇ ਤੇ ਪ੍ਰੋਗਰਾਮਾਂ ਦੀ ਗੱਲ ਆਉਂਦੀ ਹੈ। ਅਮਰ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਸ਼ੁਰੂ ਤੋਂ ਹੀ ਸਿੱਖ ਕੌਮ ਦੀ ਆਜ਼ਾਦੀ ਦੀ ਗੱਲ ਕਰਦੇ ਰਹੇ ਹਨ। ਭਾਵੇਂ ਰਸਮੀ ਤੌਰ 'ਤੇ ਉਹਨਾਂ ਸਿਧੇ ਰੂਪ 'ਚ ਖਾਲਿਸਤਾਨ ਦੀ ਮੰਗ ਕਦੇ ਨਹੀਂ ਕੀਤੀ ਅਤੇ ਜੂਨ 1984 ਤਕ ਉਹ ਆਨੰਦਪੁਰ ਸਾਹਿਬ ਦੇ ਮਤੇ ਨੂੰ ਹੀ ਪਰਮੁਖ ਮੰਗ ਵਜੋਂ ਪੇਸ਼ ਕਰਦੇ ਰਹੇ ਹਨ। ਇਸ ਮੰਗ ਬਾਰੇ ਕਥਨ ਤੇ ਬਿਆਨ ਇਸ ਗੱਲ ਦੇ ਗਵਾਹ ਹਨ ਕਿ ਉਹ ਢਿਡੋਂ ਹਮੇਸ਼ਾ ਸਿੱਖ ਕੌਮ ਦੇ ਆਜ਼ਾਦ ਰਾਜ ਦੇ ਮੁਦਈ ਰਹੇ ਹਨ। ਇਸ ਮੰਗ ਨੂੰ ਸਿੱਖ ਸੰਘਰਸ਼ ਦੇ ਨਿਸ਼ਾਨੇ ਵਜੋਂ ਪੇਸ਼ ਨਾ ਕਰਨ ਪਿਛੇ ਉਨ੍ਹਾਂ ਦੀਆਂ ਅਨੇਕਾਂ ਸਿਆਸੀ ਮਜ਼ਬੂਰੀਆਂ ਹੋ ਸਕਦੀਆਂ ਹਨ। ਇਕ ਮਜ਼ਬੂਰੀ ਉਨ੍ਹਾਂ ਦੀ ਹਰ ਹੀਲੇ ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਨਾਲ ਲੈ ਕੇ ਚਲਣ (ਅਤੇ ਜੇਕਰ ਨਹੀਂ ਚਲਦੀ ਤਾਂ ਘਸੀਟਣ) ਦੀ ਸੀ। ਇਹ ਗੱਲ ਉਨ੍ਹਾਂ ਅਨੇਕਾਂ ਵਾਰੀ ਠੋਕ ਵਜਾਕੇ ਕਹੀ ਸੀ ਕਿ ਜੇਕਰ ਭਾਰਤ ਦੇ ਫਿਰਕਾਪ੍ਰਸਤ ਹਾਕਮ ਹਰਿਮੰਦਰ ਸਾਹਿਬ ਉਤੇ ਫੌਜੀ ਹੱਲਾ ਬੋਲਣ ਦੀ ਬਦਤਮੀਜ਼ੀ ਕਰਨਗੇ ਤਾਂ ਇਸ ਨਾਲ ਖਾਲਿਸਤਾਨ ਦੀ ਨੀਂਹ ਟਿਕ ਜਾਵੇਗੀ। ਸ਼ਾਇਦ ਇਤਿਹਾਸ ਨੂੰ ਇਹੋ ਮਨਜ਼ੂਰ ਸੀ। ਜੂਨ 1984 ਵਿਚ ਭਾਰਤੀ ਹਾਕਮਾਂ ਨੇ ਉਹ ਬਦਤਮੀਜ਼ੀ ਕਰ ਹੀ ਦਿਖਾਈ ਜਿਸਦੀ ਲੰਮੇ ਸਮੇਂ ਤੋਂ ਤਵੱਕੋਂ ਕੀਤੀ ਜਾ ਰਹੀ ਸੀ। ਉਨ੍ਹਾਂ ਨੇ ਸਿੱਖ ਕੌਮ ਦੇ ਸ਼੍ਰੋਮਣੀ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਉਤੇ ਟੈਂਕਾਂ ਤੇ ਤੋਪਾਂ ਨਾਲ ਹੱਲਾ ਬੋਲ ਦਿਤਾ। ਸ੍ਰੀ ਅਕਾਲ ਤਖਤ ਸਾਹਿਬ ਨੂੰ ਟੈਂਕਾਂ ਦੇ ਗੋਲਿਆਂ ਨਾਲ ਬੁਰੀ ਤਰ੍ਹਾਂ ਘਾਇਲ ਕਰ ਦਿਤਾ ਅਤੇ ਹਜ਼ਾਰਾਂ ਹੀ ਨਿਹਥੇ ਤੇ ਨਿਰਦੋਸ਼ ਸ਼ਰਧਾਲੂਆਂ ਨੂੰ ਵਹਿਸ਼ੀਪੁਣੇ ਨਾਲ ਸ਼ਹੀਦ ਕਰ ਦਿਤਾ। ਸੰਤ ਜਰਨੈਲ ਸਿੰਘ, ਭਾਈ ਅਮਰੀਕ ਸਿੰਘ, ਭਾਈ (ਜਨਰਲ) ਸ਼ੁਬੇਗ ਸਿੰਘ ਅਤੇ ਸੈਂਕੜੇ ਹੀ ਹੋਰ ਜੁਝਾਰੂ ਸਿੰਘ ਸ੍ਰੀ ਹਰਮਿੰਦਰ ਸਾਹਿਬ ਦੀ ਰਾਖੀ ਕਰਦੇ ਹੋਏ ਸ਼ਹਾਦਤਾਂ ਦੇ ਜਾਮ ਪੀ ਗਏ।

ਇਸ ਵਹਿਸ਼ੀ ਕਾਰੇ ਤੋਂ ਬਾਅਦ ਸਿੱਖ ਕੌਮ ਤੇ ਭਾਰਤੀ ਹਾਕਮਾਂ ਵਿਚਕਾਰ ਖੂਨ ਦੀ ਅਜਿਹੀ ਲਕੀਰ ਖਿਚੀ ਗਈ ਸੀ ਜਿਸ ਨਾਲ ਦੋਵਾਂ ਧਿਰਾਂ ਵਿਚਕਾਰ ਰਸਾਈ ਜਾਂ ਸਮਝੌਤੇ ਦੀ ਗੁੰਜਾਇਸ਼ ਖਤਮ ਹੋ ਗਈ। ਹੁਣ ਸਿੱਖ ਕੌਮ ਸਾਹਮਣੇ ਆਪਣੀ ਮੁਕੰਮਲ ਆਜ਼ਾਦੀ ਦਾ ਨਾਅਰਾ ਲਾਉਣ ਅਤੇ ਇਸਦੀ ਪਰਾਪਤੀ ਲਈ ਖਾੜਕੂ ਸੰਘਰਸ਼ ਤੇਜ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। ਲੰਮੇ ਚਿਰ ਦੀ ਅੰਦਰੂਨੀ ਕਸ਼ਮਕਸ਼ ਤੋਂ ਬਾਅਦ ਆਖਰਕਾਰ 29 ਅਪਰੈਲ 1986 ਨੂੰ ਪੰਥਕ ਕਮੇਟੀ ਨੇ ਖਾਲਿਸਤਾਨ ਲਈ ਸੰਘਰਸ਼ ਦਾ ਖੁਲ੍ਹਮਖੁਲ੍ਹਾ ਐਲਾਨ ਕਰ ਦਿਤਾ। ਖਾੜਕੂ ਸਫ਼ਾਂ ਦੇ ਸਾਰੇ ਹਿਸਿਆਂ ਨੇ ਆਪਸੀ ਮਤ ਭੇਦਾਂ ਤੇ ਵੰਡੀਆਂ ਦੇ ਬਾਵਜੂਦ ਪੰਥਕ ਕਮੇਟੀ ਦੇ ਇਸ ਐਲਾਨ ਨੂੰ ਗਰਮਜੋਸ਼ੀ ਨਾਲ ਪਰਵਾਨਗੀ ਦੇ ਦਿਤੀ। ਇਸਤੋਂ ਪਹਿਲਾਂ ਭਾਵੇਂ 'ਦਲ ਖਾਲਸਾ' ਵਰਗੀਆਂ ਕੁਝ ਜਥੇਬੰਦੀਆਂ ਖਾਲਿਸਤਾਨ ਦੇ ਪਖ ਵਿਚ

**ਅਜੋਕੀ ਖਾੜਕੂ ਲਹਿਰ ਸਿੱਖ ਪੰਥ ਅੰਦਰ ਜਾਗੀ ਇਸ ਨਵੀਂ ਰਾਜਨੀਤਕ ਚੇਤਨਾ ਦਾ ਹੀ ਤਰਕਪੂਰਨ ਪ੍ਰਗਟਾਵਾ ਹੈ। ਇਸ ਪਰਤਖ ਨੂੰ ਕਿਸੇ ਪਰਿਮਾਣ ਦੀ ਲੋੜ ਨਹੀਂ ਕਿ ਸਿੱਖ ਭਾਰਤ ਅੰਦਰ ਅਰਧ-ਗੁਲਾਮ ਹਨ। ਇਸ ਲਈ ਆਪਣੀ ਆਜ਼ਾਦੀ ਲਈ ਸੰਘਰਸ਼ ਸਿੱਖ ਕੌਮ ਦਾ ਸੁਤੰਤਰ ਅਧਿਕਾਰ ਹੈ। ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਜ਼ੁਲਮ ਦੇ ਦਾਬੇ ਦੀਆਂ ਸ਼ਿਕਾਰ ਦੁਨੀਆਂ ਦੀਆਂ ਸਭ ਕੌਮਾਂ ਕਰਦੀਆਂ ਹਨ ।**

ਪ੍ਰਚਾਰ ਕਰਦੀਆਂ ਆ ਰਹੀਆਂ ਸਨ ਪਰ ਖਾੜਕੂ ਲਹਿਰ ਵਲੋਂ ਪੂਰਨ ਰੂਪ ਵਿਚ ਖਾਲਿਸਤਾਨ ਦੀ ਮੰਗ ਦੇ ਨਾਅਰੇ ਨੂੰ ਅਪਣਾਉਣ ਦਾ ਇਹ ਪਹਿਲਾ ਮੌਕਾ ਸੀ। ਇਸ ਕਰਕੇ ਇਸਦੀ ਇਤਿਹਾਸਕ ਅਹਿਮੀਅਤ ਹੈ।

ਪਰ ਇਸਦੇ ਨਾਲ ਹੀ ਇਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਲੀਡਰਸ਼ਿਪ ਸਮੇਤ ਖਾੜਕੂ ਲਹਿਰ ਦੇ ਵਡੇਰੇ ਹਿਸਿਆਂ ਨੇ ਖਾਲਿਸਤਾਨ ਦੇ ਨਾਅਰੇ ਨੂੰ ਜ਼ਿਆਦਾ ਕਰਕੇ ਭਾਵਨਾਤਮਕ ਪਧਰ ਤੇ ਹੀ ਅਪਣਾਇਆ। ਇਸ ਨਾਅਰੇ ਦਾ ਤਰਕ ਸੰਗਤ ਆਧਾਰ ਤੇ ਵਾਜਬੀਅਤ ਪੇਸ਼ ਕਰਨ ਦੇ ਸਚਿਆਰੇ ਯਤਨ ਨਹੀਂ ਕੀਤੇ ਗਏ। ਨਾ ਹੀ ਇਸ ਟੀਚੇ ਦੀ ਪ੍ਰਾਪਤੀ ਲਈ ਕੋਈ ਠੋਸ ਪ੍ਰੋਗਰਾਮ, ਯੋਜਨਾ ਜਾਂ ਰਣਨੀਤੀ ਘੜੀ ਗਈ। ਲਹਿਰ ਨੂੰ ਜ਼ਿਆਦਾ ਕਰਕੇ ਆਪਮੁਹਾਰਾ ਵਗਣ ਲਈ ਖੁਲ੍ਹਾ ਛਡ ਦਿਤਾ ਗਿਆ। ਇਸ ਤਰ੍ਹਾਂ ਨਿਸ਼ਾਨਾ(goal) ਤਾਂ ਮਿਥ ਲਿਆ ਪਰ ਲਹਿਰ ਨੂੰ ਸਿਧਾਂਤਕ ਤੇ ਸਿਆਸੀ ਸੇਧ ਮੁਹੱਈਆ ਕਰਨ ਦੇ ਪਖ ਨੂੰ ਅਣਗੌਲਿਆ ਕਰ ਦਿਤਾ। ਲਹਿਰ ਦੀ ਇਹ ਬੁਨਿਆਦੀ ਕਮਜ਼ੋਰੀ ਅਨੇਕਾਂ 'ਮਰਜ਼ਾਂ' ਦੀ ਜਣਨਹਾਰ ਹੋ ਨਿਬੜੀ ਜਿਸ ਨਾਲ ਸੰਘਰਸ਼ ਨੂੰ ਤਕੜੀ ਢਾਹ ਲਗੀ।

3. ਟੀਚੇ ਤੇ ਪ੍ਰੋਗਰਾਮ ਤੋਂ ਬਾਅਦ ਅਗਲੀ ਮਹਤਵਪੂਰਨ ਗੱਲ ਲੀਡਰਸ਼ਿਪ ਦੀ ਆਉਂਦੀ ਹੈ। ਦਰੁਸਤ ਟੀਚਾ ਤੇ ਪ੍ਰੋਗਰਾਮ ਹੀ ਕਿਸੇ ਲਹਿਰ ਦੀ ਸਫ਼ਲਤਾ ਦਾ ਜ਼ਾਮਨ ਨਹੀਂ ਬਣ ਜਾਂਦਾ। ਜੇਕਰ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਵਾਲੀ ਕਾਬਲ ਤੇ ਭਰੋਸੇਯੋਗ ਲੀਡਰਸ਼ਿਪ ਨਹੀਂ ਤਾਂ ਦਰੁਸਤ ਨਿਸ਼ਾਨੇ ਦੇ ਬਾਵਜੂਦ ਲਹਿਰ ਔਝੜੇ ਰਾਹੀਂ ਪੈ ਤੁਰਦੀ ਹੈ। ਲਹਿਰ ਲਈ ਦਰੁਸਤ ਸੇਧ, ਨੀਤੀਆਂ ਤੇ ਪੈਂਤੜੇ ਘੜਨ ਲਈ ਸਿਧਾਂਤਕ ਪਖੋਂ ਕਾਬਲ ਲੀਡਰਸ਼ਿੱਪ ਜ਼ਰੂਰੀ ਹੁੰਦੀ ਹੈ। ਇਥੇ ਸਿਧਾਂਤ ਤੇ ਅਮਲ ਦੇ ਪਖਾਂ ਨੂੰ ਆਪਸ ਵਿਚ ਤੋੜਕੇ ਨਹੀਂ ਦੇਖਿਆ ਜਾਣਾ ਚਾਹੀਦਾ–ਕਾਬਲ ਲੀਡਰਸ਼ਿਪ ਅੰਦਰ ਇਹ ਦੋਨੋਂ ਪਖ ਜੁੜੇ ਹੋਣੇ ਚਾਹੀਦੇ ਹਨ।

ਇਸ ਪਖੋਂ ਖਾੜਕੂ ਲਹਿਰ ਦੀ ਹਾਲਤ ਬਹੁਤੀ ਤਸੱਲੀਬਖ਼ਸ਼ ਨਹੀਂ ਰਹੀ। ਲਹਿਰ ਦੀ ਜੋ ਵੀ ਲੀਡਰਸ਼ਿਪ ਉਭਰੀ, ਉਹ ਜ਼ਿਆਦਾ ਕਰਕੇ ਹਥਿਆਰਬੰਦ ਖੇਤਰ ਦੇ ਅਮਲ ਵਿਚੋਂ ਹੀ ਉਭਰੀ। ਹਾਲਾਤ ਲੀਡਰਸ਼ਿਪ ਦੇ ਸਿਧਾਂਤਕ ਤੇ ਸਿਆਸੀ ਸੂਝ ਦੇ ਜਿਸ ਪਧਰ ਦੀ ਮੰਗ ਕਰਦੇ ਸਨ, ਲੀਡਰਸ਼ਿਪ ਦਾ ਉਹ ਪਧਰ ਨਹੀਂ ਸੀ। ਇਸ ਕਰਕੇ ਖਾੜਕੂ ਲੀਡਰਸ਼ਿਪ ਨੂੰ ਸਿਧਾਂਤਕ ਸੇਧ ਅਤੇ ਸਿਆਸੀ ਅਗਵਾਈ ਲਈ ਅਕਸਰ ਲਹਿਰ ਦੇ ਸ਼ੁਭਚਿੰਤਕ ਸਿੱਖ ਬੁਧੀਜੀਵੀਆਂ ਦੀ ਮਦਦ ਦਾ ਆਸਰਾ ਲੈਣਾ ਪੈਂਦਾ ਰਿਹਾ। ਬੁਧੀਜੀਵੀਆ ਕੋਲੋਂ ਅਡ ਅਡ ਮਸਲਿਆਂ 'ਤੇ ਮਸ਼ਵਰਾ ਜਾਂ ਸੇਧ ਲੈਣੀ ਮਾੜੀ ਗੱਲ ਨਹੀਂ ਪਰ ਲਹਿਰ ਨੂੰ ਉਹ ਵਿਦਵਾਨ ਜਾਂ ਬੁਧੀਜੀਵੀ ਹੀ ਦਰੁਸਤ ਮਸ਼ਵਰਾ ਦੇ ਸਕਦੇ ਹਨ ਜਿਹੜੇ ਲਹਿਰ ਦੇ ਲਹੂ-ਮਾਸ ਨਾਲ ਜੁੜੇ ਹੋਏ ਹੋਣ। ਲਹਿਰ ਨੂੰ ਪੂਰਨ ਰੂਪ 'ਚ ਅਰਪਤ(dedicated) ਅਤੇ ਇਸ ਨਾਲ ਤਨੋਂ-ਮਨੋਂ ਜੁੜੇ ਵਿਅਕਤੀ ਹੀ ਲਹਿਰ ਨੂੰ ਦਰੁਸਤ ਅਗਵਾਈ ਦੇਣ ਦੇ ਸਮਰਥ ਹੋ ਸਕੇ ਹਨ। ਲਹਿਰ ਦੇ ਵੇਗ ਕੋਲੋਂ ਹਟਵਾਂ ਹੋ ਕੇ ਬੈਠਾ ਵਿਅਕਤੀ ਕਿੰਨਾਂ ਵੀ ਵਿਦਵਾਨ ਕਿਉਂ ਨਾ ਹੋਵੇ, ਜੇਕਰ ਉਹ ਆਪਣਾ ਆਪ ਪੂਰੀ ਤਰ੍ਹਾਂ ਲਹਿਰ ਦੇ ਸਪੁਰਦ ਨਹੀਂ ਕਰਦਾ, ਤਾਂ ਉਹ ਲਹਿਰ ਨੂੰ ਦਰੁਸਤ ਸੇਧ ਜਾਂ ਅਗਵਾਈ ਨਹੀਂ ਦੇ ਸਕਦਾ। ਇਹ ਇਕ ਆਮ ਸਚ ਹੈ ਜੋ ਹਰ ਲਹਿਰ ਉਤੇ ਲਾਗੂ ਹੁੰਦਾ ਹੈ।

**ਲੀਡਰਸ਼ਿਪ ਪਖੋਂ ਖਾੜਕੂ ਲਹਿਰ ਦੀ ਇਹ ਕਮਜ਼ੋਰੀ ਰੜਕਵੇਂ ਰੂਪ 'ਚ ਜ਼ਾਹਰ ਹੁੰਦੀ ਰਹੀ ਹੈ। ਜੇ ਕਦੇ ਸਿਆਣੀ ਸਲਾਹ ਜਾਂ ਸੇਧ ਦੀ ਲੋੜ ਮਹਿਸੂਸ ਹੋਈ ਤਾਂ ਅਡ ਅਡ ਮੌਕਿਆਂ ਅਤੇ ਅਡ ਅਡ ਮਸਲਿਆਂ ਉਤੇ ਇਧਰੋਂ-ਉਧਰੋਂ ਮੰਗਵੀਂ ਸੇਧ ਜਾਂ ਅਗਵਾਈ ਲੈਣ ਦੀ ਬੁਤਾ-ਸਾਰੂ ਪਹੁੰਚ ਅਪਣਾਈ ਜਾਂਦੀ ਰਹੀ ਹੈ। ਮੋਹਰੀ ਪੁਜ਼ੀਸ਼ਨਾਂ 'ਤੇ ਬੈਠੇ ਵਿਅਕਤੀ ਆਪਣੇ ਆਗੂ ਰੋਲ ਪ੍ਰਤੀ ਘਟ ਹੀ ਸੁਚੇਤ ਸਨ । ਉਹ ਜਜ਼ਬਿਆਂ ਦੇ ਵਹਿਣ ਨੂੰ ਕਿਸੇ ਸੋਚੀ-ਵਿਚਾਰੀ ਵਿਉਂਤ ਤੇ ਰਣਨੀਤੀ ਤਹਿਤ ਨਿਕਾਸ-ਬਧ ਕਰਨ ਤੇ ਇਸਨੂੰ ਕੋਈ ਸਚਿਆਰੀ ਸੇਧ ਮੁਹੱਈਆ ਕਰਨ ਦੀ ਬਜਾਇ, ਇਸਦੇ ਰੋੜ੍ਹ ਸੰਗ ਵਹਿਣ ਨੂੰ ਹੀ ਤਰਜੀਹ ਦਿੰਦੇ ਰਹੇ। ਉਹਨਾਂ ਬੇਕਾਬੂ ਵਗ ਰਹੇ ਇਸ ਵਹਿਣ ਵਲੋਂ ਅਖਿਤਿਆਰ ਕੀਤੀ ਦਿਸ਼ਾ ਤੇ ਇਸਦੇ ਨਤੀਜਿਆਂ ਦੀ ਕਦੇ ਘਟ ਹੀ ਪਰਵਾਹ ਕੀਤੀ। ਲੀਡਰਸ਼ਿਪ ਦੇ ਸੁਆਲ ਨੂੰ ਲਹਿਰ ਅੰਦਰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਗਿਆ। ਇਸ ਕਰਕੇ ਲਹਿਰ ਲੀਡਰਸ਼ਿਪ ਪਖੋਂ ਕਦੇ ਵੀ ਬਾਲਗ ਨਾ ਹੋ ਸਕੀ।**

ਲੀਡਰਸ਼ਿਪ ਪਖੋਂ ਖਾੜਕੂ ਲਹਿਰ ਦੀ ਇਹ ਕਮਜ਼ੋਰੀ ਰੜਕਵੇਂ ਰੂਪ 'ਚ ਜ਼ਾਹਰ ਹੁੰਦੀ ਰਹੀ ਹੈ। ਜੇ ਕਦੇ ਸਿਆਣੀ ਸਲਾਹ ਜਾਂ ਸੇਧ ਦੀ ਲੋੜ ਮਹਿਸੂਸ ਹੋਈ ਤਾਂ ਅਡ ਅਡ ਮੌਕਿਆਂ ਅਤੇ ਅਡ ਅਡ ਮਸਲਿਆਂ ਉਤੇ ਇਧਰੋਂ–ਉਧਰੋਂ ਮੰਗਵੀਂ ਸੇਧ ਜਾਂ ਅਗਵਾਈ ਲੈਣ ਦੀ ਬੁਤਾ–ਸਾਰੂ ਪਹੁੰਚ ਅਪਣਾਈ ਜਾਂਦੀ ਰਹੀ ਹੈ। ਮੋਹਰੀ ਪੁਜ਼ੀਸ਼ਨਾਂ 'ਤੇ ਬੈਠੇ ਵਿਅਕਤੀ ਆਪਣੇ ਆਗੂ ਰੋਲ ਪ੍ਰਤੀ ਘਟ ਹੀ ਸੁਚੇਤ ਸਨ । ਉਹ ਜਜ਼ਬਿਆਂ ਦੇ ਵਹਿਣ ਨੂੰ ਕਿਸੇ ਸੋਚੀ–ਵਿਚਾਰੀ ਵਿਉਂਤ ਤੇ ਰਣਨੀਤੀ ਤਹਿਤ ਨਿਕਾਸ–ਬਧ (channelise) ਕਰਨ ਤੇ ਇਸਨੂੰ ਕੋਈ ਸਚਿਆਰੀ ਸੇਧ ਮੁਹੱਈਆ ਕਰਨ ਦੀ ਬਜਾਇ, ਇਸਦੇ ਰੋੜ੍ਹ ਸੰਗ ਵਹਿਣ ਨੂੰ ਹੀ ਤਰਜੀਹ ਦਿੰਦੇ ਰਹੇ। ਉਹਨਾਂ ਬੇਕਾਬੂ ਵਗ ਰਹੇ ਇਸ ਵਹਿਣ ਵਲੋਂ ਅਖਿਤਿਆਰ ਕੀਤੀ ਦਿਸ਼ਾ ਤੇ ਇਸਦੇ

ਨਤੀਜਿਆਂ (consequences) ਦੀ ਕਦੇ ਘਟ ਹੀ ਪਰਵਾਹ ਕੀਤੀ। ਲੀਡਰਸ਼ਿਪ ਦੇ ਸੁਆਲ ਨੂੰ ਲਹਿਰ ਅੰਦਰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਗਿਆ। ਇਸ ਕਰਕੇ ਲਹਿਰ ਲੀਡਰਸ਼ਿਪ ਪਖੋਂ ਕਦੇ ਵੀ ਬਾਲਗ ਨਾ ਹੋ ਸਕੀ। ਇਸ ਪਖੋਂ ਲਹਿਰ ਜ਼ਿਆਦਾ ਕਰਕੇ ਬਚਪਣੇ ਦੇ ਰੋਗ(infantile disorder ਦਾ ਸ਼ਿਕਾਰ ਹੀ ਰਹੀ। ਲਹਿਰ ਦੀ ਚੜ੍ਹਤਲ ਮੌਕੇ ਇਹ ਘਾਟ ਜ਼ਿਆਦਾ ਨਹੀ ਰੜਕੀ ਪਰ ਜਿਉਂ ਹੀ ਲਹਿਰ ਨੂੰ ਦੁਸ਼ਵਾਰ ਹਾਲਾਤ ਦਾ ਸਾਹਮਣਾ ਕਰਨਾ ਪੈ ਗਿਆ ਤਾਂ ਉਸਦੀ ਇਹ ਕਮਜ਼ੋਰੀ ਰੜਕਵੇਂ ਰੂਪ 'ਚ ਪਰਗਟ ਹੋ ਗਈ। ਲਹਿਰ ਸਾਹਮਣੇ ਸਿਧਾਂਤਕ ਤੇ ਅਮਲੀ, ਦੋਨੋਂ ਹੀ ਖੇਤਰਾਂ ਅੰਦਰ ਵਡੇ ਸੁਆਲ ਤੇ ਸਮਸਿਆਵਾਂ ਆਣ ਖੜ੍ਹੀਆਂ ਹੋ ਗਈਆਂ। ਪਰ ਲਹਿਰ ਦੀ ਜੋ ਵੀ ਲੀਡਰਸ਼ਿਪ ਸੀ ਉਹ ਇਨ੍ਹਾਂ ਸਮਸਿਆਵਾਂ ਨੂੰ ਜਚਵੇਂ ਰੂਪ ਵਿਚ ਸੰਬੋਧਤ ਨਾ ਹੋ ਸਕੀ। ਖਾੜਕੂ ਸੰਘਰਸ਼ ਦੇ ਹਮਾਇਤੀਆਂ ਵਜੋਂ ਜਾਣੇ ਜਾਂਦੇ ਕੁਝ ਸਿੱਖ ਵਿਦਵਾਨਾਂ ਤੇ ਬੁਧੀਜੀਵੀਆ ਦੀ ਸਿਧਾਂਤਕ ਸੂਝ-ਬੂਝ ਤੇ ਪ੍ਰੀਤੀਬਧਤਾ ਦਾ ਪੋਲ ਵੀ ਹੌਲੀ ਹੌਲੀ ਜ਼ਾਹਰ ਹੋ ਗਿਆ। ਕੁਝ 'ਸਿਧਾਂਤਕਾਰਾਂ' ਨੇ ਕਠਨ ਹਾਲਾਤ ਅੰਦਰ ਲਹਿਰ ਨੂੰ ਅਗਵਾਈ ਦੇਣ ਦਾ ਜੋਖਮ ਭਰਿਆ ਕਾਰਜ ਨਿਭਾਉਣ ਦੀ ਬਜਾਇ, ਲਹਿਰ ਕੋਲੋਂ ਪਾਸਾ ਵਟ ਲੈਣ ਦੀ ਮੌਕਾ ਤਾੜੂ ਪਹੁੰਚ ਅਪਣਾ ਲਈ। ਸਿਟਾ ਇਹ ਨਿਕਲਿਆ ਕਿ ਜਦ ਲਹਿਰ ਨੂੰ ਸਿਧਾਂਤਕ ਸੇਧ ਦੀ ਸਭ ਤੋਂ ਵਧ ਲੋੜ ਸੀ, ਉਸ ਮੌਕੇ ਕੁਝ ਜ਼ੁੰਮੇਵਾਰ ਵਿਅਕਤੀਆਂ ਨੇ ਲਹਿਰ ਨੂੰ ਲਾਵਾਰਸ ਛਡ ਦਿਤਾ। ਲਹਿਰ ਦੀ ਇਸ ਹਾਲਤ ਨੇ ਦੁਸ਼ਮਣ ਦਾ ਕੰਮ ਬਹੁਤ ਸਹਿਲ ਬਣਾ ਦਿਤਾ।

4. ਕਿਸੇ ਵੀ ਲਹਿਰ ਦੀ ਕਾਮਯਾਬੀ ਲਈ ਚੌਥੀ ਲਾਜ਼ਮੀ ਸ਼ਰਤ ਮਜ਼ਬੂਤ ਜਥੇਬੰਦੀ ਦੀ ਹੈ। ਪ੍ਰੋਗਰਾਮ ਕਿੰਨਾਂ ਵੀ ਠੀਕ ਕਿਉਂ ਨਾ ਹੋਵੇ ਅਤੇ ਲੀਡਰਸ਼ਿਪ ਕਿੰਨੀ ਵੀ ਕਾਬਲ ਕਿਉਂ ਨਾ ਹੋਵੇ, ਜੇਕਰ ਪ੍ਰੋਗਰਾਮ ਤੇ ਨੀਤੀਆਂ ਨੂੰ ਲਾਗੂ ਕਰਨ ਵਾਲੀ ਮਜ਼ਬੂਤ ਜਥੇਬੰਦੀ ਨਹੀਂ ਤਾ ਲਹਿਰ ਆਪਣਾ ਟੀਚਾ ਹਾਸਲ ਨਹੀਂ ਕਰ ਸਕਦੀ।

ਇਸ ਪਖੋਂ ਖਾੜਕੂ ਲਹਿਰ ਦੀ ਹਾਲਤ ਜ਼ਿਆਦਾ ਹੀ ਮੰਦੀ ਰਹੀ ਹੈ। ਸਭ ਤੋਂ ਪਹਿਲੀ ਗੱਲ, ਅਗਵਾਈ ਦਾ ਕੋਈ ਇਕ ਬਝਵਾਂ ਕੇਂਦਰ ਨਹੀਂ ਸੀ। ਭਾਵੇਂ 26 ਜਨਵਰੀ 1986 ਦੇ ਸਰਬਤ ਖਾਲਸਾ ਦੁਆਰਾ ਨਿਯੁਕਤ ਕੀਤੀ ਪੰਜ ਮੈਂਬਰੀ ਪੰਥਕ ਕਮੇਟੀ ਦਾ ਮੰਤਵ ਸਮੁਚੇ ਸਿੱਖ ਸੰਘਰਸ਼ ਨੂੰ ਇਕ ਬਝਵੀਂ ਕੇਂਦਰੀ ਲੀਡਰਸ਼ਿਪ ਮੁਹੱਈਆ ਕਰਨਾ ਸੀ ਪਰ ਇਕ ਤਾਂ ਜਿਹੜੀ ਪੰਥਕ ਕਮੇਟੀ ਕਾਇਮ ਕੀਤੀ ਗਈ ਉਹ ਸਿਧਾਂਤਕ ਸੂਝ ਤੇ ਸਿਆਸੀ ਸਮਰਥਾ ਪਖੋਂ ਅਜਿਹਾ ਰੋਲ ਨਿਭਾਅ ਸਕਣ ਦੇ ਉਕਾ ਹੀ ਕਾਬਲ ਨਹੀਂ ਸੀ। ਸਿਟੇ ਵਜੋਂ ਪੰਥਕ ਕਮੇਟੀ ਕਲਪਿਆ ਹੋਇਆ ਮਕਸਦ ਪੂਰਾ ਨਾ ਕਰ ਸਕੀ। ਇਹ ਕਮੇਟੀ ਸਿੱਖ ਸੰਘਰਸ਼ ਨੂੰ ਦਰਪੇਸ਼ ਬੁਨਿਆਦੀ ਸਵਾਲਾਂ ਨਾਲ ਮਥਾ ਡਾਹੁਣ ਦੀ ਥਾਂ ਛੋਟੇ ਛੋਟੇ ਮਸਲਿਆਂ 'ਚ ਉਲਝਕੇ ਰਹਿ ਗਈ । ਥੋੜ੍ਹੀ ਦੇਰ ਬਾਅਦ ਹੀ ਇਸ ਕਮੇਟੀ ਦੇ ਖਿੰਡਾਅ ਦਾ ਅਮਲ ਸ਼ੁਰੂ ਹੋ ਗਿਆ। ਕਮੇਟੀ ਦੇ ਹਰ ਮੈਂਬਰ ਨੇ ਆਪੋ ਆਪਣੀਆਂ ਪੰਥਕ ਕਮੇਟੀਆਂ ਸਥਾਪਤ ਕਰ ਲਈਆਂ। ਇਹੋ ਹਾਲ ਖਾੜਕੂ ਫੋਰਸਾਂ ਦਾ ਹੋਇਆ। ਜਿਸਦਾ ਜਦ ਜੀ ਕੀਤਾ, ਉਸਨੇ ਚੌਧਰ ਕਾਇਮ ਕਰਨ ਲਈ ਆਪਣੀ ਵਖਰੀ ਫੋਰਸ ਜਾਂ ਕਮੇਟੀ ਕਾਇਮ ਕਰ ਲਈ। ਕਿਸੇ ਵੀ ਜਥੇਬੰਦੀ ਅੰਦਰ ਮੈਂਬਰ ਭਰਤੀ ਕਰਨ ਦਾ ਕੋਈ ਨਿਯਮ ਲਾਗੂ ਨਾ ਕੀਤਾ ਗਿਆ। ਮੁਕਾਬਲੇਬਾਜ਼ੀ 'ਚੋਂ ਹਰ ਜਥੇਬੰਦੀ ਅੰਦਰ ਮੈਂਬਰ ਵਧਾਉਣ ਦੀ ਸ਼ਰੀਕਾ-ਦੌੜ ਲਗ ਗਈ। ਹਰ ਜਥੇਬੰਦੀ ਅੰਦਰ ਮਿਆਰ ਦੀ ਬਜਾਇ ਗਿਣਤੀ ਨੂੰ ਤਰਜੀਹ ਦਿਤੀ ਜਾਣ ਲਗੀ। ਅਜਿਹੀ ਹਾਲਤ ਵਿਚ ਕੋਈ ਵੀ ਰਾਜਨੀਤਕ ਜਾਂ ਜਥੇਬੰਦ ਬੰਧੇਜ ਲਾਗੂ ਕਰ ਸਕਣਾ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਸੀ । ਸਿਟੇ ਵਜੋਂ ਲਹਿਰ ਅੰਦਰ ਸਿਰੇ ਦੀ ਆਪੋ-ਧਾਪੀ ਤੇ ਅਫਰਾ-ਤਫਰੀ ਫੈਲ ਗਈ। ਇਸ ਹਾਲਤ ਨੇ ਗੈਰ-ਸਮਾਜੀ ਤੇ ਆਚਰਨਹੀਣ ਵਿਅਕਤੀਆਂ ਦੇ ਵਡੀ ਗਿਣਤੀ ਵਿਚ ਲਹਿਰ ਅੰਦਰ ਘੁਸ ਜਾਣ ਲਈ ਸਾਜ਼ਗਾਰ ਮੌਕੇ ਮੁਹੱਈਆ ਕਰ ਦਿਤੇ। ਪੁਲਸ ਨੇ ਆਪਣੇ ਏਜੰਟ (ਬਲੈਕ ਕੈਟ) ਵੀ ਵਡੀ ਗਿਣਤੀ ਵਿਚ ਲਹਿਰ ਅੰਦਰ ਵਾੜ ਦਿਤੇ। ਕਿਸੇ ਵੀ ਕਿਸਮ ਦੇ ਬਝਵੇਂ ਕੇਂਦਰ ਦੇ ਜ਼ਾਬਤੇ ਦੀ ਅਣਹੋਂਦ ਵਿਚ, ਅਜਿਹੇ ਗੈਰ-ਸਮਾਜੀ ਤਤਾਂ ਨੂੰ ਪਛਾਣਨਾ ਤੇ ਕੰਟਰੋਲ ਕਰਨਾ ਮੁਸ਼ਕਿਲ ਹੋ ਗਿਆ। ਖਾੜਕੂ ਲਹਿਰ ਦੇ ਕੁਝ ਸੁਹਿਰਦ ਹਿਸਿਆਂ ਨੇ ਗਲਤ ਅਨਸਰਾਂ ਦੇ ਸਫ਼ਾਏ ਦਾ ਅਮਲ ਸ਼ੁਰੂ ਕੀਤਾ ਤਾਂ ਲੋਕਾਂ ਨੇ ਇਸਦਾ ਜੀਅ ਜਾਨ ਨਾਲ ਸਵਾਗਤ ਕੀਤਾ। ਪਰ 'ਮਰਜ਼' ਜਿੰਨੀਆਂ ਡੂੰਘੀਆਂ ਜੜ੍ਹਾਂ ਫੜ ਚੁਕੀ ਸੀ, ਉਸਨੂੰ ਕੰਟਰੋਲ ਕਰਨਾ ਵਸੋਂ ਬਾਹਰੀ ਗੱਲ ਹੋ ਗਈ ਸੀ। ਅਖੀਰ 'ਚ ਆ ਕੇ ਹਾਲਤ ਇਹ ਬਣ ਗਈ ਕਿ ਕੋਈ ਵੀ ਜੰਥੇਬੰਦੀ ਅਸੂਲਾਂ ਦੇ ਮਾਮਲੇ 'ਚ ਪਾਕਿ ਨਾ ਰਹਿ ਸਕੀ। ਅਸੂਲਾਂ ਦੀਆਂ ਗੰਭੀਰ ਉਲੰਘਣਨਾਵਾਂ ਹਰ ਜਥੇਬੰਦੀ ਅੰਦਰ ਹੋਣੀਆਂ ਸ਼ੁਰੂ ਹੋ ਗਈਆਂ। ਜਿਸ ਲਹਿਰ ਦੀ ਜੰਥੇਬੰਦਕ ਹਾਲਤ ਇਸ ਕਦਰ ਮਾੜੀ ਹੋਵੇ ਉਸਦੀ ਅਸਫ਼ਲਤਾ ਯਕੀਨੀ ਹੁੰਦੀ ਹੈ। ਖਾੜਕੂ ਲਹਿਰ ਦਾ ਬੇਹਦ ਮਹਿੰਗੀ ਕੀਮਤ ਤਾਰਕੇ

**ਕਿਸੇ ਵੀ ਲਹਿਰ ਦੀ ਕਾਮਯਾਬੀ ਲਈ ਚੌਥੀ ਲਾਜ਼ਮੀ ਸ਼ਰਤ ਮਜ਼ਬੂਤ ਜਥੇਬੰਦੀ ਦੀ ਹੈ। ਪ੍ਰੋਗਰਾਮ ਕਿੰਨਾਂ ਵੀ ਠੀਕ ਕਿਉਂ ਨਾ ਹੋਵੇ ਅਤੇ ਲੀਡਰਸ਼ਿਪ ਕਿੰਨੀ ਵੀ ਕਾਬਲ ਕਿਉਂ ਨਾ ਹੋਵੇ, ਜੇਕਰ ਪ੍ਰੋਗਰਾਮ ਤੇ ਨੀਤੀਆਂ ਨੂੰ ਲਾਗੂ ਕਰਨ ਵਾਲੀ ਮਜ਼ਬੂਤ ਜਥੇਬੰਦੀ ਨਹੀਂ ਤਾ ਲਹਿਰ ਆਪਣਾ ਟੀਚਾ ਹਾਸਲ ਨਹੀਂ ਕਰ ਸਕਦੀ। ਇਸ ਪਖੋਂ ਖਾੜਕੂ ਲਹਿਰ ਦੀ ਹਾਲਤ ਜ਼ਿਆਦਾ ਹੀ ਮੰਦੀ ਰਹੀ ਹੈ।**

ਹਾਸਲ ਕੀਤਾ ਇਹ ਕੌੜਾ ਤਜ਼ਰਬਾ ਭਵਿਖ ਲਈ ਬੜੇ ਹੀ ਲਾਹੇਵੰਦੇ ਸਬਕ ਮੁਹੱਈਆ ਕਰਦਾ ਹੈ।

5. ਲੋਕਾਂ ਦੀ ਵਿਸ਼ਾਲ ਹਮਾਇਤ ਹਰ ਲਹਿਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤ ਹੈ। ਭਾਵੇਂ ਇਹ ਕਹਿਣਾ ਤਾਂ ਗਲਤ ਹੋਵੇਗਾ ਕਿ ਖਾੜਕੂ ਲਹਿਰ ਨੂੰ ਕਿਸੇ ਵੀ ਸਮੇਂ ਸਿੱਖ ਭਾਈਚਾਰੇ ਦੀ ਭਰਵੀਂ ਹਮਾਇਤ ਹਾਸਲ ਨਹੀਂ ਹੋਈ। ਕਈ ਮੌਕੇ ਅਜਿਹੇ ਆਏ ਹਨ ਜਦ ਸਿੱਖ ਜਗਤ ਦੀਆਂ ਭਾਵਨਾਵਾਂ ਖਾੜਕੂ ਸੰਘਰਸ਼ ਨਾਲ ਇਕ ਸੁਰ ਹੋਈਆਂ ਅਤੇ ਸਿੱਖ ਕੌਮ ਦੀਆਂ ਹਮਦਰਦੀਆਂ ਖਾੜਕੂ ਸੰਘਰਸ਼ ਨਾਲ ਜੁੜੀਆਂ। ਪਰ ਅਜਿਹਾ ਜ਼ਿਆਦਾ ਕਰਕੇ ਆਪ ਮੁਹਾਰੇ ਤੌਰ 'ਤੇ ਹੀ ਹੋਇਆ। ਖਾੜਕੂ ਸੰਘਰਸ਼ ਦੀਆਂ ਸੰਚਾਲਕ ਤਾਕਤਾਂ ਨੇ ਸਿੱਖ ਕੌਮ ਦੀ ਸਿਆਸੀ ਹਮਾਇਤ ਜੁਟਾਉਣ ਲਈ ਆਪਣੇ ਵੱਲੋਂ ਕੋਈ ਬਹੁਤੇ ਸੁਚੇਤ ਯਤਨ ਨਹੀਂ ਕੀਤੇ। ਸਿੱਖ ਜਗਤ ਅੰਦਰ ਖਾੜਕੂ ਲਹਿਰ ਦੀਆਂ ਕਈਂ ਨੀਤੀਆਂ ਤੇ ਅਮਲਾਂ ਪ੍ਰਤੀ ਸ਼ੰਕੇ ਜਾਂ ਇਤਰਾਜ਼ ਉਠਦੇ ਰਹੇ ਹਨ ਪਰ ਲੋਕਾਂ ਨੂੰ ਦਲੀਲਬਾਜ਼ੀ ਨਾਲ ਕਾਇਲ ਕਰਨ ਦੀ ਬਜਾਇ ਏ. ਕੇ. ਸੰਤਾਲੀ ਦੀ ਦਹਿਸ਼ਤ ਨਾਲ ਚੁਪ ਕਰਵਾਉਣ ਦੀ ਧਕੜ ਬਿਰਤੀ ਕਾਰਨ ਖਾੜਕੂ ਲਹਿਰ ਦਾ ਸਿੱਖ ਸੰਗਤਾਂ ਨਾਲ ਸੁਘੜ ਸੰਵਾਦ ਅਤੇ ਰਾਬਤਾ ਕਾਇਮ ਨਹੀਂ ਹੋ ਸਕਿਆ। ਇਸ ਮੌਕੇ ਵੀ ਸਿੱਖ ਕੌਮ ਅੰਦਰ ਸਿਧਾਂਤਕ ਤੇ ਸਿਆਸੀ ਮੁਦਿਆਂ ਬਾਰੇ ਵਡੀ ਪਧਰ 'ਤੇ ਸਮਝ ਤੇ ਵਖਰੇਵੇਂ ਤੇ ਘਚੋਲਾ ਮੌਜੂਦ ਹੈ। ਸਿੱਖ ਸੰਘਰਸ਼ ਦੀ ਵਾਜਬੀਅਤ, ਇਸਦੇ ਨਿਸ਼ਾਨੇ ਅਤੇ ਅਪਨਾਏ ਜਾਣ ਵਾਲੇ ਢੰਗ-ਤਰੀਕਿਆਂ ਤੇ ਸਾਧਨਾਂ ਬਾਰੇ ਅਡ ਅਡ ਸਮਝਾਂ ਤੇ ਵਖ ਵਖ ਰਾਵਾਂ ਦੇਖਣ ਨੂੰ ਮਿਲ ਰਹੀਆਂ ਹਨ। ਸਿੱਖ ਜਗਤ ਦੇ ਵਡੇ ਹਿਸਿਆਂ ਨੂੰ ਸਿੱਖ ਕੌਮ ਦੀ ਆਜ਼ਾਦੀ ਦੀ ਜਦੋ-ਜਹਿਦ ਦੇ ਪਖ ਵਿਚ ਕਾਇਲ ਕਰਨ ਤੇ ਲਾਮਬੰਦ ਕਰਨ ਦਾ ਕਾਰਜ ਅਜੇ ਦੁਰੇਡਾ ਤੇ ਅਧੂਰਾ ਪਿਆ ਹੈ। ਇਸ ਕਰਕੇ ਖਾੜਕੂ ਲਹਿਰ ਨੂੰ ਸਿੱਖ ਜਗਤ ਦੀ ਭਰਵੀਂ ਹਮਾਇਤ ਹਾਸਲ ਕਰਨ ਲਈ ਅਜੇ ਬੜੇ ਹੀ ਸੁਘੜ ਤੇ ਸਿਰੜੀ ਯਤਨ ਕਰਨੇ ਪੈਣੇ ਹਨ। ਇਨ੍ਹਾਂ ਬੁਨਿਆਦੀ ਗੱਲਾਂ ਤੋਂ ਬਾਅਦ ਹੁਣ ਅਡ-ਅਡ ਨੁਕਤਿਆਂ ਬਾਰੇ ਚਰਚਾ ਕਰਦੇ ਹਾਂ।

## ਨੈਤਿਕਤਾ ਦਾ ਮਸਲਾ

ਇਹ ਧਾਰਨਾ ਆਮ ਪਾਈ ਜਾਂਦੀ ਹੈ ਕਿ ਖਾੜਕੂਆਂ ਦੀ ਵਡੀ ਗਿਣਤੀ ਆਪਣੇ ਸੰਘਰਸ਼ਸ਼ੀਲ ਅਮਲ ਦੌਰਾਨ ਸਦਾਚਾਰਕ ਮਿਆਰਾਂ ਨੂੰ ਕਾਇਮ ਨਹੀਂ ਰਖ ਸਕੀ। ਖਾੜਕੂਆਂ ਉਤੇ ਬੰਦੂਕ ਦੇ ਜ਼ੋਰ ਧਨ ਉਗਰਾਹੁਣ, ਇਸ ਧਨ ਦੀ ਆਪਣੀ ਨਿਜੀ ਐਸ਼ੋ-ਇਸ਼ਰਤ ਜਾਂ ਜ਼ਮੀਨ-ਜਾਇਦਾਦ ਖਰੀਦਣ ਲਈ ਵਰਤੋਂ ਕਰਨ, ਆਪਣੇ ਨਾਂ ਚਮਕਾਉਣ ਦੀ ਲਾਲਸਾ ਦਾ ਪ੍ਰਗਟਾਵਾ ਕਰਨ ਦੇ ਦੋਸ਼ ਆਮ ਲਗ ਰਹੇ ਹਨ। ਤਥ ਦੇ ਤੌਰ 'ਤੇ ਇਹ ਮੰਨਣਾ ਪਵੇਗਾ ਕਿ ਉਪਰ ਗਿਣੇ ਅਨੈਤਿਕ ਅਮਲਾਂ ਦਾ ਖਾੜਕੂ ਲਹਿਰ ਅੰਦਰ ਵਡੀ ਪਧਰ ਤੇ ਪ੍ਰਗਟਾਵਾ ਹੋਇਆ ਹੈ। ਪਰ ਇਸ ਮਸਲੇ ਨੂੰ ਦੋ ਪਖਾਂ ਤੋਂ ਦੇਖਣ ਦੀ ਲੋੜ ਹੈ। ਇਕ ਤਾਂ ਆਮ ਕਹਾਵਤ ਹੈ ਕਿ ਇਕ ਮਛਲੀ ਸਾਰੇ ਜਲ ਨੂੰ ਗੰਦਾ ਕਰ ਦਿੰਦੀ ਹੈ ਅਤੇ ਸਾਧਾਰਨ ਨਜ਼ਰ ਲਈ ਗੰਦੇ ਪਾਣੀ ਵਿਚ ਸਵਛ ਤੇ ਮਲੀਨ ਮਛਲੀ ਵਿਚ ਫਰਕ ਕਰ ਸਕਣਾ ਸੰਭਵ ਨਹੀਂ ਹੁੰਦਾ। ਖਾੜਕੂ ਲਹਿਰ ਦੇ ਮਾਮਲੇ 'ਚ ਹਾਲਤ ਠੀਕ ਇਹੋ ਬਣੀ ਹੋਈ ਹੈ। ਜਿਵੇਂ ਕਿ ਪਿਛੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਖਾੜਕੂ ਲਹਿਰ ਅੰਦਰ ਕੁਝ ਗੈਰ-ਸਮਾਜੀ ਤੇ ਜਰਾਇਮ ਪੇਸ਼ਾ ਅਨਸਰ ਵਡੀ ਗਿਣਤੀ ਵਿਚ ਘੁਸ ਆਏ ਸਨ। ਅਜਿਹੇ ਅਨਸਰਾਂ ਦੇ ਦਾਖਲੇ 'ਤੇ ਰੋਕ ਨਾ ਲਾ ਸਕਣਾ ਖਾੜਕੂ ਲਹਿਰ ਤੇ ਲੀਡਰਸ਼ਿਪ ਦੀ ਵਡੀ ਕਮਜ਼ੋਰੀ ਸਾਬਤ ਹੋਈ ਹੈ। ਅਜਿਹੇ ਗੰਦੇ ਅਨਸਰਾਂ ਨੇ ਲਹਿਰ ਅੰਦਰ ਸ਼ਾਮਲ ਹੋ ਕੇ ਹਰ ਕਿਸਮ ਦੇ ਅਨੈਤਿਕ ਅਮਲ ਚਲਾਏ। ਅਜਿਹੇ ਅਮਲਾਂ ਦਾ ਪ੍ਰਚਾਰ ਐਨਾ ਵਿਆਪਕ ਹੋਇਆ ਕਿ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਸਮੁਚੀ ਲਹਿਰ ਬਦੂ ਹੋ ਗਈ। ਹਾਲਾਂਕਿ ਹਕੀਕਤ ਇਹ ਹੈ ਕਿ ਸੈਂਕੜੇ ਖਾੜਕੂ ਅਜਿਹੇ ਹੋਏ ਹਨ ਜਿਨ੍ਹਾਂ ਨੇ ਆਪਣੇ ਸਾਰੇ. ਸੰਘਰਸ਼ਮਈ ਜੀਵਨ ਦੌਰਾਨ ਨੈਤਿਕ ਕੀਮਤਾਂ ਦਾ ਪਲਾ ਨਹੀਂ ਛਡਿਆ। ਲਖਾਂ ਰੁਪਿਆ ਹਥ ਵਿਚ ਹੋਣ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਨਿਜੀ ਵਰਤੋਂ ਲਈ ਇਕ ਪੈਸਾ ਤਕ ਨਹੀਂ ਖਰਚਿਆ। ਸਾਰੀ ਮਾਇਆ ਸੰਘਰਸ਼ ਦੀਆਂ ਲੋੜਾਂ ਦੇ ਲੇਖੇ ਲਾਈ। ਅਜਿਹੇ ਖਾੜਕੂਆਂ ਦੀ ਗਿਣਤੀ ਵੀ ਕੋਈ ਘਟ ਨਹੀਂ ਜਿਨ੍ਹਾਂ ਨੇ ਸ਼ੋਹਰਤ ਦੀ ਲਾਲਸਾ ਤੋਂ ਦੂਰ, ਗੁੰਮਨਾਮ ਰਹਿੰਦਿਆਂ ਖਾੜਕੂ ਸੰਘਰਸ਼ ਲਈ ਹਮੇਸ਼ਾ ਯਾਦ ਰਹਿਣ ਵਾਲੀਆਂ ਕੁਰਬਾਨੀਆਂ ਕੀਤੀਆਂ। ਪਰ ਕੁਝ ਅਨਸਰਾਂ ਦੇ ਗਲਤ ਅਮਲਾਂ ਨੇ ਅਜ ਹਾਲਤ ਇਹ ਬਣਾ ਦਿਤੀ ਹੈ ਕਿ ਭਰਮ ਗ੍ਰਸੀਆਂ ਨਜ਼ਰਾਂ ਨੂੰ ਸ਼ੁਧ ਸੋਨਾ ਵੀ ਪਿਤਲ ਦਿਖਾਈ ਦੇਣ ਲਗ ਪਿਆ। ਇਹ ਹਾਲਾਤ ਦਾ ਬਹੁਤ ਹੀ ਅਫ਼ਸੋਸਨਾਕ ਪਹਿਲੂ ਹੈ। ਪਰ ਅਜਿਹੀ ਹਾਲਤ ਪੈਦਾ ਕਰਨ ਵਿਚ ਖਾੜਕੂ ਲੀਡਰਸ਼ਿਪ ਆਪਣੀ ਜ਼ੁੰਮੇਵਾਰੀ ਤੋਂ

ਲੋਕਾਂ ਦੀ ਵਿਸ਼ਾਲ ਹਮਾਇਤ ਹਰ ਲਹਿਰ ਦੀ ਸਫ਼ਲਤਾ ਲਈ ਜ਼ਰੂਰੀ ਸ਼ਰਤ ਹੈ। ਭਾਵੇਂ ਇਹ ਕਹਿਣਾ ਤਾਂ ਗਲਤ ਹੋਵੇਗਾ ਕਿ ਖਾੜਕੂ ਲਹਿਰ ਨੂੰ ਕਿਸੇ ਵੀ ਸਮੇਂ ਸਿੱਖ ਭਾਈਚਾਰੇ ਦੀ ਭਰਵੀਂ ਹਮਾਇਤ ਹਾਸਲ ਨਹੀਂ ਹੋਈ। ਕਈ ਮੌਕੇ ਅਜਿਹੇ ਆਏ ਹਨ ਜਦ ਸਿੱਖ ਜਗਤ ਦੀਆਂ ਭਾਵਨਾਵਾਂ ਖਾੜਕੂ ਸੰਘਰਸ਼ ਨਾਲ ਇਕ ਸੁਰ ਹੋਈਆਂ ਅਤੇ ਸਿੱਖ ਕੌਮ ਦੀਆਂ ਹਮਦਰਦੀਆਂ ਖਾੜਕੂ ਸੰਘਰਸ਼ ਨਾਲ ਜੁੜੀਆਂ। ਪਰ ਅਜਿਹਾ ਜ਼ਿਆਦਾ ਕਰਕੇ ਆਪ ਮੁਹਾਰੇ ਤੌਰ 'ਤੇ ਹੀ ਹੋਇਆ। ਖਾੜਕੂ ਸੰਘਰਸ਼ ਦੀਆਂ ਸੰਚਾਲਕ ਤਾਕਤਾਂ ਨੇ ਸਿੱਖ ਕੌਮ ਦੀ ਸਿਆਸੀ ਹਮਾਇਤ ਜੁਟਾਉਣ ਲਈ ਆਪਣੇ ਵੱਲੋਂ ਕੋਈ ਬਹੁਤੇ ਸੁਚੇਤ ਯਤਨ ਨਹੀਂ ਕੀਤੇ।

ਸੁਰਖ਼ਰੂ ਨਹੀਂ ਹੋ ਸਕਦੀ। ਗਲਤ ਅਨਸਰਾਂ ਨੂੰ ਲਗਾਮ ਦੇਣ ਦੀ ਜ਼ੁੰਮੇਵਾਰੀ ਲੀਡਰਸ਼ਿਪ ਦੀ ਹੀ ਬਣਦੀ ਸੀ। ਪਰ ਇਸ ਮਸਲੇ ਬਾਰੇ ਚੇਤੰਨਤਾ ਦੀ ਘਾਟ ਕਾਰਨ ਲੀਡਰਸ਼ਿਪ ਇਸ ਰੋਗ ਦੀ ਜੰਮਦਿਆਂ ਹੀ ਰੋਕ ਥਾਮ ਨਾ ਕਰ ਸਕੀ ਅਤੇ ਜਦ ਪਾਣੀ ਸਿਰਾਂ ਤੋਂ ਦੀ ਵਹਿ ਤੁਰਿਆ ਤਾਂ ਇਹ ਬਹੁਤ ਕੁਝ ਰੋੜ੍ਹ ਕੇ ਲੈ ਗਿਆ। ਇਹ ਤਥ ਮੰਨਣ ਵਿਚ ਵੀ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਖ਼ੁਦ ਲੀਡਰਸ਼ਿਪ ਦੇ ਕੁਝ ਹਿਸੇ ਜਾਂ ਅਜਿਹੇ ਵਿਅਕਤੀ ਜੋ ਲੋਕਾਂ ਦੀਆਂ ਨਜ਼ਰਾਂ 'ਚ ਖਾੜਕੂ ਲਹਿਰ ਦੇ ਆਗੂਆਂ ਵਜੋਂ ਜਾਣੇ ਜਾਂਦੇ ਸਨ, ਵੀ ਇਸ ਰੋਗ ਦੇ ਅਸਰ ਹੇਠ ਆਏ ਹੋਏ ਸਨ। ਇਸ ਕਰਕੇ ਉਹ ਲਹਿਰ ਅੰਦਰ ਆਏ ਨੈਤਿਕ ਨਿਘਾਰਾਂ ਖਿਲਾਫ਼ ਮਹਿਜ਼ ਦਿਖਾਵੇ ਲਈ ਬਿਆਨਬਾਜ਼ੀ ਕਰਦੇ ਰਹੇ। ਅਸਲ ਵਿਚ ਉਹਨਾਂ ਅੰਦਰ ਇਨ੍ਹਾਂ ਗਲਤ ਰੁਝਾਨਾਂ ਖਿਲਾਫ਼ ਲੜਨ ਦਾ ਨਾ ਇਰਾਦਾ ਸੀ ਨਾ ਨਿਹਚਾ। ਇਨ੍ਹਾਂ ਵਿਅਕਤੀਆਂ ਦੀ 'ਮਨ ਹੋਰੁ ਮੁਖ ਹੋਰੁ' ਵਾਲੀ ਪੋਜ਼ੀਸ਼ਨ ਨੇ ਖਾੜਕੂ ਲਹਿਰ ਦੇ ਵੱਕਾਰ ਤੇ ਭਰੋਸੇਯੋਗਤਾ ਨੂੰ ਗਹਿਰੀ ਸਟ ਮਾਰੀ।

ਨੈਤਿਕਤਾ ਦੇ ਮਸਲੇ ਨੂੰ ਇਕ ਹੋਰ ਪਖ ਤੋਂ ਵੀ ਦੇਖਣ ਦੀ ਲੋੜ ਹੈ। ਇਹ ਮਸਲਾ ਨਿਰੋਲ ਖਾੜਕੂ ਲਹਿਰ ਦਾ ਨਹੀਂ। ਖਾੜਕੂ ਲਹਿਰ ਅੰਦਰ ਵਧ ਕੁਢਰ ਰੂਪ 'ਚ ਜ਼ਾਹਰ ਹੋਏ ਉਪਰੋਕਤ ਲਛਣ ਸਮੁਚੇ ਸਿੱਖ ਸਮਾਜ ਅੰਦਰ ਫੈਲੇ ਵਿਆਪਕ ਰੋਗ ਦੀ ਹੀ ਪਰਤਵੀਂ ਤਸਵੀਰ(reflection) ਹਨ। ਮਿਸਾਲ ਵਜੋਂ ਮਾਇਆ ਦੀ ਭੁਖ ਨਿਰੋਲ ਖਾੜਕੂ ਲਹਿਰ ਦੀ ਮਰਜ਼ ਨਹੀਂ, ਸਿੱਖ ਸਮਾਜ ਸਮੇਤ ਇਹ ਅਜੋਕੀ ਸੁਸਾਇਟੀ ਦਾ ਆਮ ਲਛਣ ਬਣਿਆ ਹੋਇਆ ਹੈ। ਪਦਾਰਥਵਾਦ ਦੇ ਅਜੋਕੇ ਮਾਹੌਲ ਅੰਦਰ ਰੂਹਾਨੀ ਕਦਰਾਂ ਕੀਮਤਾਂ ਦੀ ਜਗ੍ਹਾ ਉਪਭੋਗਵਾਦੀ(consumerist) ਰੁਚੀਆਂ ਤੇ ਬਿਰਤੀਆਂ ਦਾ ਬੋਲਬਾਲਾ ਹੈ। ਸਿੱਖ ਸਮਾਜ ਵੀ ਸਰਮਾਏਦਾਰੀ ਤੇ ਪਦਾਰਥਵਾਦ ਦੇ ਇਸ ਅੰਨ੍ਹੇ ਵੇਗ ਦੀ ਜਕੜ ਵਿਚ ਆਇਆ ਹੈ।

ਮਿਸਾਲ ਵਜੋਂ ਜਦ ਅਸੀਂ ਅਕਾਲੀ ਦਲ ਦੇ ਆਗੂਆਂ ਤੇ ਕਾਰਕੁਨਾਂ ਵਲ ਵੇਖਦੇ ਹਾਂ ਤਾਂ ਉਹ ਉਨ੍ਹਾਂ ਅਨੈਤਿਕ ਅਮਲਾਂ ਤੋਂ, ਜਿਨ੍ਹਾਂ ਦਾ ਦੋਸ਼ ਖਾੜਕੂਆਂ ਜ਼ੁੰਮੇ ਆਮ ਲਗਦਾ ਹੈ, ਕਿਸੇ ਵੀ ਤਰ੍ਹਾਂ ਸੁਰਖ਼ਰੂ ਨਹੀਂ ਹਨ। ਅਕਾਲੀ ਹਕੂਮਤਾਂ ਦੌਰਾਨ ਵਜ਼ਾਰਤੀ ਅਹੁਦਿਆਂ 'ਤੇ ਬਿਰਾਜਮਾਨ ਰਹੇ ਜ਼ਿਆਦਾਤਰ 'ਭਦਰਪੁਰਸ਼ਾਂ' ਦਾ ਵਿਹਾਰ ਕੀ ਰਿਹਾ ਹੈ? ਹਰ ਕੋਈ ਜਾਣਦਾ ਹੈ ਕਿ ਉਹਨਾਂ ਨੇ ਆਪਣੇ ਅਹੁਦੇ ਤੇ ਰੁਤਬੇ ਦੀ ਦੁਰਵਰਤੋਂ ਕਰਕੇ ਲਖਾਂ ਰੁਪੈ ਕਮਾਏ ਹਨ ਅਤੇ ਤਕੜੀਆਂ ਜਾਇਦਾਦਾਂ ਬਣਾ ਲਈਆਂ ਹਨ। ਕਾਂਗਰਸੀ ਵਜ਼ੀਰਾਂ ਨੇ ਤਾਂ ਇਸ ਮਾਮਲੇ 'ਚ ਸਾਰੇ ਰਿਕਾਰਡ ਹੀ ਮਾਤ ਪਾ ਦਿਤੇ ਹਨ। ਫ਼ਰਕ ਸਿਰਫ਼ ਇੰਨਾਂ ਕੁ ਹੈ ਕਿ ਖਾੜਕੂਆਂ ਨੇ ਸੱਤਾ ਤੋਂ ਵਿਰਵੇ ਹੋਣ ਕਰਕੇ ਜੋ ਕੰਮ ਬੰਦੂਕ ਦੀ ਦਹਿਸ਼ਤ ਨਾਲ ਕੀਤੇ ਹਨ, ਸੱਤਾ ਤੇ ਕਾਬਜ਼ ਲੋਕ ਉਹ ਕਾਂਗਰਸੀ ਹੋਣ ਜਾਂ ਅਕਾਲੀ ਉਹੋ ਕੰਮ ਆਪਣੇ ਅਹੁਦੇ ਪੁਜ਼ੀਸ਼ਨ ਤੇ ਅਸਰ ਰਸੂਖ਼ ਨਾਲ ਕਰ ਰਹੇ ਹਨ ਜਾਂ ਕਰਦੇ ਰਹੇ ਹਨ। ਕਿਸੇ ਘਟ ਤੋਂ ਘਟ ਬਦਨਾਮ ਅਕਾਲੀ ਵਜ਼ੀਰ ਨੇ ਕਿਸੇ ਵਧ ਤੋਂ ਵਧ ਬਦਨਾਮ ਹੋਏ ਅਖੌਤੀ 'ਖਾੜਕੂ' ਨਾਲੋਂ ਕਈ ਗੁਣਾਂ ਵਧ ਪੈਸਾ ਕਮਾਇਆ ਹੋਣੈ। ਫ਼ਰਕ ਸਿਰਫ਼ ਇਹ ਹੈ ਕਿ ਇਕ ਦੇ ਅਮਲਾਂ ਉਤੇ 'ਲੁਟ ਖੋਹ' ਦਾ ਲੇਬਲ ਲਗ ਗਿਆ ਹੈ ਅਤੇ ਦੂਸਰੇ ਦੀ ਲੁਟ ਖੋਹ ਉਤੇ ਕਾਨੂੰਨੀ ਪਰਦਾਪੋਸ਼ੀ ਹੋ ਗਈ ਹੈ ਜਾਂ ਇਸ ਲੁਟ ਖੋਹ ਨੂੰ ਰਿਸ਼ਵਤਖੋਰੀ ਦੇ ਨਰਮ ਜਿਹੇ ਗੁਨਾਹ ਦਾ ਨਾਂ ਦੇ ਕੇ ਅਣਗੌਲਿਆ ਕਰ ਦਿਤਾ ਜਾਂਦਾ ਹੈ। ਇਥੇ ਸਾਡਾ ਮੰਤਵ ਖਾੜਕੂਆਂ ਵਲੋਂ ਬੰਦੂਕ ਦੇ ਜ਼ੋਰ ਕੀਤੀਆ ਉਗਰਾਹੀਆਂ ਨੂੰ ਵਾਜਬ ਠਹਿਰਾਉਣਾ ਨਹੀਂ। ਅਸੀਂ ਇਸਨੂੰ ਬੱਜਰ ਗੁਨਾਹ ਸਮਝਦੇ ਹਾਂ। ਸਾਡਾ ਮਕਸਦ ਇਹ ਦਰਸਾਉਣਾ ਹੈ ਕਿ ਖਾੜਕੂਆਂ ਅੰਦਰ ਪ੍ਰਗਟ ਹੋਈਆਂ ਅਜਿਹੀਆਂ ਨੈਤਿਕ ਕਮਜ਼ੋਰੀਆਂ ਨੂੰ ਵਡੇ ਸੰਦਰਭ 'ਚ ਰਖ ਕੇ ਦੇਖਿਆ ਜਾਵੇ ਅਤੇ ਸਿੱਖ ਕੌਮ ਨੂੰ ਪਦਾਰਥਵਾਦ ਤੇ ਉਪਭੋਗਵਾਦ ਦੇ ਮਾਰੂ ਅਸਰਾਂ ਤੋਂ ਬਚਾਉਣ ਲਈ ਵਡੇ ਉਪਰਾਲੇ ਕੀਤੇ ਜਾਣ। ਨੈਤਿਕ ਮਿਆਰਾਂ ਦੇ ਮਾਮਲੇ 'ਚ ਬਦੂ ਹੋਏ ਅਖੌਤੀ 'ਖਾੜਕੂਆਂ' ਦੇ ਨਾਲ ਹੀ ਪਤਵੰਤੇ ਸਮਝੇ ਜਾ ਰਹੇ ਅਕਾਲੀ ਮਹਾਂਰਥੀਆਂ ਨੂੰ ਵੀ ਬਰਾਬਰ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇ।

ਸ਼ੁਹਰਤ ਦੀ ਭੁਖ ਦੇ ਮਾਮਲੇ 'ਚ ਵੀ ਇਹੋ ਗੱਲ ਲਾਗੂ ਹੁੰਦੀ ਹੈ। ਇਸ ਗੱਲ 'ਚ ਕੋਈ ਸ਼ਕ ਨਹੀਂ ਕਿ ਕੁਝ ਖਾੜਕੂਆਂ ਨੇ ਆਪਣੇ ਨਾਂ ਚਮਕਾਉਣ ਦੀ ਭੁਖ ਦਾ ਬਹੁਤ ਹੀ ਕੋਝਾ ਪਰਗਟਾਵਾ ਕੀਤਾ ਹੈ। ਪਰ ਕੀ ਅਕਾਲੀ ਆਗੂ ਤੇ ਕਾਰਕੁਨ ਇਸ ਰੋਗ ਤੋਂ ਮੁਕਤ ਕਹੇ ਜਾ ਸਕਦੇ ਹਨ? ਅਖ਼ਬਾਰਾਂ ਵਿਚ ਬਿਆਨ ਛਪਵਾਉਣ ਤੋਂ ਲੈ ਕੇ ਇਸ਼ਤਿਹਾਰਾਂ ਵਿਚ ਨਾਂ ਦੇਣ ਤਕ ਦੀ ਜੋ ਹੋੜ ਤੇ ਹਾਬੜ ਦੇਖਣ ਨੂੰ ਮਿਲ ਰਹੀ ਹੈ, ਉਸ ਨਾਲ ਸਮੁਚੀ ਕੌਮ ਦਾ ਸਿਰ ਸ਼ਰਮ ਨਾਲ ਨੀਵਾਂ ਹੋ ਰਿਹਾ ਹੈ। ਫੈਡਰੇਸ਼ਨਾਂ, ਯੂਥ ਵਿੰਗਾਂ ਤੇ ਅਕਾਲੀ ਦਲਾਂ ਦੇ ਅਹੁਦੇ ਲੈਣ ਲਈ ਤਰਲੋਮੱਛੀ ਹੋ ਰਹੇ ਲੋਕ ਜਦ ਖਾੜਕੂਆਂ ਉਤੇ 'ਚੌਧਰ ਦੀ ਭੁਖ' ਦਾ ਦੋਸ਼ ਲਾਉਂਦੇ ਹਨ ਤਾਂ ਉਹ ਦੰਭ ਤੇ ਮੱਕਾਰਪੁਣੇ ਦੇ ਸਭ ਹਦਾਂ ਬੰਨ੍ਹੇ ਟਪ ਰਹੇ ਹਨ। ਮਾਮੂਲੀ ਅਹੁਦਾ ਮਿਲ ਜਾਣ ਉਤੇ ਅਖ਼ਬਾਰਾਂ ਅੰਦਰ ਫੋਟੋਆਂ ਸਮੇਤ

ਅਜਿਹੇ ਖਾੜਕੂਆਂ ਦੀ ਗਿਣਤੀ ਵੀ ਕੋਈ ਘਟ ਨਹੀਂ ਜਿਨ੍ਹਾਂ ਨੇ ਸ਼ੋਹਰਤ ਦੀ ਲਾਲਸਾ ਤੋਂ ਦੂਰ, ਗੁੰਮਨਾਮ ਰਹਿੰਦਿਆਂ ਖਾੜਕੂ ਸੰਘਰਸ਼ ਲਈ ਹਮੇਸ਼ਾ ਯਾਦ ਰਹਿਣ ਵਾਲੀਆਂ ਕੁਰਬਾਨੀਆਂ ਕੀਤੀਆਂ। ਪਰ ਕੁਝ ਅਨਸਰਾਂ ਦੇ ਗਲਤ ਅਮਲਾਂ ਨੇ ਅਜ ਹਾਲਤ ਇਹ ਬਣਾ ਦਿਤੀ ਹੈ ਕਿ ਭਰਮ ਗ੍ਰਸੀਆਂ ਨਜ਼ਰਾਂ ਨੂੰ ਸ਼ੁਧ ਸੋਨਾ ਵੀ ਪਿਤਲ ਦਿਖਾਈ ਦੇਣ ਲਗ ਪਿਆ। ਇਹ ਹਾਲਾਤ ਦਾ ਬਹੁਤ ਹੀ ਅਫ਼ਸੋਸਨਾਕ ਪਹਿਲੂ ਹੈ। ਪਰ ਅਜਿਹੀ ਹਾਲਤ ਪੈਦਾ ਕਰਨ ਵਿਚ ਖਾੜਕੂ ਲੀਡਰਸ਼ਿਪ ਆਪਣੀ ਜ਼ੁੰਮੇਵਾਰੀ ਤੋਂ ਸੁਰਖ਼ਰੂ ਨਹੀਂ ਹੋ ਸਕਦੀ। ਗਲਤ ਅਨਸਰਾਂ ਨੂੰ ਲਗਾਮ ਦੇਣ ਦੀ ਜ਼ੁੰਮੇਵਾਰੀ ਲੀਡਰਸ਼ਿਪ ਦੀ ਹੀ ਬਣਦੀ ਸੀ।

'ਧੰਨਵਾਦ' ਤੇ 'ਵਧਾਈਆਂ' ਦੇ ਇਸ਼ਤਿਹਾਰ ਛਪਵਾਉਣ ਦੀ ਰੀਤ ਸਿੱਖ ਕੌਮ ਅੰਦਰ ਆਏ ਨੈਤਿਕ ਨਿਘਾਰਾਂ ਦੀ ਜ਼ੋਰਦਾਰ ਚਿਤਾਵਨੀ ਦੇ ਰਹੀ ਹੈ। ਖਾਲਸਈ ਕਿਰਦਾਰ ਲਈ ਮਿਹਣਾ ਤੇ ਕਲੰਕ ਬਣੇ ਇਹਨਾਂ ਨਿਘਾਰਵਾਦੀ ਰੁਝਾਨਾਂ ਖਿਲਾਫ਼ ਵਿਆਪਕ ਪਧਰ 'ਤੇ ਚੇਤਨਾ ਪੈਦਾ ਕਰਨ ਦੀ ਲੋੜ ਹੈ।

## ਅਕਾਲੀ ਆਗੂਆਂ ਪ੍ਰਤੀ ਪਹੁੰਚ

'ਸਾਕਾ ਨੀਲਾ ਤਾਰਾ' ਤੋਂ ਬਾਅਦ ਖਾੜਕੂ ਲਹਿਰ ਦੀ ਰਵਾਇਤੀ ਅਕਾਲੀ ਆਗੂਆਂ ਪ੍ਰਤੀ ਪਹੁੰਚ ਤੇ ਰਵੱਈਆ ਦੁਸ਼ਮਣਾਂ ਵਾਲਾ ਰਿਹਾ ਹੈ। ਅਕਾਲੀ ਆਗੂਆਂ ਨੂੰ 'ਸਿੱਖ ਕੌਮ ਦੇ ਗਦਾਰ' ਅਤੇ 'ਸਿੱਖ ਸੰਘਰਸ਼ ਦੇ ਰਾਹ ਦੀਆਂ ਰੁਕਾਵਟਾਂ' ਸਮਝਿਆ ਜਾਂਦਾ ਰਿਹਾ, ਅਤੇ ਇਸੇ ਸਮਝ ਅਧੀਨ ਉਨ੍ਹਾਂ ਦੇ ਜਿਸਮਾਨੀ ਖਾਤਮੇ ਦੀ ਨੀਤੀ ਅਮਲ ਵਿਚ ਲਿਆਂਦੀ ਗਈ ।

ਹੁਣ ਜਦ ਕਿ ਸਿੱਖ ਸੰਘਰਸ਼ ਦੇ ਅੰਦਰੂਨੀ ਖ਼ੂਨ ਖਰਾਬੇ ਦਾ ਇਕ ਦੌਰ ਪੂਰਾ ਹੋ ਚੁਕਾ ਹੈ ਅਤੇ ਜਜ਼ਬਾਤੀ ਉਬਾਲ ਠੰਡੇ ਪੈ ਚੁਕੇ ਹਨ ਤਾਂ ਅਕਾਲੀ ਆਗੂਆਂ ਪ੍ਰਤੀ ਸਮੁਚੀ ਪਹੁੰਚ ਅਤੇ ਰਣਨੀਤੀ ਉਤੇ ਪੜਚੋਲਵੀਂ ਪਿਛਲ ਝਾਤ ਮਾਰਨ ਦੀ ਲੋੜ ਹੈ ।

ਜਿਥੋਂ ਤਕ ਰਵਾਇਤੀ ਅਕਾਲੀ ਆਗੂਆਂ ਦੇ ਵਿਅਕਤੀਗਤ ਕਿਰਦਾਰ ਅਤੇ ਰਾਜਨੀਤਕ ਸੋਚ ਦਾ ਸੰਬੰਧ ਹੈ, ਉਨ੍ਹਾਂ ਦੀ ਜਗ੍ਹਾ ਦੋਸ਼ੀਆਂ ਦੇ ਕਟਹਿਰੇ ਵਿਚ ਹੀ ਬਣਦੀ ਹੈ। ਉਨ੍ਹਾਂ ਦੇ ਸਿਆਸੀ ਐਬ ਛੁਪੇ ਹੋਏ ਨਹੀਂ। ਉਨ੍ਹਾਂ ਨੇ ਬੀਤੇ ਸਮੇਂ ਦੌਰਾਨ ਹਰ ਅਹਿਮ ਮੋੜ 'ਤੇ ਸਿੱਖ ਸੰਘਰਸ਼ ਤੇ ਪੰਥਕ ਹਿਤਾਂ ਨਾਲ ਦਗ਼ਾ ਕਮਾਕੇ ਆਪਣੀਆਂ ਨਿਜੀ ਲਾਲਸਾਵਾਂ ਨੂੰ ਪਠੇ ਪਾਏ ਹਨ। ਨਿਸ਼ਕਾਮ ਸੇਵਾ, ਤਿਆਗ, ਅਤੇ ਕੁਰਬਾਨੀ ਦੇ ਸਦਾਚਾਰਕ ਗੁਣ ਖਾਲਸਈ ਕਿਰਦਾਰ ਦਾ ਅਟੁਟ ਅੰਗ ਸਮਝੇ ਜਾਂਦੇ ਸਨ ਪਰ ਸਠਵਿਆਂ ਤੋਂ ਬਾਅਦ ਰਵਾਇਤੀ ਅਕਾਲੀ ਆਗੂਆਂ ਦੇ ਸਮੁਚੇ ਰਾਜਨੀਤਕ ਵਿਹਾਰ ਅੰਦਰ ਖੁਦਪ੍ਰਸਤ ਸੋਚਾਂ ਤੇ ਬਿਰਤੀਆਂ ਭਾਰੂ ਹੋ ਗਈਆਂ ਅਤੇ ਉਨ੍ਹਾਂ ਨੇ ਅਜਿਹਾ ਰਾਜਨੀਤਕ ਸਭਿਆਚਾਰ ਸਿਰਜਿਆ ਜਿਸ ਨਾਲ ਖਾਲਸੇ ਦੇ ਕੌਮੀ ਇਖ਼ਲਾਕ ਦੀ ਨਿਰਮਲਤਾ ਅੰਦਰ ਇਕ ਜ਼ਹਿਰ ਜਿਹੀ ਘੁਲਣੀ ਸ਼ੁਰੂ ਹੋ ਗਈ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਰਵਾਇਤੀ ਅਕਾਲੀ ਆਗੂਆਂ ਦੇ ਇਸ ਖੁਦਪ੍ਰਸਤ ਅਤੇ ਕੌਮ ਵੇਚੂ ਕਿਰਦਾਰ ਨੂੰ ਹਮੇਸ਼ਾ ਪੜਚੋਲ ਦਾ ਨਿਸ਼ਾਨਾ ਬਣਾਉਂਦੇ ਰਹੇ। ਅਕਾਲੀ ਆਗੂਆਂ ਅੰਦਰ ਈਮਾਨਦਾਰੀ ਤੇ ਗੈਰਤ ਦੇ ਮਾਦੇ ਦੀ ਅਣਹੋਂਦ ਉਨ੍ਹਾਂ ਨੂੰ ਖਾਸ ਤੌਰ ਤੇ ਖਟਕਦੀ ਸੀ। ਉਹ ਅਕਾਲੀ ਆਗੂਆਂ ਦੀ ਮੌਕਾਪ੍ਰਸਤ ਸਿਆਸਤ ਉਤੇ ਅਕਸਰ ਬਹੁਤ ਖਫ਼ਾ ਹੁੰਦੇ ਰਹਿੰਦੇ ਸਨ। ਉਹ ਅਕਾਲੀ ਆਗੂਆਂ ਨੂੰ ਜ਼ੁਬਾਨ ਅਤੇ ਈਮਾਨ ਦੇ ਕਚੇ ਕਿਹਾ ਕਰਦੇ ਸਨ।

'ਸਾਕਾ ਨੀਲਾ ਤਾਰਾ' ਤੋਂ ਪਹਿਲਾਂ ਅਤੇ ਇਸਦੇ ਦੌਰਾਨ ਅਤੇ ਉਸ ਤੋਂ ਬਾਅਦ ਰਵਾਇਤੀ ਅਕਾਲੀ ਲੀਡਰਸ਼ਿਪ ਦਾ ਜੋ ਰੋਲ ਤੇ ਕਿਰਦਾਰ ਉਘੜਕੇ ਸਾਹਮਣੇ ਆਇਆ, ਉਸਨੇ ਸੰਤ ਭਿੰਡਰਾਂਵਾਲਿਆਂ ਦੀ ਸੋਚ ਤੇ ਨਿਰਣਿਆਂ ਦੀ ਪੁਸ਼ਟੀ ਕਰ ਦਿਤੀ। ਕੌਮ ਨਾਲ ਵਾਪਰੇ ਇਸ ਦਰਦਨਾਕ ਹਾਦਸੇ ਤੋਂ ਕੋਈ ਸਬਕ ਸਿਖਣ ਅਤੇ ਆਪਾ ਸੁਧਾਰ ਵਲ ਸੁਹਿਰਦ ਕਦਮ ਪੁਟਣ ਦੀ ਬਜਾਇ, ਅਕਾਲੀ ਆਗੂਆਂ ਨੇ ਵਜ਼ਾਰਤੀ ਕੁਰਸੀਆਂ ਨੂੰ ਹਥਿਆਉਣ ਲਈ ਜਿਸ ਬੇਸ਼ਰਮੀ ਅਤੇ ਬੇਗੈਰਤੀ ਦੀ ਨੁਮਾਇਸ਼ ਲਾਈ, ਉਸ ਨਾਲ ਖਾੜਕੂ ਸਫ਼ਾਂ ਅੰਦਰ ਰਵਾਇਤੀ ਅਕਾਲੀ ਆਗੂਆਂ ਵਿਰੁਧ ਚਿਰਾਂ ਤੋਂ ਪਨਪ ਰਿਹਾ ਰੋਸ ਤੇ ਗੁਸਾ ਲਾਟ ਬਣ ਕੇ ਭੜਕ ਉਠਿਆ। ਇਕ ਮੌਕਾ ਅਜਿਹਾ ਆਇਆ ਜਦ ਅਕਾਲੀ ਆਗੂਆਂ ਨੂੰ 'ਘਿਰਣਤ ਗ਼ਦਾਰ' ਅਤੇ 'ਘਰ ਅੰਦਰ ਵੜਿਆ ਦੁਸ਼ਮਣ' ਸਮਝਣ ਦੀ ਸੋਚ ਭਾਰੂ ਹੋ ਗਈ। ਇਸੇ ਸੋਚ ਅਧੀਨ ਕੁਝ ਪ੍ਰਮੁਖ ਅਕਾਲੀ ਆਗੂਆਂ ਉਤੇ ਜਿਸਮਾਨੀ ਹਮਲੇ ਸੇਧੇ ਗਏ ।

ਖਾੜਕੂ ਲਹਿਰ ਦੀ ਅਕਾਲੀ ਲੀਡਰਸ਼ਿਪ ਵਿਰੁਧ ਇਸ ਸੁਚੀ ਭਾਵਨਾ ਵਾਲੀ ਔਖ ਨੂੰ ਬੇਵਜ੍ਹਾ ਤਾਂ ਨਹੀਂ ਕਿਹਾ ਜਾ ਸਕਦਾ, ਪਰ ਇਸ ਵਿਚ ਰਾਜਨੀਤਕ ਸਮਝਦਾਰੀ ਦੀ ਊਣ ਜ਼ਰੂਰ ਮਹਿਸੂਸ ਹੋਈ ਹੈ। ਅਕਾਲੀ ਲੀਡਰਸ਼ਿਪ ਪ੍ਰਤੀ ਦਰੁਸਤ ਰਣਨੀਤੀ ਤੈਅ ਕਰਨ ਲਈ ਮਸਲੇ ਦੀਆਂ ਸਾਰੀਆਂ ਗੁੰਝਲਾਂ ਨੂੰ ਸਮਝਣ ਦੀ ਲੋੜ ਹੈ।

ਅਕਾਲੀ ਆਗੂਆਂ ਦੀ ਖੁਦਪ੍ਰਸਤ ਸੋਚ, ਬੇਪ੍ਰਤੀਤੇ ਕਿਰਦਾਰ ਅਤੇ ਕੌਮ ਵੇਚੂ ਸਿਆਸਤ ਨੇ ਪਿਛਲੇ ਲੰਮੇ ਅਰਸੇ ਤੋਂ ਸਿੱਖ ਸੰਘਰਸ਼ ਨੂੰ ਵਡਾ ਹਰਜਾ ਪਹੁੰਚਾਇਆ ਹੈ। ਅਜ ਵੀ ਰਵਾਇਤੀ ਅਕਾਲੀ ਲੀਡਰਸ਼ਿਪ ਬੁਨਿਆਦੀ ਤੌਰ 'ਤੇ ਇਸੇ ਲੀਹ ਉਤੇ ਚਲ ਰਹੀ ਹੈ। ਖਾੜਕੂ ਲਹਿਰ ਤੋਂ ਅਕਾਲੀ ਧਾਰਾ ਵਲ ਆਈ 'ਨੌਜਵਾਨ ਲੀਡਰਸ਼ਿਪ' ਦੇ ਵਡੇ ਹਿਸੇ ਵੀ ਆਪਣੇ ਵਿਅਕਤੀਗਤ ਕਿਰਦਾਰ ਅਤੇ ਰਾਜਨੀਤਕ ਵਿਹਾਰ ਪਖੋਂ ਅਕਾਲੀ ਆਗੂਆਂ ਨਾਲੋਂ ਵਖਰੇ ਜਾਂ ਬਿਹਤਰ ਸਾਬਤ ਨਹੀਂ ਹੋਏ। ਕੁਝ ਤਾਂ ਅਕਾਲੀ ਆਗੂਆਂ ਤੋਂ ਵੀ ਗਏ ਗੁਜ਼ਰੇ

> **ਫੈਡਰੇਸ਼ਨਾਂ, ਯੂਥ ਵਿੰਗਾਂ ਤੇ ਅਕਾਲੀ ਦਲਾਂ ਦੇ ਅਹੁਦੇ ਲੈਣ ਲਈ ਤਰਲੋਮਛੀ ਹੋ ਰਹੇ ਲੋਕ ਜਦ ਖਾੜਕੂਆਂ ਉਤੇ 'ਚੌਧਰ ਦੀ ਭੁਖ' ਦਾ ਦੋਸ਼ ਲਾਉਂਦੇ ਹਨ ਤਾਂ ਉਹ ਦੰਭ ਤੇ ਮੱਕਾਰਪੁਣੇ ਦੇ ਸਭ ਹਦਾਂ ਬੰਨ੍ਹੇ ਟਪ ਰਹੇ ਹਨ। ਮਾਮੂਲੀ ਅਹੁਦਾ ਮਿਲ ਜਾਣ ਉਤੇ ਅਖ਼ਬਾਰਾਂ ਅੰਦਰ ਫੋਟੋਆਂ ਸਮੇਤ 'ਧੰਨਵਾਦ' ਤੇ 'ਵਧਾਈਆਂ' ਦੇ ਇਸ਼ਤਿਹਾਰ ਛਪਵਾਉਣ ਦੀ ਰੀਤ ਸਿੱਖ ਕੌਮ ਅੰਦਰ ਆਏ ਨੈਤਿਕ ਨਿਘਾਰਾਂ ਦੀ ਜ਼ੋਰਦਾਰ ਚਿਤਾਵਨੀ ਦੇ ਰਹੀ ਹੈ। ਖਾਲਸਈ ਕਿਰਦਾਰ ਲਈ ਮਿਹਣਾ ਤੇ ਕਲੰਕ ਬਣੇ ਇਹਨਾਂ ਨਿਘਾਰਵਾਦੀ ਰੁਝਾਨਾਂ ਖਿਲਾਫ਼ ਵਿਆਪਕ ਪਧਰ 'ਤੇ ਚੇਤਨਾ ਪੈਦਾ ਕਰਨ ਦੀ ਲੋੜ ਹੈ।**

ਦੂਜੀ ਗੱਲ, ਹੁਣ ਤਕ ਦੇ ਤਜ਼ਰਬੇ ਨੇ ਦਰਸਾ ਦਿਤਾ ਹੈ ਕਿ ਰਵਾਇਤੀ ਅਕਾਲੀ ਲੀਡਰਸ਼ਿਪ ਦਾ ਰਾਜਸੀ ਕਿਰਦਾਰ ਦੂਹਰਾ ਹੈ। ਭਾਵ ਉਹਨਾਂ ਦੀ ਭਾਰਤ ਦੇ ਹਾਕਮਾਂ ਨਾਲ ਸਾਂਝ ਵੀ ਹੈ, ਦੁਸ਼ਮਣੀ ਵੀ-ਨੇੜਤਾ ਵੀ ਹੈ ਤੇ ਦੂਰੀ ਵੀ। ਵਜ਼ਾਰਤੀ ਕੁਰਸੀਆਂ ਦਾ ਲੋਭ ਉਹਨਾਂ ਨੂੰ ਵਾਰ ਵਾਰ ਭਾਰਤੀ ਹਾਕਮਾਂ ਨਾਲ ਸਮਝੌਤੇ ਤੇ ਸੌਦੇਬਾਜ਼ੀ ਦੇ ਰਾਹ ਵਲ ਧਕਦਾ ਹੈ। ਬੇਜ਼ਮੀਰੇ ਹੋਣ ਕਾਰਨ ਉਹ ਕਈ ਵਾਰ ਸਮਝੌਤੇ ਲਈ ਅਪਮਾਨ ਭਰੀਆਂ ਸ਼ਰਤਾਂ ਕਬੂਲ ਕਰਨ ਤਕ ਵੀ ਚਲੇ ਜਾਂਦੇ ਹਨ। ਪਰ ਭਾਰਤ ਦੇ ਹਾਕਮਾਂ ਦੀ ਫਿਤਰਤ ਹਿੰਦੂ ਫਿਰਕਾਪ੍ਰਸਤ ਹੋਣ ਕਰਕੇ ਉਨ੍ਹਾਂ ਨੂੰ ਅਕਾਲੀ ਆਗੂ ਪੂਰੀ ਤਰ੍ਹਾਂ ਨਹੀਂ ਸੁਖਾਉਂਦੇ।

ਸਾਬਤ ਹੋਏ ਹਨ। ਪੰਥਕ ਹਿਤਾਂ ਨਾਲੋਂ ਨਿਜੀ ਸੋਚ ਤੇ ਸੁਆਰਥ ਨੂੰ ਪਰਮੁਖ ਰਖਣ ਵਾਲਾ ਇਹ ਸਮੁਚਾ ਰਾਜਨੀਤਕ ਕੋੜਮਾ ਨਿਰਸੰਦੇਹ ਸਿੱਖ ਸੰਘਰਸ਼ ਦੇ ਰਾਹ ਦੀ ਰੁਕਾਵਟ ਬਣਿਆ ਹੋਇਆ ਹੈ। ਇਹ ਇਸ ਮਸਲੇ ਦਾ ਇਕ ਪਹਿਲੂ ਹੈ ਜਿਥੋਂ ਖਾੜਕੂ ਲਹਿਰ ਦਾ ਇਸ ਰਾਜਨੀਤਕ ਧਾਰਾ ਨਾਲ ਵਖਰੇਵਾਂ ਤੇ ਵਿਰੋਧ ਖੜ੍ਹਾ ਹੁੰਦਾ ਹੈ। ਪਰ ਇਹ ਵਿਰੋਧ ਸਿਧਾਂਤਕ ਹੈ, ਸ਼ਖ਼ਸੀ ਨਹੀਂ ਜਿਸਦਾ ਭਾਵ ਹੈ ਕਿ ਇਸ ਰੁਝਾਨ ਵਿਰੁਧ ਲੜਾਈ ਸਿਧਾਂਤਕ ਪਧਰ 'ਤੇ ਲੜੀ ਜਾਣੀ ਚਾਹੀਦੀ ਹੈ, ਜਾਤੀ ਜਾਂ ਜਿਸਮਾਨੀ ਪਧਰ 'ਤੇ ਨਹੀਂ। ਕਿਸੇ ਅਕਾਲੀ ਲੀਡਰ ਵਿਰੁਧ ਸਿਧੀ ਕਾਰਵਾਈ ਸਿਰਫ਼ ਉਸ ਸੂਰਤ ਵਿਚ ਹੀ ਵਾਜਬ ਠਹਿਰਾਈ ਜਾ ਸਕਦੀ ਹੈ ਜਦ ਉਹ ਰਾਜਨੀਤਕ ਵਖਰੇਵਿਆਂ ਤੋਂ ਅਗਾਂਹ ਵਧਕੇ ਸਿੱਖ ਸੰਘਰਸ਼ ਵਿਰੁਧ ਕੋਈ ਬਹੁਤ ਹੀ ਸੰਗੀਨ ਜੁਰਮ ਦਾ ਭਾਗੀਦਾਰ ਹੋ ਨਿਬੜੇ। ਅਜਿਹੇ ਮਾਮਲਿਆਂ ਵਿਚ ਵੀ ਬਹੁਤ ਸੰਜਮੀ ਪਹੁੰਚ ਅਪਣਾਈ ਜਾਣੀ ਚਾਹੀਦੀ ਹੈ। ਸਿਧੀ ਕਾਰਵਾਈ ਦਾ ਅਖੀਰੀ ਕਦਮ ਚੁਕਣ ਤੋਂ ਪਹਿਲਾਂ ਦੋਸ਼ੀ ਲੀਡਰ ਨੂੰ ਸਮਝਾਊ ਚੇਤਾਵਨੀ ਦੇ ਕੇ ਸੁਧਰਨ ਦਾ ਮੌਕਾ ਦਿਤਾ ਜਾਣਾ ਚਾਹੀਦਾ ਹੈ। ਕਿਸੇ ਨਿਜੀ ਵਿਰੋਧ, ਸ਼ਰੀਕਾ-ਸੋਚ ਜਾਂ ਚੁਗਲਬਾਜ਼ੀ 'ਤੇ ਆਧਾਰਤ ਕੋਈ ਕਾਰਵਾਈ ਨਹੀਂ ਹੋਣੀ ਚਾਹੀਦੀ।

ਦੂਜੀ ਗੱਲ, ਹੁਣ ਤਕ ਦੇ ਤਜ਼ਰਬੇ ਨੇ ਦਰਸਾ ਦਿਤਾ ਹੈ ਕਿ ਰਵਾਇਤੀ ਅਕਾਲੀ ਲੀਡਰਸ਼ਿਪ ਦਾ ਰਾਜਸੀ ਕਿਰਦਾਰ ਦੂਹਰਾ ਹੈ। ਭਾਵ ਉਹਨਾਂ ਦੀ ਭਾਰਤ ਦੇ ਹਾਕਮਾਂ ਨਾਲ ਸਾਂਝ ਵੀ ਹੈ, ਦੁਸ਼ਮਣੀ ਵੀ-ਨੇੜਤਾ ਵੀ ਹੈ ਤੇ ਦੂਰੀ ਵੀ। ਵਜ਼ਾਰਤੀ ਕੁਰਸੀਆਂ ਦਾ ਲੋਭ ਉਹਨਾਂ ਨੂੰ ਵਾਰ ਵਾਰ ਭਾਰਤੀ ਹਾਕਮਾਂ ਨਾਲ ਸਮਝੌਤੇ ਤੇ ਸੌਦੇਬਾਜ਼ੀ ਦੇ ਰਾਹ ਵਲ ਧਕਦਾ ਹੈ। ਬੇਜ਼ਮੀਰੇ ਹੋਣ ਕਾਰਨ ਉਹ ਕਈ ਵਾਰ ਸਮਝੌਤੇ ਲਈ ਅਪਮਾਨ ਭਰੀਆਂ ਸ਼ਰਤਾਂ ਕਬੂਲ ਕਰਨ ਤਕ ਵੀ ਚਲੇ ਜਾਂਦੇ ਹਨ। ਪਰ ਭਾਰਤ ਦੇ ਹਾਕਮਾਂ ਦੀ ਫਿਤਰਤ ਹਿੰਦੂ ਫਿਰਕਾਪ੍ਰਸਤ ਹੋਣ ਕਰਕੇ ਉਨ੍ਹਾਂ ਨੂੰ ਅਕਾਲੀ ਆਗੂ ਪੂਰੀ ਤਰ੍ਹਾਂ ਨਹੀਂ ਸੁਖਾਉਂਦੇ। ਉਨ੍ਹਾਂ ਦੇ ਦਿਲਾਂ ਅੰਦਰ ਘਟ ਗਿਣਤੀ ਵਰਗਾਂ ਖਿਲਾਫ਼ ਡੂੰਘੀ ਰਮੀ ਨਫ਼ਰਤ ਉਹਨਾਂ ਦੀ ਹਰ ਰਾਜਨੀਤਕ ਸੋਚ ਤੇ ਅਮਲ ਉਤੇ ਅਸਰ ਅੰਦਾਜ਼ ਹੁੰਦੀ ਰਹਿੰਦੀ ਹੈ। ਅਕਾਲੀ ਆਗੂ ਕਿਉਂਕਿ ਭਾਰਤੀ ਹਾਕਮਾਂ ਮੂਹਰੇ ਲਿਫਣ ਤੇ ਵਿਛਣ ਲਈ ਤਿਆਰ ਰਹਿੰਦੇ ਹਨ, ਇਸ ਲਈ ਦਿੱਲੀ ਦੇ ਹਾਕਮ ਉਨ੍ਹਾਂ ਨੂੰ 'ਆਪਣੇ' ਸਮਝਦੇ ਹਨ। ਪਰ ਕਿਉਂਕਿ ਉਹ ਇਕ ਘਟ ਗਿਣਤੀ ਕੌਮ ਦੇ ਆਗੂ ਹਨ ਅਤੇ ਕੌਮ ਵੀ ਉਹ ਜਿਸ ਤੋਂ ਬਾਹਮਣ ਬਾਣੀਆਂ ਵਰਗ ਸ਼ੁਰੂ ਤੋਂ ਹੀ ਭੈਅ ਖਾਂਦਾ ਆ ਰਿਹਾ ਹੈ, ਇਸ ਲਈ, ਦਿੱਲੀ ਦੇ ਹਾਕਮ ਅਕਾਲੀ ਆਗੂਆਂ ਉਤੇ ਪੂਰੀ ਤਰ੍ਹਾਂ ਭਰੋਸਾ ਕਰਨ ਲਈ ਤਿਆਰ ਨਹੀਂ। ਉਹ ਲੋੜ ਪੈਣ 'ਤੇ ਅਕਾਲੀ ਆਗੂਆਂ ਨੂੰ ਪੁਚਕਾਰ ਲੈਂਦੇ ਹਨ, ਅਤੇ ਲੋੜ ਪੈਣ 'ਤੇ ਦੁਰਕਾਰ ਦਿੰਦੇ ਹਨ। ਇਥੋਂ ਹੀ ਅਕਾਲੀ ਆਗੂਆਂ ਦਾ ਦੂਹਰਾ ਰਾਜਸੀ ਵਿਹਾਰ ਨਿਕਲਦਾ ਹੈ। ਭਾਰਤੀ ਹਾਕਮਾਂ ਦੀ ਫਿਰਕੂ ਫਿਤਰਤ ਤੇ ਵਿਤਕਰੇਬਾਜ਼ ਸੋਚ ਦੇ ਖਿਲਾਫ਼ ਲੜਾਈ ਦਾ ਰਸਤਾ ਅਖਤਿਆਰ ਰਕਨਾ ਅਕਾਲੀ ਆਗੂਆਂ ਦੀ ਅਣਸਰਦੀ ਲੋੜ ਤੇ ਮਜ਼ਬੂਰੀ ਹੈ। ਭਾਵੇਂ ਆਪਣੇ ਸਮਝੌਤਾਵਾਦੀ ਸੁਭਾਅ ਮੁਤਾਬਕ ਉਹ ਇਸ ਲੜਾਈ ਨੂੰ 'ਦੋਸਤਾਨਾ ਮੈਚ' ਦਾ ਰੂਪ ਦੇਣ ਦੀ ਕੋਸ਼ਿਸ਼ ਹੀ ਕਰਦੇ ਹਨ, ਪਰ ਸਿਆਸੀ ਘਟਨਾਵਾਂ ਦਾ ਵਹਿਣ ਹਮੇਸ਼ਾ ਹੀ ਉਹਨਾਂ ਦੀ ਸੋਚ ਤੇ ਇਛਾ ਮੁਤਾਬਕ ਨਹੀਂ ਵਗਦਾ। ਕਈ ਵਾਰ ਉਹਨਾਂ ਨੂੰ ਨਾ ਚਾਹੁੰਦਿਆਂ ਵੀ ਤਿਖੇ ਟਕਰਾਉ ਦਾ ਰਸਤਾ ਅਖਤਿਆਰ ਕਰਨਾ ਪੈ ਜਾਂਦਾ ਹੈ। ਇਸ ਤਰ੍ਹਾਂ, ਮੌਕਾਪ੍ਰਸਤ ਸਿਆਸਤ ਦੀ ਧਾਰਨੀ ਹੋਣ ਦੇ ਬਾਵਜੂਦ ਅਕਾਲੀ ਲੀਡਰਸ਼ਿਪ ਕਈ ਵਾਰ ਹਾਲਾਤ ਦੀ ਧਕੀ ਹੋਈ ਸਿੱਖ ਸੰਘਰਸ਼ ਦੇ ਪਖ ਵਿਚ ਭੁਗਤ ਜਾਂਦੀ ਹੈ। ਸੋ ਅਕਾਲੀ ਲੀਡਰਸ਼ਿਪ ਖਾੜਕੂ ਲਹਿਰ ਨੂੰ ਇਸ ਪ੍ਰਤੀ ਦਰੁਸਤ ਰਣਨੀਤੀ ਤੈਅ ਕਰਨ ਦੀ ਲੋੜ ਹੈ। ਇਹ ਰਣਨੀਤੀ ਅਕਾਲੀ ਲੀਡਰਸ਼ਿਪ ਨਾਲ ਸਾਂਝ ਤੇ ਵਿਰੋਧ, ਦੋਸਤੀ ਤੇ ਦੁਸ਼ਮਣੀ ਅਤੇ ਨੇੜਤਾ ਤੇ ਦੂਰੀ 'ਤੇ ਆਧਾਰਤ ਹੋਣੀ ਚਾਹੀਦੀ ਹੈ। ਭਾਵ ਜਿਥੇ ਅਕਾਲੀ ਲੀਡਰਸ਼ਿਪ ਦਿੱਲੀ ਦਰਬਾਰ ਦੀ ਮਿਹਰ ਹਾਸਲ ਕਰਨ ਲਈ ਸਿੱਖ ਸੰਘਰਸ਼ ਨੂੰ ਢਾਹ ਲਾਉਣ ਦੇ ਰਾਹ ਪਵੇਗੀ, ਉਥੇ ਉਸ ਵਿਰੁਧ ਬੇਲਿਹਾਜ਼ ਸਿਧਾਂਤਕ ਲੜਾਈ ਲੜੀ ਜਾਵੇਗੀ। ਸਮੇਂ ਤੇ ਸਥਿਤੀ ਮੁਤਾਬਕ ਇਹ ਲੜਾਈ ਘਟ ਜਾਂ ਵਧ ਤਿਖੀ ਹੋ ਸਕਦੀ ਹੈ ਪ੍ਰੰਤੂ ਜਿਥੇ ਭਾਰਤੀ ਹਾਕਮਾਂ ਹਥੋਂ ਦੁਰਕਾਰੀ ਅਕਾਲੀ ਲੀਡਰਸ਼ਿਪ ਸਿੱਖ ਸੰਘਰਸ਼ ਦੇ ਪਖ ਵਿਚ ਭੁਗਤਣ ਲਈ ਤਿਆਰ ਹੋਵੇਗੀ ਉਥੇ

ਸੋ ਅਕਾਲੀ ਲੀਡਰਸ਼ਿਪ ਖਾੜਕੂ ਲਹਿਰ ਨੂੰ ਇਸ ਪ੍ਰਤੀ ਦਰੁਸਤ ਰਣਨੀਤੀ ਤੈਅ ਕਰਨ ਦੀ ਲੋੜ ਹੈ। ਇਹ ਰਣਨੀਤੀ ਅਕਾਲੀ ਲੀਡਰਸ਼ਿਪ ਨਾਲ ਸਾਂਝ ਤੇ ਵਿਰੋਧ, ਦੋਸਤੀ ਤੇ ਦੁਸ਼ਮਣੀ ਅਤੇ ਨੇੜਤਾ ਤੇ ਦੂਰੀ 'ਤੇ ਆਧਾਰਤ ਹੋਣੀ ਚਾਹੀਦੀ ਹੈ। ਭਾਵ ਜਿਥੇ ਅਕਾਲੀ ਲੀਡਰਸ਼ਿਪ ਦਿੱਲੀ ਦਰਬਾਰ ਦੀ ਮਿਹਰ ਹਾਸਲ ਕਰਨ ਲਈ ਸਿੱਖ ਸੰਘਰਸ਼ ਨੂੰ ਢਾਹ ਲਾਉਣ ਦੇ ਰਾਹ ਪਵੇਗੀ, ਉਥੇ ਉਸ ਵਿਰੁਧ ਬੇਲਿਹਾਜ਼ ਸਿਧਾਂਤਕ ਲੜਾਈ ਲੜੀ ਜਾਵੇਗੀ। ਸਮੇਂ ਤੇ ਸਥਿਤੀ ਮੁਤਾਬਕ ਇਹ ਲੜਾਈ ਘਟ ਜਾਂ ਵਧ ਤਿਖੀ ਹੋ ਸਕਦੀ ਹੈ ਪ੍ਰੰਤੂ ਜਿਥੇ ਭਾਰਤੀ ਹਾਕਮਾਂ ਹਥੋਂ ਦੁਰਕਾਰੀ ਅਕਾਲੀ ਲੀਡਰਸ਼ਿਪ ਸਿੱਖ ਸੰਘਰਸ਼ ਦੇ ਪਖ ਵਿਚ ਭੁਗਤਣ ਲਈ ਤਿਆਰ ਹੋਵੇਗੀ ਉਥੇ ਧਾੜਕੂ ਲਹਿਰ ਉਸ ਨਾਲ ਸਾਂਝ ਤੇ ਸਹਿਯੋਗ ਦਾ ਰਾਹ ਅਖਤਿਆਰ ਕਰੇਗੀ।

ਖਾੜਕੂ ਲਹਿਰ ਉਸ ਨਾਲ ਸਾਂਝ ਤੇ ਸਹਿਯੋਗ ਦਾ ਰਾਹ ਅਖਤਿਆਰ ਕਰੇਗੀ। ਪਰ ਅਜਿਹਾ ਕਰਦਿਆਂ ਉਹ ਅਕਾਲੀ ਲੀਡਰਸ਼ਿਪ ਨਾਲੋਂ ਆਪਣੀ ਸਿਧਾਂਤਕ ਵਿਥ ਕਾਇਮ ਰਖੇਗੀ ਅਤੇ ਅਕਾਲੀ ਆਗੂਆਂ ਦੀ ਹਰ ਸੰਭਾਵਤ ਥਿੜਕਣ ਅਤੇ ਆਦਤਨ ਕਲਾਬਾਜ਼ੀ ਉਤੇ ਕਰੜੀ ਨਿਗਾਹ ਰਖ ਕੇ ਚਲੇਗੀ। ਇਸ ਰਣਨੀਤੀ ਨੂੰ ਇਸ ਤਰ੍ਹਾਂ ਅਮਲ 'ਚ ਲਿਆਂਦਾ ਜਾਵੇਗਾ ਕਿ ਸਿੱਖ ਕੌਮ ਦੀ ਪੂਰੀ ਸ਼ਕਤੀ ਉਸਦੇ ਅਸਲੀ ਦੁਸ਼ਮਣ ਭਾਰਤ ਦੇ ਫਿਰਕੂ ਹਾਕਮਾਂ ਖਿਲਾਫ਼ ਹੀ ਭੁਗਤਾਈ ਜਾਵੇ ਅਤੇ ਸਿੱਖ ਕੌਮ ਦੀ ਲੜਾਈ ਨੂੰ ਲਗਦੀ ਵਾਹ, ਆਪਣੇ ਘਰ ਦੀਆਂ ਦਹਿਲੀਜ਼ਾਂ ਅੰਦਰ ਨਾ ਵੜਨ ਦਿਤਾ ਜਾਵੇ।

## ਕਾਂਗਰਸੀਆਂ ਬਾਰੇ

ਖਾੜਕੂਆਂ ਉਤੇ ਇਹ ਦੋਸ਼ ਆਮ ਲਗ ਰਿਹਾ ਹੈ ਕਿ ਬਹੁਤੇ ਖਾੜਕੂਆਂ ਦੇ ਕਾਂਗਰਸੀ ਆਗੂਆਂ ਨਾਲ ਨਜ਼ਦੀਕੀ ਸਬੰਧ ਰਹੇ ਹਨ ਅਤੇ ਇਸ ਸਾਂਝ ਸਦਕਾ ਕਾਂਗਰਸੀ ਆਗੂਆਂ ਵਲੋਂ ਖਾੜਕੂ ਲਹਿਰ ਨੂੰ ਅਕਾਲੀਆਂ ਵਿਰੁਧ ਵਰਤਿਆ ਜਾਂਦਾ ਰਿਹਾ ਹੈ। ਇਹ ਧਾਰਨਾ ਜ਼ਿਆਦਾ ਕਰਕੇ ਅਕਾਲੀ ਪਖੀ ਹਲਕਿਆਂ ਅੰਦਰ ਪਾਈ ਜਾਂਦੀ ਹੈ। ਇਸ ਸਬੰਧੀ ਕੁਝ ਠੋਸ ਸਬੂਤ ਤੇ ਹਵਾਲੇ ਵੀ ਦਿਤੇ ਜਾਂਦੇ ਹਨ।

ਤਥ ਦੇ ਤੌਰ 'ਤੇ ਇਹ ਗੱਲ ਸਹੀ ਹੈ ਕਿ ਖਾੜਕੂ ਲਹਿਰ ਦੇ ਕੁਝ ਹਿਸਿਆਂ ਦੇ ਕਾਂਗਰਸੀ ਆਗੂਆਂ ਨਾਲ ਨੇੜਲੇ ਸੰਬੰਧ ਰਹੇ ਹਨ। ਅਜਿਹੇ ਸੰਬੰਧ ਬਣਾਉਣੇ ਆਪਣੇ ਆਪ ਵਿਚ ਕੋਈ ਐਬ ਜਾਂ ਗੁਨਾਹ ਨਹੀਂ ਬਣਦਾ। ਇਸ ਕਿਸਮ ਦੇ 'ਸੋਧੀ'(puritan) ਵਿਚਾਰ ਜ਼ਿਆਦਾ ਕਰਕੇ ਉਨ੍ਹਾਂ ਲੋਕਾਂ ਵਲੋਂ ਪ੍ਰਗਟਾਏ ਜਾ ਰਹੇ ਹਨ ਜਿਹੜੇ ਰੂਪੋਸ਼ ਜ਼ਿੰਦਗੀ ਦੇ ਤਕਾਜ਼ਿਆਂ ਤੇ ਲੋੜਾਂ ਬਾਰੇ ਉਕਾ ਹੀ ਅਨਜਾਣ ਹਨ ਅਤੇ ਅਰਾਮਪ੍ਰਸਤ ਜ਼ਿੰਦਗੀ ਜਿਉਂ ਰਹੇ ਹਨ। ਉਂਜ ਅਸੂਲਪ੍ਰਸਤੀ ਦਾ ਇਹ ਪੈਮਾਨਾ ਉਹ ਸਿਰਫ਼ ਖਾੜਕੂਆਂ ਉਤੇ ਹੀ ਵਰਤ ਰਹੇ ਹਨ। ਜਿਥੋਂ ਤਕ ਉਨ੍ਹਾਂ ਦੇ ਆਪਣੇ ਵਿਅਕਤੀਗਤ ਕਿਰਦਾਰ ਜਾਂ ਸਮਾਜੀ ਵਿਹਾਰ ਦਾ ਸੰਬੰਧ ਹੈ, ਉਹ ਆਪਣੀ ਨੌਕਰੀ, ਪ੍ਰਮੋਸ਼ਨ, ਬਦਲੀ ਜਾਂ ਕਿਸੇ ਹੋਰ ਨਿਕੇ ਮੋਟੇ ਨਿਜੀ ਮੁਫਾਦ ਲਈ ਕਾਂਗਰਸੀ ਆਗੂਆਂ ਦੀਆਂ ਤਲੀਆਂ ਚਟਣ ਤਕ ਜਾਂਦੇ ਹਨ। ਇਹ ਗੱਲ ਆਪਣੇ ਆਪ ਨੂੰ ਪੰਥਕ ਹਿਤੈਸ਼ੀ ਕਹਾਉਣ ਵਾਲੇ ਸਿੱਖ ਬੁਧੀਜੀਵੀਆਂ, ਪ੍ਰੋਫੈਸਰਾਂ, ਪਤਰਕਾਰਾਂ, ਵਕੀਲਾਂ ਆਦਿ ਉਤੇ ਖਾਸ ਤੌਰ 'ਤੇ ਲਾਗੂ ਹੁੰਦੀ ਹੈ। ਜਿਹੜੇ ਸਿੱਖ ਬੁਧੀਜੀਵੀ ਖਾੜਕੂਆਂ ਵਲੋਂ ਕਿਸੇ ਇਕ ਅਧ ਕਾਂਗਰਸੀ ਆਗੂ ਦੇ ਘਰ ਨੂੰ ਠਾਹਰ ਵਜੋਂ ਵਰਤਣ ਨੂੰ ਬੱਜਰ ਗੁਨਾਹ ਵਜੋਂ ਪੇਸ਼ ਕਰਦੇ ਹਨ, ਉਹ ਖੁਦ ਆਪਣੇ ਨਿਜੀ ਮੁਫਾਦਾਂ ਲਈ ਕਾਂਗਰਸੀ ਆਗੂਆਂ ਦੀ ਪ੍ਰਕਰਮਾ ਕਰਦੇ ਦੇਖੇ ਜਾਂਦੇ ਹਨ। ਮਿਸਾਲ ਵਜੋਂ ਜਦ ਸਿਧਾਰਥ ਸ਼ੰਕਰ ਰੇਅ, ਪੰਜਾਬ ਦੇ ਗਵਰਨਰ ਵਜੋਂ ਸਿੱਖਾਂ ਉਤੇ ਮੀਰ ਮੰਨੂੰ ਨਾਲੋਂ ਵੀ ਵਧ ਕੇ ਜ਼ੁਲਮ ਢਾਹ ਰਿਹਾ ਸੀ, ਤਾਂ ਬਹੁਤ ਸਾਰੇ ਅਕਾਲੀ ਪਖੀ ਬੁਧੀਜੀਵੀ ਉਸਦੀਆਂ ਰੰਗੀਨ ਮਹਿਫਿਲਾਂ ਵਿਚ ਸ਼ਾਮਲ ਹੁੰਦੇ ਰਹੇ। ਇਸ ਸਬੰਧੀ ਕਈ ਠੋਸ ਤਥ ਅਤੇ ਵੇਰਵੇ ਮੌਜੂਦ ਹਨ।

ਖੈਰ, ਇਥੇ ਸਾਡਾ ਮੁਖ ਸਰੋਕਾਰ ਖਾੜਕੂ ਲਹਿਰ ਦੇ ਕਾਂਗਰਸੀ ਆਗੂਆਂ ਨਾਲ ਸਬੰਧਾਂ ਬਾਰੇ ਪ੍ਰਚਲਤ ਦੋਸ਼ਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਨਾ ਹੈ।

ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁਕਾ ਹੈ ਕਿ ਅਸੀਂ ਖਾੜਕੂਆ ਦੇ ਕੁਝ ਕਾਂਗਰਸੀ ਆਗੂਆਂ ਨਾਲ ਨੇੜਲੇ ਸੰਬੰਧਾਂ ਦੀ ਹਕੀਕਤ ਤੋਂ ਇਨਕਾਰੀ ਨਹੀਂ ਹਾਂ। ਸਾਡੇ ਵਿਚਾਰ ਅਨੁਸਾਰ ਆਪਣੇ ਸਿਧਾਂਤਾਂ ਉਤੇ ਪਰਪਕ ਅਤੇ ਅਸੂਲਾਂ ਦੇ ਦਾਇਰੇ ਦੇ ਅੰਦਰ ਰਹਿੰਦਿਆਂ ਹੋਇਆਂ ਅਜਿਹੇ ਸੰਪਰਕ ਬਣਾਉਣੇ ਰੂਪੋਸ਼ ਲਹਿਰ ਦੀ ਅਣਸਰਦੀ ਲੋੜ ਹੁੰਦੀ ਹੈ। ਇਹ ਦੋ ਵਿਰੋਧੀ ਧਿਰਾਂ ਦੀ ਦਾਅਪੇਚੀ ਸਾਂਝ ਬਣਦੀ ਹੈ, ਜਿਸ ਵਿਚ ਹਰ ਧਿਰ ਦਾ ਇਹ ਯਤਨ ਹੁੰਦਾ ਹੈ ਕਿ ਉਹ ਇਸ ਸਾਂਝ ਦੀ ਆਪਣੇ ਸਿਆਸੀ ਹਿਤਾਂ ਲਈ ਵਰਤੋਂ ਕਰੇ। ਹਰ ਧਿਰ ਦੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਖੁਦ ਵਰਤੇ ਜਾਣ ਤੋਂ ਬਚਾਓ ਕਰੇ ਅਤੇ ਦੂਜੀ ਧਿਰ ਨੂੰ ਵਧ ਤੋਂ ਵਧ ਵਰਤਣ ਦੀ ਕੋਸ਼ਿਸ਼ ਕਰੇ। ਪਰ ਇਹ ਗੱਲ ਨਿਰੀਪੁਰੀ ਕਿਸੇ ਦੀ ਇਛਾ ਜਾਂ ਭਾਵਨਾ 'ਤੇ ਨਿਰਭਰ ਨਹੀਂ ਕਰਦੀ। ਅਜਿਹੇ ਗੁੰਝਲਦਾਰ ਤੇ ਤਿਲ੍ਹਕਵੇਂ ਸੰਬੰਧਾਂ ਦਾ ਲਾਹਾ ਉਹੀ ਧਿਰ ਲੈ ਸਕਦੀ ਹੈ ਜਿਹੜੀ ਸਿਧਾਂਤਾਂ ਤੇ ਅਸੂਲਾਂ ਬਾਰੇ ਪੂਰੀ ਤਰ੍ਹਾਂ ਸਪਸ਼ਟ ਤੇ ਸੁਚੇਤ ਹੋਵੇ ਅਤੇ ਆਪਣੇ ਬੁਨਿਆਦੀ

**ਜਿਵੇਂ ਕਿ ਪਹਿਲਾਂ ਹੀ ਕਿਹਾ ਜਾ ਚੁਕਾ ਹੈ ਕਿ ਅਸੀਂ ਖਾੜਕੂਆ ਦੇ ਕੁਝ ਕਾਂਗਰਸੀ ਆਗੂਆਂ ਨਾਲ ਨੇੜਲੇ ਸੰਬੰਧਾਂ ਦੀ ਹਕੀਕਤ ਤੋਂ ਇਨਕਾਰੀ ਨਹੀਂ ਹਾਂ। ਸਾਡੇ ਵਿਚਾਰ ਅਨੁਸਾਰ ਆਪਣੇ ਸਿਧਾਂਤਾਂ ਉਤੇ ਪਰਪਕ ਅਤੇ ਅਸੂਲਾਂ ਦੇ ਦਾਇਰੇ ਦੇ ਅੰਦਰ ਰਹਿੰਦਿਆਂ ਹੋਇਆਂ ਅਜਿਹੇ ਸੰਪਰਕ ਬਣਾਉਣੇ ਰੂਪੋਸ਼ ਲਹਿਰ ਦੀ ਅਣਸਰਦੀ ਲੋੜ ਹੁੰਦੀ ਹੈ। ਇਹ ਦੋ ਵਿਰੋਧੀ ਧਿਰਾਂ ਦੀ ਦਾਅਪੇਚੀ ਸਾਂਝ ਬਣਦੀ ਹੈ, ਜਿਸ ਵਿਚ ਹਰ ਧਿਰ ਦਾ ਇਹ ਯਤਨ ਹੁੰਦਾ ਹੈ ਕਿ ਉਹ ਇਸ ਸਾਂਝ ਦੀ ਆਪਣੇ ਸਿਆਸੀ ਹਿਤਾਂ ਲਈ ਵਰਤੋਂ ਕਰੇ।**

**ਤਥ ਦੇ ਤੌਰ 'ਤੇ ਇਹ ਗੱਲ ਸਹੀ ਹੈ ਕਿ ਖਾੜਕੂ ਲਹਿਰ ਦੇ ਕੁਝ ਹਿਸਿਆਂ ਦੇ ਕਾਂਗਰਸੀ ਆਗੂਆਂ ਨਾਲ ਨੇੜਲੇ ਸੰਬੰਧ ਰਹੇ ਹਨ। ਅਜਿਹੇ ਸੰਬੰਧ ਬਣਾਉਣੇ ਆਪਣੇ ਆਪ ਵਿਚ ਕੋਈ ਐਬ ਜਾਂ ਗੁਨਾਹ ਨਹੀਂ ਬਣਦਾ। ਇਸ ਕਿਸਮ ਦੇ 'ਸੋਧੀ' ਵਿਚਾਰ ਜ਼ਿਆਦਾ ਕਰਕੇ ਉਨ੍ਹਾਂ ਲੋਕਾਂ ਵਲੋਂ ਪ੍ਰਗਟਾਏ ਜਾ ਰਹੇ ਹਨ ਜਿਹੜੇ ਰੂਪੋਸ਼ ਜ਼ਿੰਦਗੀ ਦੇ ਤਕਾਜ਼ਿਆਂ ਤੇ ਲੋੜਾਂ ਬਾਰੇ ਉਕਾ ਹੀ ਅਨਜਾਣ ਹਨ ਅਤੇ ਅਰਾਮਪ੍ਰਸਤ ਜ਼ਿੰਦਗੀ ਜਿਉਂ ਰਹੇ ਹਨ। ਉਂਜ ਅਸੂਲਪ੍ਰਸਤੀ ਦਾ ਇਹ ਪੈਮਾਨਾ ਉਹ ਸਿਰਫ਼ ਖਾੜਕੂਆਂ ਉਤੇ ਹੀ ਵਰਤ ਰਹੇ ਹਨ। ਜਿਥੋਂ ਤਕ ਉਨ੍ਹਾਂ ਦੇ ਆਪਣੇ ਵਿਅਕਤੀਗਤ ਕਿਰਦਾਰ ਜਾਂ ਸਮਾਜੀ ਵਿਹਾਰ ਦਾ ਸੰਬੰਧ ਹੈ, ਉਹ ਆਪਣੀ ਨੌਕਰੀ, ਪ੍ਰਮੋਸ਼ਨ, ਬਦਲੀ ਜਾਂ ਕਿਸੇ ਹੋਰ ਨਿਕੇ ਮੋਟੇ ਨਿਜੀ ਮੁਫ਼ਾਦ ਲਈ ਕਾਂਗਰਸੀ ਆਗੂਆਂ ਦੀਆਂ ਤਲੀਆਂ ਚਟਣ ਤਕ ਜਾਂਦੇ ਹਨ।**

ਖਾੜਕੂ ਲਹਿਰ ਦੀਆਂ ਸਿਧਾਂਤਕ ਊਣਤਾਈਆਂ ਅਤੇ ਜਥੇਬੰਦਕ ਕਮਜ਼ੋਰੀਆਂ ਕਾਰਨ, ਇਸਦੇ ਕੁਝ ਵਰਗਾਂ ਵਲੋਂ ਵੀ ਕੁਝ ਮਾਮਲਿਆਂ ਵਿਚ ਉਕਾਈ ਜਾਂ ਕੁਤਾਹੀ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਉਕਾਈ ਜੇਕਰ ਅਤੇ ਜਿਥੇ ਵੀ ਹੋਈ ਹੋਵੇ, ਉਸਦਾ ਸਿਆਸੀ ਪ੍ਰਭਾਵ ਪਖੋਂ ਸਮੁਚੀ ਖਾੜਕੂ ਲਹਿਰ ਨੂੰ ਭਾਰੀ ਨੁਕਸਾਨ ਹੋਇਆ ਹੈ। ਅਸੀਂ ਅਜਿਹੀ ਗਲਤੀ ਤੋਂ ਪਾਕਿ ਰਹਿਣ ਦਾ ਦ੍ਰਿੜ ਸੰਕਲਪ ਦੁਹਰਾਉਂਦੇ ਹਾਂ ਪਰ ਨਾਲ ਹੀ ਅਸੀਂ ਸਾਡੇ ਉਤੇ 'ਕਾਂਗਰਸੀ ਏਜੰਟ' ਹੋਣ ਦਾ ਬੇਹੂਦਾ ਦੋਸ਼ ਲਾ ਰਹੇ ਅਖੌਤੀ ਬੁਧੀਜੀਵੀਆਂ ਅਤੇ ਸਿਆਸਤਦਾਨਾਂ ਨੂੰ ਅੰਗਰੇਜ਼ੀ ਦਾ ਇਹ ਅਖਾਣ ਜ਼ਰੂਰ ਚੇਤੇ ਰਖਣ ਦੀ ਸਲਾਹ ਦਿੰਦੇ ਹਾਂ ਕਿ ਜਿਹੜਾ ਖੁਦ ਸ਼ੀਸ਼ੇ ਦੇ ਘਰ ਵਿਚ ਬੈਠਾ ਹੋਵੇ ਉਸਨੂੰ ਦੂਜਿਆਂ 'ਤੇ ਪਥਰ ਮਾਰਨ ਤੋਂ ਪਹਿਲਾਂ ਸੋਚ ਜ਼ਰੂਰ ਲੈਣਾ ਚਾਹੀਦਾ ਹੈ।

ਅਸੂਲਾਂ ਉਤੇ ਦ੍ਰਿੜ ਰਹਿੰਦਿਆਂ ਲੋੜੀਂਦੀ ਦਾਅਪੇਚੀ ਲਚਕ ਅਪਣਾਉਣ ਦੀ ਕਲਾ ਵਿਚ ਨਿਪੁੰਨ ਹੋਵੇ। ਜਿਹੜੀ ਧਿਰ ਆਪਣੇ ਸਿਧਾਂਤਾਂ ਬਾਰੇ ਹੀ ਪੂਰੀ ਸਪਸ਼ਟ ਨਾ ਹੋਵੇ ਅਤੇ ਜਿਸ ਨੂੰ ਅਸੂਲਾਂ ਦੀ ਪਾਲਣਾ ਦਾ ਪੂਰਾ ਗਿਆਨ ਜਾਂ ਇਸਦੀ ਅਹਿਮੀਅਤ ਦਾ ਡੂੰਘਾ ਅਹਿਸਾਸ ਨਾ ਹੋਵੇ, ਉਹ ਤਿਲ੍ਹਕਣਬਾਜ਼ੀ ਦੀ ਇਸ ਖੇਡ ਵਿਚ ਵਿਰੋਧੀ ਨੂੰ ਮਾਤ ਦੇਣ ਦੀ ਥਾਂ ਖੁਦ ਸਟ ਪੇਟ ਖਾ ਬਹਿੰਦੀ ਹੈ। ਉਸਦੀ ਇਛਾ ਤੇ ਭਾਵਨਾ ਭਾਵੇਂ ਕੁਝ ਵੀ ਹੋਵੇ ਅਮਲੀ ਤੌਰ 'ਤੇ ਉਹ ਵਿਰੋਧੀ ਧਿਰ ਦੇ ਹਥਾਂ 'ਚ ਖੇਡਣ ਦੇ ਸਿਆਸੀ ਸਰਾਪ ਦਾ ਸ਼ਿਕਾਰ ਹੋ ਜਾਂਦੀ ਹੈ।

ਖਾੜਕੂ ਸਿੱਖ ਲਹਿਰ ਦੇ ਸੰਬੰਧ 'ਚ ਨੰਗਾ ਸਚ ਇਹ ਹੈ ਕਿ ਲਹਿਰ ਦੀ ਚੜ੍ਹਤ ਮੌਕੇ ਪੰਜਾਬ ਦੀਆ ਲਗਭਗ ਸਾਰੀਆਂ ਰਾਜਸੀ ਪਾਰਟੀਆਂ ਦੇ ਬਹੁਤੇ ਆਗੂ ਖਾੜਕੂ ਕਾਰਕੁਨਾਂ ਨਾਲ ਖੁਦ ਸੰਪਰਕ ਬਣਾਉਣ ਲਈ ਉਤਾਵਲੇ ਸਨ। ਕਾਂਗਰਸ ਤੋਂ ਲੈ ਕੇ ਭਾਰਤੀ ਜਨਤਾ ਪਾਰਟੀ ਤਕ, ਅਕਾਲੀਆਂ ਤੋਂ ਲੈ ਕੇ ਕਮਿਊਨਿਸਟਾਂ ਤਕ, ਹਰ ਪਾਰਟੀ ਦੇ ਕਿੰਨੇ ਹੀ ਅਜਿਹੇ ਆਗੂਆਂ ਦੇ ਨਾਂ ਗਿਣਾਏ ਜਾ ਸਕਦੇ ਹਨ ਜਿਨ੍ਹਾਂ ਨੇ ਆਪਣੀ ਜਾਨ ਬਖਸ਼ਾਉਣ ਦੇ ਮੰਤਵ ਨਾਲ ਆਪਣੇ ਘਰਾਂ ਦੇ ਦਰਵਾਜ਼ੇ ਖਾੜਕੂਆਂ ਲਈ ਖੁਲ੍ਹੇ ਛਡ ਰਖੇ ਹੋਏ ਸਨ। ਉਨ੍ਹਾਂ ਵਿਚਕਾਰ ਖਾੜਕੂਆਂ ਦੀ ਇਕ ਦੂਜੇ ਨਾਲੋਂ ਵਧ ਕੇ ਪ੍ਰਾਹੁਣਚਾਰੀ ਕਰਨ ਦੀ ਹੋੜ ਲਗੀ ਹੋਈ ਸੀ। ਇਹ ਗੱਲ ਵਖਰੀ ਹੈ ਕਿ ਹਵਾ ਦਾ ਰੁਖ ਬਦਲਦਿਆਂ ਹੀ ਇਹਨਾਂ 'ਪੌਣ ਕੁਕੜਾਂ' ਨੇ ਆਪਣੇ ਮੂੰਹ ਦੂਸਰੀ ਦਿਸ਼ਾ 'ਚ ਘੁਮਾ ਲਏ ਅਤੇ ਖਾੜਕੂਆਂ ਦੇ ਸਮਰਥਕ ਹੋਣ ਦਾ ਖੇਖਣ ਕਰਨ ਵਾਲੇ ਇਹ ਮੌਕਾਪ੍ਰਸਤ ਲੋਕ, ਖਾੜਕੂ ਯੋਧਿਆਂ ਖਿਲਾਫ਼ ਮੁਖ਼ਬਰੀਆਂ ਕਰਨ ਦੇ ਘਿਰਣਤ ਕਾਰਨਾਮਿਆਂ ਤਕ ਜਾ ਨਿਘਰੇ। ਇਥੋਂ ਤਕ ਕਿ ਥਾਣੇਦਾਰ ਤੋਂ ਲੈ ਕੇ ਚੋਟੀ ਦੇ ਪੁਲਸ ਅਫ਼ਸਰ ਤਕ ਵੀ ਸਿਧੇ ਅਤੇ ਅਸਿਧੇ ਅਤੇ ਕਈ ਰਾਜਸੀ ਆਗੂਆਂ ਰਾਹੀਂ ਖਾੜਕੂਆਂ ਨਾਲ ਇਸ ਸਮਝੌਤੇ ਲਈ ਤਤਪਰ ਰਹਿੰਦੇ ਸਨ ਕਿ 'ਜਿਵੇਂ ਮਰਜ਼ੀ ਕਰੀ ਜਾਓ, ਪਰ ਮੇਰੇ ਇਲਾਕੇ ਵਿਚ ਕੋਈ ਐਕਸ਼ਨ ਨਾ ਕਰੋ।' ਅਜ ਜਦੋਂ ਉਹੋ ਪੁਲਸ ਅਫ਼ਸਰ ਬੜੀ ਬੇਸ਼ਰਮੀ ਨਾਲ ਇਹ ਟਾਹਰਾਂ ਮਾਰਦੇ ਹਨ ਕਿ ਅਸਾਂ ਖਾੜਕੂਆਂ ਵਿਰੁਧ ਲੜਾਈ ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਰਾਖੀ ਲਈ ਲੜੀ ਹੈ ਤਾਂ ਉਹਨਾਂ ਦੇ ਇਹਨਾਂ ਦਾਅਵਿਆਂ ਉਤੇ ਹਸਿਆ ਹੀ ਜਾ ਸਕਦਾ ਹੈ। ਖਾੜਕੂਆਂ ਦੇ ਕਿਰਦਾਰ ਉਤੇ ਉਂਗਲ ਧਰਨ ਵਾਲੇ ਇਹਨਾਂ ਪੁਲਸ ਅਫ਼ਸਰਾਂ ਵਲੋਂ ਆਪਣੀਆਂ ਤਰੱਕੀਆਂ ਲਈ ਤੇ ਮਾਇਆ ਦੇ ਗਫੇ ਇਕੱਠੇ ਕਰਨ ਲਈ ਕੀਤੀਆਂ ਕਰਤੂਤਾਂ ਦੀ ਕੋਈ ਨਿਰਪਖ ਜਾਂਚ ਕਰਾਈ ਜਾਵੇ ਤਾਂ ਕਈ ਸਨਸਨੀਖੇਜ਼ ਤਥ ਲੋਕਾਂ ਸਾਹਮਣੇ ਆਉਣਗੇ।

ਖਾੜਕੂ ਲਹਿਰ ਦੀਆਂ ਸਿਧਾਂਤਕ ਊਣਤਾਈਆਂ ਅਤੇ ਜਥੇਬੰਦਕ ਕਮਜ਼ੋਰੀਆਂ ਕਾਰਨ, ਇਸਦੇ ਕੁਝ ਵਰਗਾਂ ਵਲੋਂ ਵੀ ਕੁਝ ਮਾਮਲਿਆਂ ਵਿਚ ਉਕਾਈ ਜਾਂ ਕੁਤਾਹੀ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਅਜਿਹੀ ਉਕਾਈ ਜੇਕਰ ਅਤੇ ਜਿਥੇ ਵੀ ਹੋਈ ਹੋਵੇ, ਉਸਦਾ ਸਿਆਸੀ ਪ੍ਰਭਾਵ ਪਖੋਂ ਸਮੁਚੀ ਖਾੜਕੂ ਲਹਿਰ ਨੂੰ ਭਾਰੀ ਨੁਕਸਾਨ ਹੋਇਆ ਹੈ। ਅਸੀਂ ਅਜਿਹੀ ਗਲਤੀ ਤੋਂ ਪਾਕਿ ਰਹਿਣ ਦਾ ਦ੍ਰਿੜ ਸੰਕਲਪ ਦੁਹਰਾਉਂਦੇ ਹਾਂ ਪਰ ਨਾਲ ਹੀ ਅਸੀਂ ਸਾਡੇ ਉਤੇ 'ਕਾਂਗਰਸੀ ਏਜੰਟ' ਹੋਣ ਦਾ ਬੇਹੂਦਾ ਦੋਸ਼ ਲਾ ਰਹੇ ਅਖੌਤੀ ਬੁਧੀਜੀਵੀਆਂ ਅਤੇ ਸਿਆਸਤਦਾਨਾਂ ਨੂੰ ਅੰਗਰੇਜ਼ੀ ਦਾ ਇਹ ਅਖਾਣ ਜ਼ਰੂਰ ਚੇਤੇ ਰਖਣ ਦੀ ਸਲਾਹ ਦਿੰਦੇ ਹਾਂ ਕਿ ਜਿਹੜਾ ਖੁਦ ਸ਼ੀਸ਼ੇ ਦੇ ਘਰ ਵਿਚ ਬੈਠਾ ਹੋਵੇ ਉਸਨੂੰ ਦੂਜਿਆਂ 'ਤੇ ਪਥਰ ਮਾਰਨ ਤੋਂ ਪਹਿਲਾਂ ਸੋਚ ਜ਼ਰੂਰ ਲੈਣਾ ਚਾਹੀਦਾ ਹੈ।

## ਪੁਲਸ ਪ੍ਰਤੀ ਪਹੁੰਚ ਦਾ ਮਸਲਾ

ਪੰਜਾਬ ਪੁਲਸ ਪ੍ਰਤੀ ਦਰੁਸਤ ਰਣਨੀਤੀ ਨਾ ਤੈਅ ਕਰ ਸਕਣਾ ਖਾੜਕੂ ਲਹਿਰ ਦੀ ਗੰਭੀਰ ਕਮਜ਼ੋਰੀ ਸਾਬਤ ਹੋਈ ਹੈ।

ਸ਼ੁਰੂ ਦੇ ਦੌਰ ਅੰਦਰ ਪੰਜਾਬ ਪੁਲਸ ਦਾ ਖਾੜਕੂ ਲਹਿਰ ਪ੍ਰਤੀ ਰਵੱਈਆ ਐਨਾ ਦੁਸ਼ਮਣ ਖੋਰ ਨਹੀਂ ਸੀ ਸਗੋਂ ਬਹੁਤ ਥਾਵਾਂ 'ਤੇ ਉਸਦਾ ਰਵੱਈਆ ਆਮ ਤੌਰ ਤੇ ਦੋਸਤੀ ਤੇ ਹਮਦਰਦੀ ਵਾਲਾ ਸੀ। ਸਿਪਾਹੀਆਂ ਤੋਂ ਲੈ ਕੇ ਉਪਰਲੇ ਰੈਂਕਾਂ ਤਕ, ਲਹਿਰ ਨਾਲ ਹਮਦਰਦੀ ਰਖਣ ਵਾਲੇ ਕਰਮਚਾਰੀਆਂ ਦੀ ਗਿਣਤੀ ਕਾਫੀ ਸੀ ਅਤੇ ਉਨ੍ਹਾਂ ਵਲੋਂ ਖਾੜਕੂ ਲਹਿਰ ਦੀ ਕਈ ਰੂਪਾਂ 'ਚ ਮਦਦ ਕੀਤੀ ਜਾਂਦੀ ਸੀ। ਸ਼ੁਰੂ ਦੇ ਦੌਰ ਵਿਚ ਕਿੰਨੇ ਹੀ ਪੁਲਸ ਮੁਲਾਜ਼ਮ ਸਰਕਾਰੀ ਨੌਕਰੀ ਨੂੰ ਲਤ ਮਾਰਕੇ ਖਾੜਕੂ ਲਹਿਰ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਵਿਚੋਂ ਕੁਝ ਨੇ ਬਹੁਤ ਹੀ ਪ੍ਰਸ਼ੰਸਾਯੋਗ ਤੇ ਯਾਦਗਾਰੀ ਰੋਲ ਨਿਭਾਏ।

ਪਰ ਬਾਅਦ 'ਚ ਜਾ ਕੇ, ਖਾਸ ਕਰਕੇ 1987-88 ਤੋਂ ਬਾਅਦ ਇਹ ਹਾਲਤ ਤਬਦੀਲ ਹੋਣੀ ਸ਼ੁਰੂ ਹੋ ਗਈ। ਪੰਜਾਬ ਪੁਲਸ ਅੰਦਰ ਆਮ ਕਰਕੇ ਖਾੜਕੂ ਲਹਿਰ ਵਿਰੁਧ ਦੁਸ਼ਮਣੀ ਦੀਆਂ ਭਾਵਨਾਵਾਂ ਜ਼ੋਰ ਫੜ ਗਈਆਂ। ਅਜਿਹਾ ਦੋ ਕਾਰਣਾਂ ਕਰਕੇ ਹੋਇਆ। ਇਕ, ਖਾੜਕੂਆਂ ਨੇ ਪੰਜਾਬ ਪੁਲਸ ਪ੍ਰਤੀ ਅੰਨ੍ਹੀ ਦੁਸ਼ਮਣੀ ਦੀ ਪਹੁੰਚ ਅਪਣਾ ਲਈ ਕਿ ਜਿਥੇ

ਸ਼ੁਰੂ ਵਿਚ ਸਿਰਫ਼ ਚੋਣਵੇਂ, ਜ਼ਾਲਮ ਪੁਲਸ ਕਰਮਚਾਰੀਆਂ ਨੂੰ ਹੀ ਗੋਲੀ ਦਾ ਨਿਸ਼ਾਨਾ ਬਣਾਇਆ ਜਾਂਦਾ ਸੀ, ਉਥੇ ਬਾਅਦ 'ਚ ਜਾਕੇ ਹਰ ਪੁਲਸ ਮੁਲਾਜ਼ਮ ਨੂੰ ਲਹਿਰ ਦਾ ਦੁਸ਼ਮਣ ਕਰਾਰ ਦੇ ਕੇ ਬੇਵਜ੍ਹਾ ਹੀ ਗੋਲੀ ਦਾ ਨਿਸ਼ਾਨਾ ਬਣਾਉਣ ਦੀ ਗਲਤ ਨੀਤੀ ਅਪਣਾ ਲਈ ਗਈ। 1990 'ਚ ਜਾਕੇ ਇਸ ਨੀਤੀ ਅੰਦਰ ਹੋਰ ਵਿਗਾੜ ਆ ਗਿਆ। ਕੁਝ ਥਾਵਾਂ ਤੇ ਨਾ ਸਿਰਫ਼ ਆਮ ਮੁਲਾਜ਼ਮਾਂ ਨੂੰ, ਸਗੋਂ ਉਹਨਾਂ ਦੇ ਬੇਕਸੂਰ ਪਰਿਵਾਰਾਂ ਨੂੰ ਵੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾਣ ਲਗ ਪਿਆ। ਸਾਧਾਰਨ ਪੁਲਸ ਮੁਲਾਜ਼ਮਾਂ ਦੇ ਬੇਕਸੂਰ ਪਰਿਵਾਰਾਂ ਉਤੇ ਅਜਿਹੇ ਹਮਲੇ ਨਾ ਤਾਂ ਇਖਲਾਕੀ ਤੇ ਇਨਸਾਨੀਅਤ ਦੇ ਪਖੋਂ ਜਾਇਜ਼ ਸਨ, ਅਤੇ ਨਾ ਹੀ ਸਿਆਸੀ ਪਖ ਤੋਂ ਕੋਈ ਸਮਝਦਾਰੀ ਵਾਲੀ ਗੱਲ ਸੀ। ਇਸ ਗਲਤ ਨੀਤੀ ਦਾ ਸਿਟਾ ਇਹ ਨਿਕਲਿਆ ਕਿ ਪੰਜਾਬ ਪੁਲਸ ਅੰਦਰ ਖਾੜਕੂ ਲਹਿਰ ਪ੍ਰਤੀ ਸਨੇਹ ਤੇ ਹਮਦਰਦੀ ਅਲੋਪ ਹੋ ਗਈ ਅਤੇ ਉਸ ਅੰਦਰ ਆਮ ਪਧਰ 'ਤੇ ਖਾੜਕੂ ਵਿਰੋਧੀ ਰੌਅ ਪੈਦਾ ਹੋ ਗਿਆ। ਸਿੱਖ ਦੁਸ਼ਮਣ ਹਾਕਮਾਂ ਨੇ ਖਾੜਕੂ ਲਹਿਰ ਦੀ ਇਸ ਗਲਤੀ ਦਾ ਪੂਰਾ ਫਾਇਦਾ ਉਠਾਇਆ। ਖਾੜਕੂਆਂ ਹਥੋਂ ਮਾਰੇ ਗਏ ਪੁਲਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਖੁਲ੍ਹੀ ਆਰਥਿਕ ਮਦਦ ਤੇ ਹੋਰ ਰਿਆਇਤਾਂ ਦਿਤੀਆਂ ਜਾਣ ਲਗ ਪਈਆਂ। 'ਪੀੜਤ ਪਰਿਵਾਰਾਂ' ਦੇ ਮੈਂਬਰਾਂ ਨੂੰ ਪੰਜਾਬ ਪੁਲਸ ਅੰਦਰ ਤਰਜੀਹੀ ਪਧਰ 'ਤੇ ਭਰਤੀ ਕੀਤਾ ਜਾਣ ਲਗਾ। ਪੰਜਾਬ ਪੁਲਸ ਅੰਦਰ ਖਾੜਕੂਆਂ ਵਿਰੁਧ ਨਫ਼ਰਤ ਤੇ ਜਨੂੰਨ ਭਰਨ ਲਈ ਹਰ ਢੰਗ ਵਰਤਿਆ ਗਿਆ। ਸਿਟਾ ਇਹ ਨਿਕਲਿਆ ਕਿ ਪੰਜਾਬ ਪੁਲਸ ਆਮ ਰੂਪ 'ਚ ਖਾੜਕੂ ਲਹਿਰ ਦੇ ਵੈਰ ਪੈ ਗਈ ਅਤੇ ਲਹਿਰ ਨੂੰ ਵਹਿਸ਼ੀਪੁਣੇ ਨਾਲ ਕੁਚਲਣਾ ਉਸਦੇ ਸਵਾਰਥੀ ਹਿਤ ਬਣ ਗਏ।

ਜੇਕਰ ਖਾੜਕੂ ਲਹਿਰ ਵਲੋਂ ਪੰਜਾਬ ਪੁਲਸ ਪ੍ਰਤੀ ਇਹ ਗਲਤ ਨੀਤੀ ਨਾ ਅਪਣਾਈ ਗਈ ਹੁੰਦੀ ਤਾਂ ਪੁਲਸ ਦੇ ਕਾਫੀ ਹਿਸਿਆਂ ਨੂੰ ਖਾੜਕੂ ਸਿੱਖ ਸੰਘਰਸ਼ ਦੇ ਸਮਰਥਕ ਬਣਾਇਆ ਜਾ ਸਕਦਾ ਸੀ, ਜਾਂ ਘਟੋ ਘਟ ਉਹਨਾਂ ਨੂੰ ਨਿਰਪਖ ਜ਼ਰੂਰ ਕੀਤਾ ਜਾ ਸਕਦਾ ਸੀ। ਖਾੜਕੂ ਲਹਿਰ ਉਤੇ ਅਣਮਨੁਖੀ ਜ਼ੁਲਮ ਢਾਹੁਣ ਵਾਲੇ, ਚੋਣਵੇਂ ਬਦਨਾਮ ਪੁਲਸ ਅਫ਼ਸਰਾਂ ਤੇ ਕਰਮਚਾਰੀਆਂ ਨੂੰ ਲਹਿਰ ਦੇ ਅਤੇ ਆਮ ਰੂਪ 'ਚ ਪੁਲਸ ਮੁਲਾਜ਼ਮਾਂ ਨਾਲ ਠੀਕ ਵਰਤਾਓ ਕਰਨ ਦੀ ਸੁਘੜ ਰਣਨੀਤੀ ਅਪਣਾ ਕੇ ਅਜੇ ਵੀ ਵਾਪਰ ਚੁਕੀ ਗਲਤੀ ਨੂੰ ਦਰੁਸਤ ਕੀਤਾ ਜਾ ਸਕਦਾ ਹੈ ਅਤੇ ਹਰ ਹਾਲਤ ਕੀਤਾ ਜਾਣਾ ਚਾਹੀਦਾ ਹੈ।

## ਚੋਣਾਂ ਦੇ ਬਾਈਕਾਟ ਬਾਰੇ

ਜਦ ਚੰਦਰ ਸ਼ੇਖਰ ਸਰਕਾਰ ਵਲੋਂ ਜੂਨ 1991 ਵਿਚ ਪੰਜਾਬ ਅੰਦਰ ਅਸੈਂਬਲੀ ਦੀਆਂ ਚੋਣਾਂ ਕਰਾਉਣ ਦਾ ਐਲਾਨ ਕੀਤਾ ਗਿਆ ਤਾਂ ਖਾੜਕੂ ਸਫ਼ਾਂ ਅੰਦਰ ਚੋਣਾਂ ਵਿਚ ਹਿਸਾ ਲੈਣ ਜਾਂ ਬਾਈਕਾਟ ਕਰਨ ਬਾਰੇ ਤਿਖੀ ਬਹਿਸ ਸ਼ੁਰੂ ਹੋ ਗਈ। ਇਕ ਵਰਗ ਭਾਰਤੀ ਸੰਵਿਧਾਨ ਹੇਠ ਹੋਣ ਵਾਲੀ ਕਿਸੇ ਵੀ ਇਲੈਕਸ਼ਨ ਵਿਚ ਹਿਸਾ ਲੈਣ ਦੇ ਵਿਚਾਰ ਨੂੰ ਮੁਢੋਂ ਸੁਢੋਂ ਰਦ ਕਰਦਾ ਸੀ। ਦਲੀਲ ਇਹ ਦਿਤੀ ਗਈ ਕਿ ਜਦ ਅਸੀਂ ਭਾਰਤੀ ਸੰਵਿਧਾਨ ਨੂੰ ਮੁਕੰਮਲ ਤੌਰ 'ਤੇ ਰਦ ਕਰਨ ਦੀ ਪੋਜ਼ੀਸ਼ਨ ਲੈ ਲਈ ਹੋਈ ਹੈ ਤਾਂ ਸਿੱਖ ਕੌਮ ਦੀ ਗੁਲਾਮੀ ਦੇ ਪ੍ਰਤੀਕ ਇਸ ਸੰਵਿਧਾਨ ਅਧੀਨ ਹੋਣ ਵਾਲੀ ਇਲੈਕਸ਼ਨ ਵਿਚ ਸ਼ਾਮਲ ਹੋਣ ਦੀ ਕੋਈ ਵੀ ਸਿਧਾਂਤਕ ਵਾਜਬੀਅਤ ਨਹੀਂ ਬਣਦੀ। ਇਸ ਸਿਧਾਂਧਕ ਪੋਜ਼ੀਸ਼ਨ ਤੋਂ ਇਲਾਵਾ ਬਾਈਕਾਟ ਕਰਨ ਦੇ ਪਖ 'ਚ ਇਕ ਅਮਲੀ ਦਲੀਲ ਇਹ ਸੀ ਕਿ ਪੰਥ ਅੰਦਰ ਮੌਜੂਦ ਵਿਆਪਕ ਫੁਟ ਤੇ ਧੜੇਬੰਦੀ ਦੇ ਹੁੰਦਿਆਂ ਚੋਣਾਂ ਵਿਚ ਹਿਸਾ ਲੈਣਾ ਅਮਲੀ ਨਤੀਜਿਆਂ ਪਖੋਂ ਲਾਹੇਵੰਦਾ ਨਹੀਂ ਰਹਿਣਾ। ਨਾ ਸਿਰਫ਼ ਰਵਾਇਤੀ ਅਕਾਲੀ ਧੜਿਆਂ ਅੰਦਰ, ਸਗੋਂ ਆਪਣੇ ਆਪ ਨੂੰ ਖਾੜਕੂ ਜਾਂ ਖਾੜਕੂ ਪਖੀ ਅਖਵਾਉਣ ਵਾਲੀਆਂ ਤਾਕਤਾਂ ਅੰਦਰ ਵੀ ਕੁਰਸੀਆਂ ਦੀ ਭੁੱਖ ਏਨੀ ਭੜਕ ਉਠੀ ਸੀ ਕਿ ਇੱਕ ਇੱਕ ਸੀਟ ਉਤੇ ਅੱਧੀ ਅੱਧੀ ਦਰਜਨ ਦੇ ਕਰੀਬ "ਪੰਥਕ ਦਾਅਵੇਦਾਰ" ਨਿੱਤਰ ਆਏ ਸਨ। ਚੋਣਾਂ ਪੰਥਕ ਸ਼ਕਤੀ ਨੂੰ ਇੱਕ ਜੁੱਟ ਕਰਨ ਦੇ ਉਲਟ, ਇਸ ਨੂੰ ਹੋਰ ਵੀ ਵੱਧ ਪਾੜਨ ਤੇ ਖਿੰਡਾਉਣ ਦਾ ਕਾਰਨ ਬਣੀਆਂ ਨਜ਼ਰ ਆ ਰਹੀਆਂ ਸਨ। ਇਹ ਹਾਲਤ ਸਿੱਖ ਸੰਘਰਸ਼ ਲਈ ਸਹਾਈ ਪ੍ਰਤੀਤ ਨਹੀਂ ਸੀ ਹੁੰਦੀ। ਉਹਨਾਂ ਹਾਲਤਾਂ ਵਿਚ ਇਹ ਸਿੱਧਾਂਤਕ ਤੇ ਅਮਲੀ ਦਲੀਲਾਂ ਖਾੜਕੂ ਲਹਿਰ ਦੇ ਤਕੜੇ ਹਿੱਸਿਆਂ ਨੂੰ ਕਾਇਲ ਕਰ ਰਹੀਆਂ ਸਨ ਜਿਸ ਵਜ੍ਹਾ ਕਰਕੇ ਚੋਣਾਂ ਦੇ ਬਾਈਕਾਟ ਦਾ ਵਿਚਾਰ ਹਾਵੀ ਹੋ ਗਿਆ।

ਦੂਜੇ ਪਾਸੇ, ਖਾੜਕੂ ਸਫ਼ਾਂ ਦਾ ਇੱਕ ਵਰਗ ਚੋਣਾਂ ਵਿਚ ਸ਼ਿਰਕਤ ਕਰਨ ਦੀ ਜ਼ੋਰਦਾਰ ਵਕਾਲਤ ਕਰਦਾ ਸੀ। ਇਸ ਪੱਖ ਦੀ ਮੁੱਖ ਦਲੀਲ ਇਹ ਸੀ ਕਿ ਖਾੜਕੂ ਤਾਕਤਾਂ ਨੂੰ ਪੰਜਾਬ ਅੰਦਰ ਆਪਣੀ ਜਾਂ ਆਪਣੇ ਪੱਖ ਦੀ ਸਰਕਾਰ ਬਣਾਉਣ ਦਾ ਜੋ ਸੁਨਹਿਰੀ ਮੌਕਾ ਹੱਥ ਲੱਗਾ ਹੈ ਇਸਦੀ ਖਾਲਿਸਤਾਨ ਦੇ ਸੰਘਰਸ਼

ਸਾਧਾਰਨ ਪੁਲਸ ਮੁਲਾਜ਼ਮਾਂ ਦੇ ਬੇਕਸੂਰ ਪਰਿਵਾਰਾਂ ਉਤੇ ਅਜਿਹੇ ਹਮਲੇ ਨਾ ਤਾਂ ਖਿਲਾਕੀ ਤੇ ਇਨਸਾਨੀਅਤ ਦੇ ਪਖੋਂ ਜਾਇਜ਼ ਸਨ, ਅਤੇ ਨਾ ਹੀ ਸਿਆਸੀ ਪਖ ਤੋਂ ਕੋਈ ਸਮਝਦਾਰੀ ਵਾਲੀ ਗੱਲ ਸੀ। ਇਸ ਗਲਤ ਨੀਤੀ ਦਾ ਸਿਟਾ ਇਹ ਨਿਕਲਿਆ ਕਿ ਪੰਜਾਬ ਪੁਲਸ ਅੰਦਰ ਖਾੜਕੂ ਲਹਿਰ ਪ੍ਰਤੀ ਸਨੇਹ ਤੇ ਹਮਦਰਦੀ ਅਲੋਪ ਹੋ ਗਈ ਅਤੇ ਉਸ ਅੰਦਰ ਆਮ ਪਧਰ 'ਤੇ ਖਾੜਕੂ ਵਿਰੋਧੀ ਰੌਅ ਪੈਦਾ ਹੋ ਗਿਆ।

ਨਾ ਸਿਰਫ਼ ਰਵਾਇਤੀ ਅਕਾਲੀ ਧੜਿਆਂ ਅੰਦਰ, ਸਗੋਂ ਆਪਣੇ ਆਪ ਨੂੰ ਖਾੜਕੂ ਜਾਂ ਖਾੜਕੂ ਪਖੀ ਅਖਵਾਉਣ ਵਾਲੀਆਂ ਤਾਕਤਾਂ ਅੰਦਰ ਵੀ ਕੁਰਸੀਆਂ ਦੀ ਭੁੱਖ ਏਨੀ ਭੜਕ ਉਠੀ ਸੀ ਕਿ ਇੱਕ ਇੱਕ ਸੀਟ ਉਤੇ ਅੱਧੀ ਅੱਧੀ ਦਰਜਨ ਦੇ ਕਰੀਬ "ਪੰਥਕ ਦਾਅਵੇਦਾਰ" ਨਿੱਤਰ ਆਏ ਸਨ। ਚੋਣਾਂ ਪੰਥਕ ਸ਼ਕਤੀ ਨੂੰ ਇੱਕ ਜੁੱਟ ਕਰਨ ਦੇ ਉਲਟ, ਇਸ ਨੂੰ ਹੋਰ ਵੀ ਵੱਧ ਪਾੜਨ ਤੇ ਖਿੰਡਾਉਣ ਦਾ ਕਾਰਨ ਬਣੀਆਂ ਨਜ਼ਰ ਆ ਰਹੀਆਂ ਸਨ। ਇਹ ਹਾਲਤ ਸਿੱਖ ਸੰਘਰਸ਼ ਲਈ ਸਹਾਈ ਪ੍ਰਤੀਤ ਨਹੀਂ ਸੀ ਹੁੰਦੀ। ਉਹਨਾਂ ਹਾਲਤਾਂ ਵਿਚ ਇਹ ਸਿੱਧਾਂਤਕ ਤੇ ਅਮਲੀ ਦਲੀਲਾਂ ਖਾੜਕੂ ਲਹਿਰ ਦੇ ਤਕੜੇ ਹਿੱਸਿਆਂ ਨੂੰ ਕਾਇਲ ਕਰ ਰਹੀਆਂ ਸਨ ਜਿਸ ਵਜ੍ਹਾ ਕਰਕੇ ਚੋਣਾਂ ਦੇ ਬਾਈਕਾਟ ਦਾ ਵਿਚਾਰ ਹਾਵੀ ਹੋ ਗਿਆ।

ਨੂੰ ਅਗੇ ਵਧਾਉਣ ਲਈ ਪ੍ਰਭਾਵਕਾਰੀ ਵਰਤੋਂ ਕੀਤੀ ਜਾ ਸਕਦੀ ਹੈ, ਅਤੇ ਕੀਤੀ ਜਾਣੀ ਚਾਹੀਦੀ ਹੈ। ਇਸ ਮੌਕੇ ਨੂੰ ਹਥੋਂ ਖੁੰਝਾਉਣ ਦਾ ਮਤਲਬ ਪੰਥ ਦੁਸ਼ਮਣ ਤਾਕਤਾਂ ਨੂੰ ਸਰਕਾਰ ਬਣਾਉਣ ਦਾ ਮੌਕਾ ਪ੍ਰਦਾਨ ਕਰਨਾ ਹੋਵੇਗਾ ਜੋ ਕਿ ਇਕ ਵਡੀ ਸਿਆਸੀ ਭੁਲ ਹੋਵੇਗੀ। ਉਸ ਮੌਕੇ ਆਪਣੇ ਆਪ ਨੂੰ 'ਪੰਥਕ' ਅਖਵਾਉਣ ਵਾਲੀਆਂ ਤਾਕਤਾਂ ਦੀ ਨੈਤਿਕ ਕੰਗਾਲੀ ਦਾ ਜੋ ਦ੍ਰਿਸ਼ ਪੇਸ਼ ਹੋ ਰਿਹਾ ਸੀ ਅਰਥਾਤ ਕਿਸੇ ਮੌਕੇ ਖਾੜਕੂ ਰਹੇ ਜਾਂ ਸ਼ਹੀਦ ਪਰਿਵਾਰਾਂ ਨਾਲ ਸੰਬੰਧਤ ਵਿਅਕਤੀਆਂ ਵਲੋਂ ਆਪਣੀ ਐਮ. ਐਲ਼. ਏ ਬਣਨ ਦੀ ਹਵਸ ਪੂਰੀ ਕਰਨ ਲਈ ਸ਼ਹੀਦੀਆਂ ਦੀ ਸ਼ਰੇਆਮ ਨਿਲਾਮੀ ਕੀਤੀ ਜਾ ਰਹੀ ਸੀ। ਉਸਨੂੰ ਦੇਖਦੇ ਹੋਏ ਖਾੜਕੂ ਸਫ਼ਾਂ ਦੇ ਵਡੇ ਹਿਸੇ ਨੇ ਚੋਣਾਂ ਦੇ ਅਮਲ ਤੋਂ ਲਾਂਭੇ ਰਹਿਣ 'ਚ ਹੀ ਸਿੱਖ ਸੰਘਰਸ਼ ਦਾ ਭਲਾ ਚਿਤਵਿਆ। ਜੂਨ 1991 ਵਿਚ ਬਾਈਕਾਟ ਦੇ ਫ਼ੈਸਲੇ ਨੂੰ ਸਖ਼ਤੀ ਨਾਲ ਲਾਗੂ ਕਰਦਿਆਂ ਦਰਜਨਾਂ ਹੀ ਉਮੀਦਵਾਰਾਂ ਨੂੰ ਗੋਲੀਆਂ ਨਾਲ ਉਡਾ ਦਿਤਾ ਗਿਆ। ਚੋਣ ਕਮਿਸ਼ਨਰ ਵੱਲੋਂ ਐਨ ਆਖਰੀ ਮੌਕੇ ਚੋਣਾਂ ਮਨਸੂਖ਼ ਕਰਨ ਦੇ ਫ਼ੈਸਲੇ ਨੇ ਖਾੜਕੂ ਲੀਡਰਸ਼ਿੱਪ ਲਈ ਆਪਣੇ ਇਸ ਪੈਂਤੜੇ ਉਤੇ ਮੁੜ ਵਿਚਾਰ ਕਰਨ ਦਾ ਮੌਕਾ ਮੁਹੱਈਆ ਕਰ ਦਿਤਾ। ਪ੍ਰੰਤੂ ਇੱਕ ਤਾਂ ਬਾਈਕਾਟ ਦੇ ਰਸਤੇ ਇਸ ਕਦਰ ਅੱਗੇ ਵਧਣ ਤੋਂ ਬਾਅਦ ਯਕਦਮ ਪਿੱਛਲ ਮੋੜਾ ਕਟਣਾ ਐਨਾ ਆਸਾਨ ਨਹੀਂ ਸੀ, ਦੂਜਾ ਆਗੂ ਸਫ਼ਾਂ ਅੰਦਰ ਚੋਣਾਂ ਵਿਚ ਹਿਸਾ ਲੈਣ ਬਾਰੇ ਪੂਰੀ ਸਿੱਧਾਂਤਕ ਸਪਸ਼ਟਤਾ ਅਤੇ ਦ੍ਰਿੜਤਾ ਨਹੀਂ ਸੀ ਆਈ ਜਿਸ ਵਜ੍ਹਾ ਕਰਕੇ ਫਰਵਰੀ 1992 ਵਿਚ ਵੀ ਜੂਨ 1991 ਵਾਲੀ ਪੁਜ਼ੀਸ਼ਨ ਹੀ ਬਰਕਰਾਰ ਰਖੀ ਗਈ। ਪੰਥਕ ਕਮੇਟੀ ਤੇ ਖਾੜਕੂ ਜਥੇਬੰਦੀਆਂ ਵਲੋਂ ਬਾਈਕਾਟ ਦੇ ਫ਼ੈਸਲੇ ਸਦਕਾ ਵਖ ਵਖ ਅਕਾਲੀ ਧੜੇ ਵੀ ਚੋਣਾਂ ਦੇ ਅਮਲ ਤੋਂ ਲਾਂਭੇ ਹਟ ਗਏ। ਲੋਕਾਂ, ਖਾਸ ਕਰਕੇ ਸਿੱਖ ਸੰਗਤਾਂ ਨੇ ਬਾਈਕਾਟ ਦੇ ਸੱਦੇ ਨੂੰ ਲਾਮਿਸਾਲ ਹੁੰਗਾਰਾ ਭਰਿਆ। ਇਹ ਹੁੰਗਾਰਾ ਨਿਰਾ ਬੰਦੂਕ ਦੀ ਦਹਿਸ਼ਤ ਦਾ ਨਤੀਜਾ ਨਹੀਂ ਸੀ ਸਗੋਂ ਇਹ ਉਸ ਮੌਕੇ ਮੌਜੂਦ ਆਮ ਸਿੱਖ ਸੋਚ ਅਤੇ ਜਜ਼ਬੇ ਦੀ ਤਰਜਮਾਨੀ ਕਰਦਾ ਸੀ। ਭਾਰਤੀ ਹਾਕਮਾਂ ਦੇ ਸਮੁਚੇ ਰਾਜਨੀਤਕ ਵਿਹਾਰ ਨੂੰ ਦੇਖਦਿਆਂ ਹੋਇਆਂ ਸਿੱਖ ਜਗਤ ਦਾ ਭਾਰਤੀ ਹਾਕਮਾਂ ਤੋਂ ਵਿਸ਼ਵਾਸ ਉਠ ਗਿਆ ਸੀ। ਸਿੱਖ ਭਾਈਚਾਰੇ ਅੰਦਰ ਆਜ਼ਾਦੀ ਦੇ ਸੰਘਰਸ਼ ਨੂੰ ਹੋਰ ਉਚੇਰੇ ਪਧਰ 'ਤੇ ਲਿਜਾਣ ਦੀ ਰੀਝ ਤੇ ਚਾਅ ਪੂਰੇ ਹੁਲਾਰੇ ਵਿਚ ਸੀ। ਏ. ਕੇ. ਸੰਤਾਲੀ ਦਹਿਸ਼ਤ ਦਾ ਫੈਕਟਰ ਗੌਣ(secondary) ਸੀ।

ਬਾਅਦ 'ਚ ਵਾਪਰੇ ਸਮੁਚੇ ਘਟਨਾ ਚੱਕਰ ਨੇ ਇਹ ਦਰਸਾ ਦਿਤਾ ਹੈ ਕਿ ਚੋਣਾਂ ਦੇ ਬਾਈਕਾਟ ਦਾ ਫ਼ੈਸਲਾ ਜ਼ਿਆਦਾ ਕਰਕੇ ਨਾਂਹ ਪਖੀ ਸੋਚ ਤੇ ਦਲੀਲਾਂ ਦੀ ਉਪਜ ਸੀ। ਇਹ ਸੋਚਣ ਦੀ ਬਜਾਇ ਕਿ ਬਾਈਕਾਟ ਦੇ ਫ਼ੈਸਲੇ ਨਾਲ ਸਿੱਖ ਸੰਘਰਸ਼ ਨੂੰ ਫ਼ਾਇਦਾ ਕੀ ਹੋਵੇਗਾ, ਮੁਖ ਜ਼ੋਰ ਇਹ ਦਿਖਾਉਣ ਤੇ ਲਗਾ ਰਿਹਾ ਕਿ ਚੋਣਾਂ ਵਿਚ ਹਿਸਾ ਲੈਣ ਨਾਲ ਨੁਕਸਾਨ ਕੀ ਹੋਵੇਗਾ। ਇਸ ਨਾਂਹ ਪਖੀ ਦ੍ਰਿਸ਼ਟੀਕੋਣ ਸਦਕਾ ਹੀ ਚੋਣਾਂ ਦੇ ਸਫ਼ਲ ਬਾਈਕਾਟ ਤੋਂ ਬਾਅਦ ਅਗਲੇ ਪ੍ਰੋਗਰਾਮ ਦੀ ਕੋਈ ਰੂਪ ਰੇਖਾ ਨਾ ਉਲੀਕੀ ਗਈ। ਨਿਗੂਣੀਆਂ ਵੋਟਾਂ ਲੈ ਕੇ ਬਣੀ ਕਾਂਗਰਸ ਸਰਕਾਰ ਨੂੰ ਬੇਅਸਰ ਕਰਨ ਲਈ ਕੋਈ ਠੋਸ ਪ੍ਰੋਗਰਾਮ ਨਾ ਉਲੀਕਿਆ ਗਿਆ। ਸਿਟਾ ਇਹ ਨਿਕਲਿਆ ਕਿ ਬਾਈਕਾਟ ਤੋਂ ਬਾਅਦ ਪੰਥਕ ਤਾਕਤਾਂ ਸਿਆਸੀ ਤੌਰ 'ਤੇ ਸਿੱਥਲ ਜਿਹੀਆਂ ਹੋ ਗਈਆਂ। ਪੰਥਕ ਮੁਹਾਜ਼ 'ਤੇ ਕਿਸੇ ਪ੍ਰਭਾਵਸ਼ਾਲੀ ਪਹਿਲ ਕਦਮੀ ਦੀ ਘਾਟ ਕਾਰਨ ਕਾਂਗਰਸ ਸਰਕਾਰ ਨੇ ਹੌਲੀ ਹੌਲੀ ਆਪਣੇ ਪੈਰ ਜਮਾਉਣੇ ਸ਼ੁਰੂ ਕਰ ਦਿਤਾ। ਨਾਲ ਹੀ ਉਸਨੇ ਖਾੜਕੂ ਲਹਿਰ ਵਿਰੁਧ ਵਹਿਸ਼ੀ ਹੱਲਾ ਆਰੰਭ ਕਰ ਦਿਤਾ। ਰਵਾਇਤੀ ਅਕਾਲੀ ਆਗੂ ਢਿਡੋਂ ਖਾੜਕੂ ਲਹਿਰ ਦੇ ਖਾਤਮੇ ਦੇ ਹਾਮੀ ਸਨ। ਕਾਂਗਰਸ ਸਰਕਾਰ ਵਲੋਂ ਖਾੜਕੂ ਲਹਿਰ ਉਤੇ ਬੋਲੇ ਵਹਿਸ਼ੀ ਹੱਲੇ ਪ੍ਰਤੀ ਉਨ੍ਹਾਂ ਨੂੰ ਕੋਈ ਵਡੀ ਔਖ ਨਹੀਂ ਸੀ ਸਗੋਂ ਇਸ ਨਾਲ ਉਨ੍ਹਾਂ ਦੀ ਚੁਪ ਸਹਿਮਤੀ (tacit approval) ਸੀ। ਆਪਣੀ ਸਿਆਸੀ ਪੜਤ ਬਣਾਉਣ ਲਈ ਉਨ੍ਹਾਂ ਦੇ ਮੁਠੀ ਭਰ ਹਮਾਇਤੀਆਂ ਨੂੰ ਛਡ ਕੇ ਆਮ ਲੋਕਾਂ ਨੇ ਕੋਈ ਹੁੰਗਾਰਾ ਨਾ ਭਰਿਆ। ਇਸ ਦੀ ਇਕ ਵਜ੍ਹਾ ਇਹ ਵੀ ਸੀ ਕਿ ਆਪਣੇ ਕੁਝ ਗਲਤ ਅਮਲਾਂ ਕਾਰਨ ਖਾੜਕੂ ਲਹਿਰ ਦੀ ਸਿੱਖ ਸੰਗਤਾਂ ਦੇ ਦਿਲਾਂ ਅੰਦਰ ਪਹਿਲਾਂ ਵਾਲੀ ਥਾਂ ਨਹੀਂ ਸੀ ਰਹੀ। ਸਿੱਟੇ ਵਜੋਂ ਬੇਅੰਤ ਸਿੰਘ ਸਰਕਾਰ ਨੇ ਅਕਾਲੀਆਂ ਦੀਆਂ ਸਰਗਰਮੀਆਂ ਨੂੰ ਮੁਕਾਬਲਤਨ ਸੌਖ ਨਾਲ ਹੀ ਕੁਚਲ ਦਿਤਾ। ਉਧਰ, ਖਾੜਕੂ ਲਹਿਰ ਦੀਆਂ ਹਡੀਂ ਰਚੀਆਂ ਘਾਟਾਂ ਤੇ ਕਮਜ਼ੋਰੀਆਂ ਕਾਰਨ ਹਕੂਮਤੀ ਹੱਲੇ ਮੂਹਰੇ ਉਸਦੇ ਤੇਜ਼ੀ ਨਾਲ ਪੈਰ ਉਖੜ ਗਏ। ਲਹਿਰ ਦੇ ਬਹੁਤ ਸਾਰੇ ਚੋਟੀ ਦੇ ਆਗੂ ਸ਼ਹੀਦ ਹੋ ਗਏ। ਖਾੜਕੂ ਲਹਿਰ ਦੇ ਹਮਾਇਤੀ ਘੇਰਿਆਂ ਅੰਦਰ ਨਿਰਾਸ਼ਾ ਤੇ ਬੇਦਿਲੀ ਆ ਗਈ।

ਇਸ ਸਮੁਚੇ ਘਟਨਾ ਕ੍ਰਮ ਉਤੇ ਪਿੱਛਲ ਝਾਤ ਮਾਰਿਆਂ ਹੁਣ ਇਹ ਨਿਰਣਾ ਕਢਣਾ

> ਇਹ ਸੋਚਣ ਦੀ ਬਜਾਇ ਕਿ ਬਾਈਕਾਟ ਦੇ ਫ਼ੈਸਲੇ ਨਾਲ ਸਿੱਖ ਸੰਘਰਸ਼ ਨੂੰ ਫ਼ਾਇਦਾ ਕੀ ਹੋਵੇਗਾ, ਮੁੱਖ ਜ਼ੋਰ ਇਹ ਦਿਖਾਉਣ ਤੇ ਲੱਗਾ ਰਿਹਾ ਕਿ ਚੋਣਾਂ ਵਿਚ ਹਿੱਸਾ ਲੈਣ ਨਾਲ ਨੁਕਸਾਨ ਕੀ ਹੋਵੇਗਾ। ਇਸ ਨਾਂਹ ਪੱਖੀ ਦ੍ਰਿਸ਼ਟੀਕੋਣ ਸਦਕਾ ਹੀ ਚੋਣਾਂ ਦੇ ਸਫ਼ਲ ਬਾਈਕਾਟ ਤੋਂ ਬਾਅਦ ਅਗਲੇ ਪ੍ਰੋਗਰਾਮ ਦੀ ਕੋਈ ਰੂਪ ਰੇਖਾ ਨਾ ਉਲੀਕੀ ਗਈ। ਨਿਗੂਣੀਆਂ ਵੋਟਾਂ ਲੈ ਕੇ ਬਣੀ ਕਾਂਗਰਸ ਸਰਕਾਰ ਨੂੰ ਬੇਅਸਰ ਕਰਨ ਲਈ ਕੋਈ ਠੋਸ ਪ੍ਰੋਗਰਾਮ ਨਾ ਉਲੀਕਿਆ ਗਿਆ। ਸਿੱਟਾ ਇਹ ਨਿਕਲਿਆ ਕਿ ਬਾਈਕਾਟ ਤੋਂ ਬਾਅਦ ਪੰਥਕ ਤਾਕਤਾਂ ਸਿਆਸੀ ਤੌਰ 'ਤੇ ਸਿੱਥਲ ਜਿਹੀਆਂ ਹੋ ਗਈਆਂ।

ਮੁਸ਼ਕਲ ਨਹੀਂ ਕਿ ਜੇਕਰ ਚੋਣਾਂ ਦੇ ਬਾਈਕਾਟ ਦੇ ਇਸ ਪੈਂਤੜੇ ਨੂੰ ਖਾੜਕੂ ਲਹਿਰ ਦੀ ਵਡੀ ਰਾਜਨੀਤਕ ਭੁਲ ਮੰਨ ਲਿਆ ਜਾਵੇ, ਤਾਂ ਇਸ ਭੁਲ ਦਾ ਸੰਬੰਧ ਖਾੜਕੂ ਲਹਿਰ ਦੇ ਇਕ ਵਡੇ ਰਾਜਨੀਤਕ ਕੁਰਾਹੇ (deviation)ਨਾਲ ਜਾ ਜੁੜਦਾ ਹੈ। ਖਾੜਕੂ ਲਹਿਰ ਹਥਿਆਰਬੰਦ ਸੰਘਰਸ਼ ਨੂੰ ਹੀ ਜਦੋਜਹਿਦ ਦਾ ਇਕ ਮਾਤਰ ਰੂਪ ਮੰਨਣ ਅਤੇ ਸੰਘਰਸ਼ ਦੇ ਹੋਰਨਾਂ ਜਨਤਕ ਤੇ ਜਮਹੂਰੀ ਰੂਪਾਂ ਨੂੰ ਤ੍ਰਿਸਕਾਰ(contempt) ਦੀ ਨਜ਼ਰ ਨਾਲ ਦੇਖਣ ਦੀ ਕਰੁਚੀ ਨਾਲ ਲੈ ਕੇ ਜੰਮੀ ਸੀ। ਜਿਉਂ ਜਿਉਂ ਖਾੜਕੂ ਸੰਘਰਸ਼ ਦੇ ਉਭਾਰ ਦਾ ਅਮਲ ਜੋਬਨ ਫੜਦਾ ਚਲਾ ਗਿਆ, ਸੰਘਰਸ਼ ਦੇ ਜਨਤਕ ਤੇ ਜਮਹੂਰੀ ਰੂਪਾਂ ਨੂੰ ਨਕਾਰਨ ਵਾਲੀ ਸੋਚ ਤੇ ਬਿਰਤੀ ਵਧੇਰੇ ਕੁਢਰ ਸ਼ਕਲ ਅਖਤਿਆਰ ਕਰਦੀ ਚਲੀ ਗਈ। ਬੰਦੂਕ 'ਚੋਂ ਹੀ ਹਰ ਸੁਆਲ ਦਾ ਜੁਆਬ ਤੇ ਬੰਦੂਕ ਰਾਹੀਂ ਹੀ ਹਰ ਮਸਲੇ ਦਾ ਹੱਲ ਲਭਣ ਦੀ ਗਲਤ ਸੋਚ ਨਾ ਸਿਰਫ ਖਾੜਕੂ ਸਫ਼ਾਂ, ਸਗੋਂ ਲੀਡਰਸ਼ਿਪ ਅੰਦਰ ਵੀ ਅਸਾਧ ਰੋਗ ਬਣਕੇ ਫੈਲ ਗਈ। ਆਗੂ ਸਫ਼ਾਂ ਦੇ ਕੁਝ ਹਿਸਿਆਂ ਅੰਦਰ ਲੋਕਾਂ ਦੀ ਹਮਾਇਤ ਤੇ ਜਨਤਕ ਸ਼ਮੂਲੀਅਤ ਦੀ ਅਹਿਮੀਅਤ ਦਾ ਅਹਿਸਾਸ ਤਾਂ ਜ਼ਰੂਰ ਸੀ, ਪਰ ਹਥਿਆਰਬੰਦ ਸੰਘਰਸ਼ ਨੂੰ ਮੰਜ਼ਲ ਪ੍ਰਾਪਤੀ ਦਾ ਇਕ ਮਾਤਰ ਤੇ ਸਿਕੇਬੰਦ ਸਾਧਨ ਮਿਥ ਲੈਣ ਦੀ ਗਲਤ ਧਾਰਨਾ ਅੰਗਕੇ ਇਹ ਅਹਿਸਾਸ ਬੇਅਸਰ ਤੇ ਬੇਮਾਅਨਾ ਹੋ ਕੇ ਰਹਿ ਜਾਂਦਾ ਰਿਹਾ। ਇਹੀ ਕਾਰਨ ਸੀ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਰੋਲ ਨੂੰ ਵਾਰ ਵਾਰ ਨਵੇਂ ਸਿਰਿਉਂ ਪਰਿਭਾਸ਼ਤ(redefine) ਕਰਨ ਦੇ ਯਤਨਾਂ ਦੇ ਬਾਵਜੂਦ, ਇਸਦਾ ਖਾੜਕੂ ਫੋਰਸਾਂ ਨਾਲੋਂ ਵਖਰੇਵਾਂ ਤੇ ਨਿਖੇੜਾ ਬਣਾਈ ਰਖਣਾ ਮੁਸ਼ਕਲ ਹੁੰਦਾ ਰਿਹਾ। ਖਾੜਕੂ ਲਹਿਰ ਨੂੰ ਵਿਸ਼ਾਲ ਜਨਤਕ ਹਮਾਇਤ ਜੁਟਾਉਣ ਦੇ ਉਦੇਸ਼ ਨਾਲ, ਵਖ ਵਖ ਵੰਨਗੀ ਦੀਆਂ ਪੰਥਕ ਧਿਰਾਂ ਦੇ ਨੁਮਾਇੰਦਿਆਂ ਦਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੁਲਾਇਆ ਇਕੱਠ ਵੀ, ਇਸ ਮਸਲੇ ਬਾਰੇ ਖਾੜਕੂ ਲੀਡਰਸ਼ਿਪ ਦੀ ਧੁੰਦਲੀ ਤੇ ਅਸਪਸ਼ਟ ਸੋਚ ਕਾਰਨ ਆਪਣਾ ਕਲਪਿਆ ਹੋਇਆ ਮਕਸਦ ਪੂਰਾ ਨਾ ਕਰ ਸਕਿਆ। ਖਾੜਕੂ ਲੀਡਰਸ਼ਿੱਪ ਵਲੋਂ ਲਏ ਥਿੜਕਵੇਂ ਤੇ ਸਵੈ-ਵਿਰੋਧੀ ਪੈਂਤੜਿਆਂ ਕਾਰਨ ਸਗੋਂ ਇਹ ਉਦਮ ਹੋਰ ਵਧ ਘਚੋਲਾ ਤੇ ਬੇਦਿਲੀ ਫੈਲਾਉਣ ਦਾ ਸਾਧਨ ਹੋ ਨਿਬੜਿਆ।

ਖਾੜਕੂ ਲਹਿਰ ਅੰਦਰਲੇ ਕੁਝ ਹਿਸਿਆਂ ਦੀ ਸੰਘਰਸ਼ ਦੇ ਜਨਤਕ ਤੇ ਜਮਹੂਰੀ ਰੂਪਾਂ ਪ੍ਰਤੀ ਤੰਗ ਨਜ਼ਰ ਪਹੁੰਚ ਇਸ ਹਦ ਤਕ ਪਹੁੰਚ ਗਈ ਕਿ ਉਹ ਖਾੜਕੂ ਲਹਿਰ ਦੇ ਹਮਾਇਤੀ ਕੁਝ ਜਨਤਕ ਜਮਹੂਰੀ ਰਾਜਸੀ ਪਲੇਟਫਾਰਮਾਂ ਤੇ ਜਥੇਬੰਦੀਆਂ ਉਤੇ 'ਪਾਬੰਦੀ' ਲਾਉਣ ਦੇ ਫੁਰਮਾਨ ਜਾਰੀ ਕਰਨ ਦੇ ਸਮਝੋਂ ਬਾਹਰੇ ਕਰਤਵ ਦਿਖਾਉਣ ਤਕ ਚਲੇ ਗਏ।

ਲੋੜ ਅਜਿਹੀ ਮਾਰਗ ਸੇਧ ਅਪਨਾਉਣ ਦੀ ਸੀ ਜਿਸ ਵਿਚ ਬੰਦੂਕ ਨੂੰ ਹੀ 'ਸਭ ਮਰਜ਼ਾਂ ਦੀ ਦਵਾ' ਸਮਝਣ ਦੀ ਬਜਾਇ, ਬੰਦੂਕ ਉਤੇ ਚਿੰਤਨ ਦਾ ਪਹਿਰਾ ਯਕੀਨੀ ਬਣਾਇਆ ਜਾਂਦਾ ਅਤੇ ਹਥਿਆਰਬੰਦ ਸੰਘਰਸ਼ ਨੂੰ ਹੀ ਘੋਲ ਦਾ ਇਕੋ ਇਕ ਰੂਪ ਮੰਨਣ ਦੀ ਬਜਾਏ ਇਸ ਘੋਲ ਦੇ ਹੋਰਨਾਂ ਜਨਤਕ ਤੇ ਜਮਹੂਰੀ ਰੂਪਾਂ ਨਾਲ ਸੁਚੱਜਾ ਰਿਸ਼ਤਾ ਤੇ ਤਾਲਮੇਲ ਬਿਠਾਇਆ ਜਾਂਦਾ। ਸਿਰਫ਼ ਇਸ ਅਮਲ ਰਾਹੀਂ ਹੀ ਜਮਹੂਰੀ ਤੇ ਰਾਜਸੀ ਫਰੰਟ ਉਤੇ ਕਾਬਲ ਤੇ ਭਰੋਸੇਯੋਗ ਲੀਡਰਸ਼ਿੱਪ ਪੈਦਾ ਕੀਤੀ ਜਾ ਸਕਦੀ ਸੀ। ਸਿਰਫ਼ ਜ਼ਰੂਰੀ ਫੈਕਟਰ ਦੀ ਅਣਹੋਂਦ ਵਿਚ ਜੇਕਰ ਚੋਣਾਂ ਵਿਚ ਹਿਸਾ ਲੈਣ ਦੀ ਸੇਧ ਅਖਤਿਆਰ ਕਰ ਵੀ ਲਈ ਜਾਂਦੀ ਤਾਂ ਇਹ ਨਾ ਸਿਰਫ਼ ਅਸਫ਼ਲ ਹੋਣੀ ਸੀ, ਸਗੋਂ ਇਸਨੇ ਸੰਘਰਸ਼ ਨੂੰ ਪਤਾ ਨਹੀਂ ਹੋਰ ਕਿਹੜੇ ਔਝੜੇ ਰਾਹੀਂ ਪਾ ਦੇਣਾ ਸੀ।

ਸੋ ਚੋਣਾਂ ਦੇ ਮਾਮਲੇ 'ਚ ਖਾੜਕੂ ਲਹਿਰ ਦੇ ਨਾਂਹ ਪਖੀ ਅਮਲ ਨੂੰ ਇਸ ਵਡੇਰੇ ਸਿੱਧਾਂਤਕ ਸੰਦਰਭ ਵਿਚ ਹੀ ਰਖ ਕੇ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਇਸ ਵਿਚਾਰ-ਅਮਲ ਰਾਹੀਂ ਭਵਿਖ ਲਈ ਲਾਹੇਵੰਦ ਸਬਕ ਤੇ ਸਚਿਆਰੀ ਸੇਧ ਘੜੀ ਜਾਣੀ ਚਾਹੀਦੀ ਹੈ।

## ਪ੍ਰੈਸ ਬਾਰੇ

ਖਾੜਕੂ ਲਹਿਰ ਵਲੋਂ ਪੰਜਾਬ ਅੰਦਰ ਅਖ਼ਬਾਰਾਂ ਤੇ ਦੂਰਦਰਸ਼ਨ ਲਈ ਜਾਰੀ ਕੀਤੇ ਗਏ 'ਕੋਡ ਆਫ ਕੰਡਕਟ' ਜ਼ਾਬਤਾ ਕਨੂੰਨ ਦੀ ਵਿਆਪਕ ਪਧਰ 'ਤੇ ਨਿੰਦਿਆ ਹੋਈ ਹੈ। ਇਸਨੂੰ 'ਪ੍ਰੈਸ ਦੀ ਅਜ਼ਾਦੀ ਦਾ ਕਤਲ' ਅਤੇ ਹੋਰ ਕਿੰਨੇ ਨਾਵਾਂ ਨਾਲ ਭੰਡਿਆ ਗਿਆ ਹੈ। ਇਸ ਨਿੰਦਿਆ ਪੜਚੋਲ ਦੀ ਰੋਸ਼ਨੀ 'ਚ ਅਸੀਂ ਇਸ ਮਹਤਵਪੂਰਨ ਵਿਸ਼ੇ ਬਾਰੇ ਆਪਣਾ ਪਖ ਸਪਸ਼ਟ ਕਰ ਰਹੇ ਹਾਂ।

ਅਸੀਂ ਅਸੂਲੀ ਤੌਰ 'ਤੇ ਵਿਚਾਰਾਂ ਦੇ ਖੁਲ੍ਹੇ ਪ੍ਰਗਟਾਵੇ ਤੇ ਪ੍ਰੈਸ ਦੀ ਆਜ਼ਾਦੀ ਦੇ ਮੁਦਈ ਹਾਂ। ਪਰ ਨਾਲ ਹੀ ਸਾਡੀ ਇਹ ਸਮਝ ਹੈ ਕਿ ਪ੍ਰੈਸ ਦੀ ਆਜ਼ਾਦੀ ਫਰਜ਼ਾਂ ਤੇ ਜ਼ੁੰਮੇਵਾਰੀਆਂ ਨਾਲ ਜੁੜੀ ਹੋਈ ਹੈ। ਪ੍ਰੈਸ ਦੀ ਆਜ਼ਾਦੀ ਦਾ ਮੁਢਲਾ ਅਸੂਲ ਇਹ ਹੈ ਕਿ ਕੋਈ ਪਤਰਕਾਰ ਸੰਪਾਦਕ

ਖਾੜਕੂ ਲਹਿਰ ਹਥਿਆਰਬੰਦ ਸੰਘਰਸ਼ ਨੂੰ ਹੀ ਜਦੋਜਹਿਦ ਦਾ ਇਕ ਮਾਤਰ ਰੂਪ ਮੰਨਣ ਅਤੇ ਸੰਘਰਸ਼ ਦੇ ਹੋਰਨਾਂ ਜਨਤਕ ਤੇ ਜਮਹੂਰੀ ਰੂਪਾਂ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਣ ਦੀ ਕਰੁਚੀ ਨਾਲ ਲੈ ਕੇ ਜੰਮੀ ਸੀ। ਜਿਉਂ ਜਿਉਂ ਖਾੜਕੂ ਸੰਘਰਸ਼ ਦੇ ਉਭਾਰ ਦਾ ਅਮਲ ਜੋਬਨ ਫੜਦਾ ਚਲਾ ਗਿਆ, ਸੰਘਰਸ਼ ਦੇ ਜਨਤਕ ਤੇ ਜਮਹੂਰੀ ਰੂਪਾਂ ਨੂੰ ਨਕਾਰਨ ਵਾਲੀ ਸੋਚ ਤੇ ਬਿਰਤੀ ਵਧੇਰੇ ਕੁੱਢਰ ਸ਼ਕਲ ਅਖਤਿਆਰ ਕਰਦੀ ਚਲੀ ਗਈ। ਬੰਦੂਕ 'ਚੋਂ ਹੀ ਹਰ ਸੁਆਲ ਦਾ ਜੁਆਬ ਤੇ ਬੰਦੂਕ ਰਾਹੀਂ ਹੀ ਹਰ ਮਸਲੇ ਦਾ ਹੱਲ ਲੱਭਣ ਦੀ ਗਲਤ ਸੋਚ ਨਾ ਸਿਰਫ ਖਾੜਕੂ ਸਫ਼ਾਂ, ਸਗੋਂ ਲੀਡਰਸ਼ਿੱਪ ਅੰਦਰ ਵੀ ਅਸਾਧ ਰੋਗ ਬਣਕੇ ਫੈਲ ਗਈ।

ਲੋੜ ਅਜਿਹੀ ਮਾਰਗ ਸੇਧ ਅਪਨਾਉਣ ਦੀ ਸੀ ਜਿਸ ਵਿਚ ਬੰਦੂਕ ਨੂੰ ਹੀ 'ਸਭ ਮਰਜ਼ਾਂ ਦੀ ਦਵਾ' ਸਮਝਣ ਦੀ ਬਜਾਇ, ਬੰਦੂਕ ਉਤੇ ਚਿੰਤਨ ਦਾ ਪਹਿਰਾ ਯਕੀਨੀ ਬਣਾਇਆ ਜਾਂਦਾ ਅਤੇ ਹਥਿਆਰਬੰਦ ਸੰਘਰਸ਼ ਨੂੰ ਹੀ ਘੋਲ ਦਾ ਇੱਕੋ ਇੱਕ ਰੂਪ ਮੰਨਣ ਦੀ ਬਜਾਏ ਇਸ ਘੋਲ ਦੇ ਹੋਰਨਾਂ ਜਨਤਕ ਤੇ ਜਮਹੂਰੀ ਰੂਪਾਂ ਨਾਲ ਸੁਚੱਜਾ ਰਿਸ਼ਤਾ ਤੇ ਤਾਲਮੇਲ ਬਿਠਾਇਆ ਜਾਂਦਾ।

ਜਾਂ ਅਖ਼ਬਾਰ ਮਾਲਕ ਆਪਣੇ ਮਨ ਅੰਦਰ ਸਮਾਜ ਅੰਦਰਲੇ ਕਿਸੇ ਵਰਗ ਵਿਸ਼ੇਸ਼ ਵਿਰੁਧ ਪਖਪਾਤੀ ਤੁਅੱਸਬ ਨਾ ਪਾਲਦਾ ਹੋਵੇ ਅਤੇ ਆਪਣੇ ਰੁਤਬੇ ਦੀ ਵਰਤੋਂ ਕਿਸੇ ਵਰਗ ਵਿਸ਼ੇਸ਼ ਦੇ ਹਿਤਾਂ ਨੂੰ ਹਰਜਾ ਪਹੁੰਚਾਉਣ ਲਈ ਨਾ ਕਰੇ। ਪਤਰਕਾਰੀ ਦੇ ਕਿੱਤੇ ਦੀ ਨੈਤਿਕਤਾ ਇਹ ਮੰਗ ਕਰਦੀ ਹੈ ਕਿ ਪਤਰਕਾਰ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਣ ਮੌਕੇ ਕਿਸੇ ਪਖਪਾਤ, ਤੁਅੱਸਬ, ਲਾਲਚ ਜਾਂ ਡਰ ਭਉ ਦੇ ਅਸਰ ਹੇਠ ਨਾ ਆਵੇ ਅਤੇ ਸਚ ਨੂੰ ਸਚ ਤੇ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਤੇ ਦਿਆਨਤਦਾਰੀ ਦਾ ਪ੍ਰਗਟਾਵਾ ਕਰੇ। ਪਤਰਕਾਰੀ ਦੇ ਅਜਿਹੇ ਮਿਆਰ ਹੀ ਪ੍ਰੈਸ ਦੀ ਆਜ਼ਾਦੀ ਦੇ ਜ਼ਾਮਨ ਬਣ ਸਕਦੇ ਹਨ। ਜਦ ਪਤਰਕਾਰੀ ਅਜਿਹੇ ਮਿਆਰਾਂ ਤੋਂ ਹੇਠਾਂ ਡਿਗੇਗੀ ਤਾਂ ਪ੍ਰੈਸ ਦੀ ਆਜ਼ਾਦੀ ਦੇ ਪਵਿਤਰ ਅਸੂਲ ਨੂੰ ਲਾਜ਼ਮੀ ਢਾਹ ਲਗੇਗੀ। ਪੰਜਾਬ ਅੰਦਰ ਪਿਛਲੇ ਲੰਮੇ ਅਰਸੇ ਦੌਰਾਨ ਪ੍ਰੈਸ ਦੀ ਆਜ਼ਾਦੀ ਦੇ ਮਸਲੇ ਨੂੰ ਇਸ ਸੰਦਰਭ 'ਚ ਰਖ ਕੇ ਦੇਖਣ ਤੇ ਵਿਚਾਰਨ ਦੀ ਲੋੜ ਹੈ।

ਪਹਿਲੀ ਗੱਲ, ਕੀ ਪੰਜਾਬ ਦੀ ਪਤਰਕਾਰੀ ਜਾਂ ਸਮੁਚੇ ਪਰਚਾਰ ਮੀਡੀਏ ਨੂੰ ਪਖਪਾਤਾਂ ਤੇ ਤੁਅੱਸਬਾਂ ਤੋਂ ਮੁਕਤ ਕਰਾਰ ਦਿਤਾ ਜਾ ਸਕਦਾ ਹੈ? ਤਥ ਅਤੇ ਹਕੀਕਤਾਂ ਇਸ ਸਵਾਲ ਦਾ ਜੁਆਬ ਸਪਸ਼ਟ ਨਾਂਹ ਵਿਚ ਦਿੰਦੀਆਂ ਹਨ। ਪਤਰਕਾਰੀ ਤੇ ਪਰਚਾਰ ਮੀਡੀਏ ਨਾਲ ਜੁੜੇ ਬਹੁਤ ਸਾਰੇ ਅਹਿਮ ਵਿਕਤੀਆਂ ਦੀ ਸੋਚ ਉਤੇ ਆਰੀਆ ਸਮਾਜੀ ਵਿਚਾਰਧਾਰਾ ਦਾ ਗੂੜ੍ਹਾ ਅਸਰ ਹੈ। ਉਨ੍ਹਾਂ ਦੀ ਸੋਚ ਸਿੱਖ ਵਿਰੋਧੀ ਤੁਅੱਸਬਾਂ ਦੀ ਡੰਗੀ ਹੋਈ ਹੈ। ਇਹ ਤੁਅੱਸਬ ਉਨ੍ਹਾਂ ਦੀ ਲੇਖਣੀ ਵਿਚ ਸਿਰ ਚੜ੍ਹ ਕੇ ਬੋਲਦੇ ਹਨ। ਉਨ੍ਹਾਂ ਨੇ ਸਿੱਖ ਕੌਮ ਨੂੰ ਕਿਤੇ ਨੰਗੇ ਤੇ ਕੁਢਰ ਰੂਪ 'ਚ ਅਤੇ ਕਿਤੇ ਲੁਕਵੇਂ ਢੰਗਾਂ ਨਾਲ, ਭੰਡਣ ਦਾ ਮੌਕਾ ਹਥੋਂ ਨਹੀਂ ਜਾਣ ਦਿਤਾ। ਸਿੱਖ ਕੌਮ ਦੇ ਪਖ ਨੂੰ ਜਾਣ ਬੁਝ ਕੇ ਵਿਗੜੇ ਰੂਪ 'ਚ ਪੇਸ਼ ਕਰਨਾ ਅਤੇ ਫਿਰ ਉਸ ਵਿਰੁਧ ਸ਼ਬਦੀ ਗੋਲਾਬਰੀ ਕਰਨਾ ਇਹਨਾਂ ਸੰਪਾਦਕਾਂ ਤੇ ਪਤਰਕਾਰਾਂ ਦਾ ਜੱਦੀ ਪੁਸ਼ਤੀ ਧੰਦਾ ਬਣਿਆ ਹੋਇਆ ਹੈ। ਲਾਲਾ ਜਗਤ ਨਰਾਇਣ ਤੋਂ ਲੈ ਕੇ ਪ੍ਰੇਮ ਭਾਟੀਆ ਤਕ, ਸਭ ਨੇ ਆਪੋ ਆਪਣੀ ਜਗ੍ਹਾ ਇਹ ਧੰਦਾ ਖੂਬ ਨਿਭਾਇਆ ਹੈ। ਇਹ ਕਹਿਣਾ ਕੋਈ ਗਲਤ ਬਿਆਨੀ ਨਹੀਂ ਹੋਵੇਗੀ ਕਿ ਪੰਜਾਬ ਅੰਦਰ ਫਿਰਕੂ ਅਗ ਦੀਆਂ ਲਾਟਾਂ ਬਾਲਣ ਵਿਚ ਜਿੰਨਾਂ ਬਾਲਣ ਇਸ ਵਰਗ ਨੇ ਝੋਕਿਆ ਹੈ, ਓਨਾਂ ਹੋਰ ਕਿਸੇ ਨੇ ਨਹੀਂ। ਸੋ ਸਾਡੀ ਜਿਉਂਦੀਆਂ ਜ਼ਮੀਰਾਂ ਵਾਲੇ ਪਤਰਕਾਰਾਂ ਨੂੰ ਇਹ ਪੁਰਜ਼ੋਰ ਅਪੀਲ ਹੈ ਕਿ ਉਹ ਪ੍ਰੈਸ ਦੀ ਆਜ਼ਾਦੀ ਦੇ ਨਾਅਰੇ ਲਾਉਣ ਵੇਲੇ ਆਪਣੇ ਭਾਈਚਾਰੇ ਅੰਦਰਲੀਆਂ ਇਨ੍ਹਾਂ ਕਾਲੀਆਂ ਭੇਡਾਂ ਦੇ ਕਾਲੇ ਕਾਰਨਾਮਿਆਂ ਨੂੰ ਅਖੋਂ ਓਹਲੇ ਨਾ ਕਰਨ। 'ਧਰਮ ਯੁਧ ਮੋਰਚੇ' ਦੌਰਾਨ ਅਤੇ ਉਸ ਤੋਂ ਬਾਅਦ ਹਰਿਮੰਦਰ ਸਾਹਿਬ ਉਤੇ ਕੀਤੇ ਗਏ ਅਤਿ ਘਿਨਾਉਣੇ ਫੌਜੀ ਹਮਲੇ ਵੇਲੇ ਹਿੰਦ ਸਮਾਚਾਰ ਗਰੁਪ ਅਤੇ ਟ੍ਰਿਬਿਊਨ ਸਮੂਹ ਉਤੇ ਹਾਵੀ ਪ੍ਰੇਮ ਭਾਟੀਆ ਗੁਟ ਵਲੋਂ ਜਿਸ ਬੇਹਯਾਈ ਨਾਲ ਸਿੱਖ ਸੰਘਰਸ਼ ਦਾ ਕਮੀਨਾ ਵਿਰੋਧ ਕੀਤਾ ਗਿਆ, ਉਸ ਨਾਲ ਸਿੱਖ ਭਾਈਚਾਰੇ ਅੰਦਰ ਆਮ ਕਰਕੇ ਅਤੇ ਨੌਜਵਾਨ ਸਿੱਖ ਵਰਗ ਅੰਦਰ ਖਾਸ ਕਰਕੇ ਅਜਿਹੀ 'ਪੀਲੀ ਪਤਰਕਾਰੀ' ਖਿਲਾਫ ਰੋਹ ਤੇ ਗੁਸਾ ਪੈਦਾ ਹੋਣਾ ਸੁਭਾਵਕ ਸੀ। ਜੇਕਰ ਹਿੰਦ ਸਮਾਚਾਰ ਗਰੁਪ ਦਾ ਬਾਨੀ ਲਾਲਾ ਜਗਤ ਨਰਾਇਣ ਤੇ ਉਸਦੇ ਪਦ ਚਿਨ੍ਹਾਂ 'ਤੇ ਤੁਰਨ ਦੀ ਹਿਮਾਕਤ ਕਰਦਾ ਹੋਇਆ ਉਸਦਾ ਪੁਤਰ ਰਮੇਸ਼ ਚੰਦਰ ਸਿੱਖ ਕੌਮ ਦੇ ਹਕੀ ਰੋਹ ਦਾ ਸ਼ਿਕਾਰ ਬਣ ਗਏ ਤਾਂ ਇਸਨੂੰ 'ਪ੍ਰੈਸ ਦੀ ਆਜ਼ਾਦੀ ਉਤੇ ਹਮਲੇ' ਦਾ ਨਾਂ ਦੇਣਾ ਪਤਰਕਾਰੀ ਦੇ ਪਵਿਤਰ ਕਿਤੇ ਅਤੇ ਪ੍ਰੈਸ ਦੀ ਆਜ਼ਾਦੀ ਦੇ ਸੁਚੇ ਸੰਕਲਪ ਨੂੰ ਗੰਦੀ ਗਾਲ੍ਹ ਕਢਣ ਵਾਲੀ ਗੱਲ ਹੈ। ਪਤਰਕਾਰੀ ਦੇ ਕਿੱਤੇ ਲਈ ਕਲੰਕ ਬਣੇ ਅਜਿਹੇ ਫਿਰਕੂ ਜੀਵਾਂ ਉਤੇ ਸੇਧੇ ਖਾੜਕੂ ਹਮਲਿਆਂ ਦਾ ਸਾਨੂੰ ਰਤੀ ਮਾਸਾ ਵੀ ਅਫ਼ਸੋਸ ਨਹੀਂ।

ਦੂਜੀ ਗੱਲ, ਬੇਲਾਗ ਤੇ ਨਿਡਰ ਪਤਰਕਾਰੀ ਬਾਰੇ। ਕੀ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬ ਦੀ ਪ੍ਰੈਸ, ਸਮੁਚੇ ਤੌਰ 'ਤੇ ਦੇਖਿਆਂ, ਆਪਣੇ ਫਰਜ਼ ਨਿਰਭੈ ਹੋ ਕੇ ਨਿਭਾਉਂਦੀ ਰਹੀ ਹੈ ਜਾਂ ਨਿਭਾਅ ਰਹੀ ਹੈ? ਇਥੇ ਫਿਰ ਤਥ ਤੇ ਹਕੀਕਤਾਂ ਆਮ ਕਰਕੇ ਪੰਜਾਬ ਦੀ ਪਤਰਕਾਰੀ ਦੇ ਵਿਰੋਧ ਵਿਚ ਹੀ ਭੁਗਤਦੀਆਂ ਹਨ। ਜ਼ਰਾ ਸੋਚੋ ਪੰਜ ਖਾੜਕੂ ਸਿੱਖ ਸੰਗਠਨਾਂ ਵਲੋਂ 'ਕੋਡ ਆਫ ਕੰਡਕਟ' ਜਾਰੀ ਕਰਨ ਤੋਂ ਪਹਿਲਾਂ ਪੰਜਾਬ ਅੰਦਰ ਪਤਰਕਾਰੀ ਦਾ ਕੀ ਚਜ ਹਾਲ ਸੀ? ਇਕ ਅਧ ਪੰਜਾਬੀ ਅਖ਼ਬਾਰ ਨੂੰ ਛਡ ਕੇ ਬਹੁਤੇ ਅਖ਼ਬਾਰਾਂ ਵਿਚ ਜ਼ਿਆਦਾ ਕਰਕੇ ਸਿਧੇ ਸਰਕਾਰੀ ਪ੍ਰੈਸ ਨੋਟ ਹੀ ਛਪਦੇ ਸਨ (ਜਿਨ੍ਹਾਂ ਦੇ 'ਝੂਠ ਦੇ ਪੁਲੰਦੇ' ਹੋਣ ਬਾਰੇ ਸੰਪਾਦਕ ਤੋਂ ਲੈ ਕੇ ਪਾਠਕ ਤਕ ਕਿਸੇ ਨੂੰ ਵੀ ਭੁਲੇਖਾ ਨਹੀਂ ਹੁੰਦਾ) ਪੁਲਸੀ ਵਹਿਸ਼ੀਪੁਣੇ ਦੀਆਂ ਪਰਤਖ ਘਟਨਾਵਾਂ ਉਤੇ, ਹਕੂਮਤੀ ਜਬਰ ਦੇ ਘਿਨਾਉਣੇ ਕਾਂਡਾਂ ਅਤੇ ਪੁਲਸ ਮੁਕਾਬਲਿਆਂ ਦੇ ਝੂਠੇ ਨਾਟਕਾਂ ਉਤੇ ਵੇਲੇ ਦੇ ਹਾਕਮਾਂ ਦੀ ਰਜ਼ਾ ਮੁਤਾਬਕ ਸਫ਼ੈਦ ਪੋਚੇ ਫੇਰ ਦਿਤੇ ਜਾਂਦੇ ਸਨ। ਸਰਕਾਰੀ ਕੁਫਰ ਦਾ ਭਾਂਡਾ ਭੰਨਣ ਦੀ ਜੁਰਅਤ ਤੇ ਈਮਾਨਦਾਰੀ ਦਿਖਾਉਣ ਵਾਲੇ ਪਤਰਕਾਰਾਂ ਤੇ ਸੰਪਾਦਕਾਂ ਦੀ ਗਿਣਤੀ

> ਅਸੀਂ ਅਸੂਲੀ ਤੌਰ 'ਤੇ ਵਿਚਾਰਾਂ ਦੇ ਖੁਲ੍ਹੇ ਪ੍ਰਗਟਾਵੇ ਤੇ ਪ੍ਰੈਸ ਦੀ ਆਜ਼ਾਦੀ ਦੇ ਮੁਦਈ ਹਾਂ। ਪਰ ਨਾਲ ਹੀ ਸਾਡੀ ਇਹ ਸਮਝ ਹੈ ਕਿ ਪ੍ਰੈਸ ਦੀ ਆਜ਼ਾਦੀ ਫਰਜ਼ਾਂ ਤੇ ਜ਼ੁੰਮੇਵਾਰੀਆਂ ਨਾਲ ਜੁੜੀ ਹੋਈ ਹੈ। ਪ੍ਰੈਸ ਦੀ ਆਜ਼ਾਦੀ ਦਾ ਮੁਢਲਾ ਅਸੂਲ ਇਹ ਹੈ ਕਿ ਕੋਈ ਪਤਰਕਾਰ ਸੰਪਾਦਕ ਜਾਂ ਅਖ਼ਬਾਰ ਮਾਲਕ ਆਪਣੇ ਮਨ ਅੰਦਰ ਸਮਾਜ ਅੰਦਰਲੇ ਕਿਸੇ ਵਰਗ ਵਿਸ਼ੇਸ਼ ਵਿਰੁਧ ਪਖਪਾਤੀ ਤੁਅੱਸਬ ਨਾ ਪਾਲਦਾ ਹੋਵੇ ਅਤੇ ਆਪਣੇ ਰੁਤਬੇ ਦੀ ਵਰਤੋਂ ਕਿਸੇ ਵਰਗ ਵਿਸ਼ੇਸ਼ ਦੇ ਹਿਤਾਂ ਨੂੰ ਹਰਜਾ ਪਹੁੰਚਾਉਣ ਲਈ ਨਾ ਕਰੇ। ਪਤਰਕਾਰੀ ਦੇ ਕਿਤੇ ਦੀ ਨੈਤਿਕਤਾ ਇਹ ਮੰਗ ਕਰਦੀ ਹੈ ਕਿ ਪਤਰਕਾਰ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਣ ਮੌਕੇ ਕਿਸੇ ਪਖਪਾਤ, ਤੁਅੱਸਬ, ਲਾਲਚ ਜਾਂ ਡਰ ਭਉ ਦੇ ਅਸਰ ਹੇਠ ਨਾ ਆਵੇ ਅਤੇ ਸਚ ਨੂੰ ਸਚ ਤੇ ਝੂਠ ਨੂੰ ਝੂਠ ਕਹਿਣ ਦੀ ਦਲੇਰੀ ਤੇ ਦਿਆਨਤਦਾਰੀ ਦਾ ਪ੍ਰਗਟਾਵਾ ਕਰੇ। ਪਤਰਕਾਰੀ ਦੇ ਅਜਿਹੇ ਮਿਆਰ ਹੀ ਪ੍ਰੈਸ ਦੀ ਆਜ਼ਾਦੀ ਦੇ ਜ਼ਾਮਨ ਬਣ ਸਕਦੇ ਹਨ।

ਐਵੇਂ ਆਟੇ 'ਚ ਲੂਣ ਬਰਾਬਰ ਹੀ ਹੈ। ਪਤਰਕਾਰੀ ਦੇ ਕਿੱਤੇ ਦੀ ਲਾਜ ਰਖਣ ਵਾਲੇ ਅਜਿਹੇ ਨਿਧੜਕ ਪਤਰਕਾਰ ਪਰਸ਼ੰਸਾ ਦੇ ਹਕਦਾਰ ਹਨ।

ਦੂਰ ਬੀਤੇ ਦੀ ਗੱਲ ਛਡ ਕੇ ਨੇੜ ਬੀਤੇ ਦੀ ਅਤੇ ਅਜ ਦੀ ਗੱਲ ਕਰ ਲਓ। ਪੁਲਸ ਨੇ ਖਾੜਕੂ ਸਿੱਖ ਨੌਜੁਆਨਾਂ, ਉਨ੍ਹਾਂ ਦੇ ਸਕੇ ਸੰਬੰਧੀਆਂ ਤੇ ਰਿਸ਼ਤੇਦਾਰਾਂ ਉਤੇ ਕਿੰਨੇ ਨਾਦਰਸ਼ਾਹੀ ਜ਼ੁਲਮ ਢਾਹੇ ਹਨ। ਪੁਲਸ ਦੇ ਇਨ੍ਹਾਂ ਜ਼ੁਲਮਾਂ ਨੂੰ ਨੰਗਾ ਕਰਨ ਲਈ ਕਿੰਨੇ ਕੁ ਪਤਰਕਾਰਾਂ ਨੇ ਮੌਕੇ 'ਤੇ ਜਾ ਕੇ ਪੜਤਾਲਾਂ ਕੀਤੀਆਂ ਹਨ? ਕਿੰਨੇ ਕੁ ਤਥ 'ਇਕੱਠੇ' ਕੀਤੇ ਹਨ? ਕਿੰਨੀ ਵਾਰ ਅਜਿਹਾ ਹੋਇਆ ਹੈ ਕਿ ਪੁਲਸ ਨੇ ਪਤਰਕਾਰਾਂ ਦੇ ਐਨ ਨਕ ਹੇਠ ਵਹਿਸ਼ੀਪੁਣੇ ਦੀਆਂ ਖੁਲ੍ਹੀਆਂ ਖੇਡਾਂ ਖੇਡੀਆਂ ਹਨ। ਨੰਗੇ ਰੂਪ 'ਚ ਗੈਰ ਕਨੂੰਨੀ ਕਾਰੇ ਕੀਤੇ ਹਨ। ਮਹੀਨਿਆਂ ਬਧੀ ਸਿੱਖ ਬੀਬੀਆਂ ਨੂੰ ਗੈਰ ਕਨੂੰਨੀ ਹਿਰਾਸਤ 'ਚ ਰਖ ਕੇ ਤੰਗ ਪ੍ਰੇਸ਼ਾਨ ਕੀਤਾ ਹੈ। ਕਿੰਨੇ ਕੁ ਪਤਰਕਾਰ ਹਨ ਜਿਨ੍ਹਾਂ ਨੇ ਪੁਲਸ ਦੇ ਇਨ੍ਹਾਂ ਘਿਨਾਉਣੇ ਕਾਰਿਆਂ ਬਾਰੇ ਤਥ ਤੇ ਵੇਰਵੇ ਇਕੱਠੇ ਕਰਨ ਦਾ ਜੋਖਮ ਉਠਾਇਆ ਹੋਵੇ? ਐਨ ਗੁਆਂਢ 'ਚ ਦਿਖਾਏ ਝੂਠੇ ਪੁਲਸ ਮੁਕਾਬਲਿਆਂ ਦੀ ਅਸਲੀਅਤ ਜਾਣਨ ਦੀ ਬਜਾਇ ਆਮ ਤੌਰ ਦੇ ਦਫ਼ਤਰ 'ਚ ਪਹੁੰਚੇ ਪੁਲਸ ਦੇ ਪ੍ਰੈਸ ਨੋਟ ਹੀ ਜਿਉਂ ਦੇ ਤਿਉਂ ਛਪਦੇ ਰਹੇ। ਆਪਣੇ ਫਰਜ਼ਾਂ ਤੇ ਜ਼ੁੰਮੇਵਾਰੀਆਂ ਪ੍ਰਤੀ ਇਸ ਕਦਰ ਗੈਰ ਜ਼ੁੰਮੇਵਾਰੀ ਵਾਲਾ ਰਵੱਈਆ ਧਾਰਨ ਵਾਲੇ ਪਤਰਕਾਰ ਜੇ ਕਿਤੇ ਸੰਘਰਸ਼ ਕਰ ਰਹੀ ਕੌਮ ਦੇ ਰੋਹ 'ਤੇ ਗੁਸੇ ਦਾ ਨਿਸ਼ਾਨਾ ਬਣ ਗਏ ਹਨ ਤਾਂ ਇਸ ਵਿਚ ਹੈਰਾਨੀ ਵਾਲੀ ਕੋਈ ਗੱਲ ਨਹੀਂ।

## ਲਾਲਚ ਦੀ ਗੱਲ

ਇਸ ਹਮਾਮ 'ਚ ਜੇਕਰ ਸਾਰੇ ਨਹੀਂ ਤਾਂ ਪਤਰਕਾਰ ਭਾਈਚਾਰੇ ਦੀ ਵਡੀ ਬਹੁਗਿਣਤੀ ਜ਼ਰੂਰ ਨੰਗੀ ਹੈ। ਹਕ ਸਚ ਦੀ ਕਮਾਈ ਉਤੇ ਪਲਣ ਵਾਲੇ ਪਤਰਕਾਰ ਵਿਰਲੇ ਹੀ ਰਹਿ ਗਏ ਹਨ। ਕੋਈ ਮੌਕਾ ਸੀ ਜਦ ਲੋਕ ਪ੍ਰਤੀਬਧਤਾ ਅਤੇ ਕੁਦਰਤੀ ਸ਼ੌਕ ਵਸ ਇਸ ਕਿੱਤੇ ਵਿਚ ਪੈਰ ਧਰਦੇ ਸਨ। ਪਰ ਹੁਣ ਜ਼ਿਆਦਾ ਕਰਕੇ ਲੋਕ ਉਚ ਅਫ਼ਸਰਾਂ ਨਾਲ ਅਸਰ ਰਸੂਖ ਗੰਢਣ ਅਤੇ ਪੈਸੇ ਕਮਾਉਣ ਦੀ ਲਾਲਸਾ ਅਧੀਨ ਪਤਰਕਾਰੀ ਦੇ ਖੇਤਰ ਵਿਚ ਸ਼ਾਮਲ ਹੁੰਦੇ ਹਨ। ਖ਼ਬਰਾਂ ਤੇ ਰਿਪੋਰਟਾਂ ਦੇਣ ਵੇਲੇ ਅਕਸਰ ਰਿਸ਼ਵਤਾਂ ਬਟੋਰੀਆਂ ਅਤੇ ਲਿਹਾਜਾਂ ਪਾਲੀਆਂ ਜਾਂਦੀਆਂ ਹਨ। ਪਤਰਕਾਰ ਭਾਈਚਾਰੇ ਅੰਦਰ ਫੈਲੇ ਭਰਸ਼ਟਾਚਾਰ ਦੇ ਕਿੱਸੇ ਐਨੇ ਆਮ ਹੋ ਗਏ ਹਨ ਕਿ ਬਹੁਤੇ ਲੋਕੀਂ ਪਤਰਕਾਰੀ ਦੀ ਪੁਲਸ ਮਹਿਕਮੇ ਦੇ ਬਰਾਬਰ ਤੁਲਨਾ ਕਰਨ ਲਗ ਪਏ ਹਨ। ਇਸ ਨਜ਼ਰੀਏ ਨੂੰ ਉਦੋਂ ਹੋਰ ਵਧ ਮਜ਼ਬੂਤੀ ਮਿਲੀ ਜਦ 1992-93 ਦੌਰਾਨ ਪੁਲਸ ਵਲੋਂ ਸਭਿਆਚਾਰਕ ਮੇਲਿਆਂ ਦੇ ਨਾਂ ਹੇਠ ਥਾਂ ਥਾਂ ਰਚੇ 'ਕੰਜਰ-ਮੇਲਿਆਂ' ਵਿਚ ਪਤਰਕਾਰਾਂ ਤੇ ਪੁਲਸ ਅਫ਼ਸਰਾਂ ਦਾ ਗੂੜ੍ਹਾ ਯਾਰਾਨਾ ਦੇਖਣ ਨੂੰ ਮਿਲਿਆ। ਪਤਰਕਾਰਾਂ ਵਲੋਂ ਅਪਣਾਇਆ ਇਹ ਨਵਾਂ ਰੋਲ ਪਤਰਕਾਰ ਭਾਈਚਾਰੇ ਅੰਦਰ ਆਏ ਨੈਤਿਕ ਨਿਘਾਰ ਦਾ ਸੂਚਕ ਹੈ। ਜਦ ਚੰਦ ਮਿੱਤਰਾਂ ਵਰਗੇ ਪਤਰਕਾਰ ਕੇ.ਪੀ.ਐਸ. ਗਿੱਲ ਵਰਗੇ ਨਾਮੀ ਬੁਚੜ ਨੂੰ 'ਨਾਇਕ' ਬਣਾ ਕੇ ਪੇਸ਼ ਕਰਦੇ ਹਨ ਤਾਂ ਜ਼ੁਲਮ ਤੇ ਧਕੇਸ਼ਾਹੀ ਦੀ ਸ਼ਿਕਾਰ ਸਿੱਖ ਕੌਮ ਦੇ ਮਨਾਂ ਅੰਦਰ ਅਜਿਹੇ ਮਰਾਸੀ ਪਤਰਕਾਰਾਂ ਖਿਲਾਫ ਗੁਸਾ ਤੇ ਰੋਹ ਪੈਦਾ ਹੋਣਾ ਸੁਭਾਵਕ ਹੈ। ਵਿਕਰੀ ਦਾ ਮਾਲ ਬਣੇ ਅਜਿਹੇ ਜ਼ਮੀਰ-ਫਰੋਸ਼ ਪਤਰਕਾਰਾਂ ਨੂੰ ਪ੍ਰੈਸ ਦੀ ਆਜ਼ਾਦੀ ਦੇ ਨਾਂ ਹੇਠ ਸਿੱਖ ਕੌਮ ਵਿਰੁਧ ਮੁਜਰਮਾਨਾ ਕਾਰਵਾਈਆਂ ਕਰਨ ਦੀ ਕਦਾਚਿਤ ਖੁਲ੍ਹ ਨਹੀਂ ਦਿਤੀ ਜਾਵੇਗੀ। ਹਾਂ, ਜਿਥੋਂ ਤਕ ਖਾੜਕੂ ਲਹਿਰ ਦੇ ਉਭਾਰ ਮੌਕੇ ਕੁਝ ਖਾੜਕੂਆਂ ਵਲੋਂ ਆਪਣੀ ਨਿਜੀ ਸ਼ੁਹਰਤ ਚਮਕਾਉਣ ਲਈ ਪਤਰਕਾਰਾਂ ਤੇ ਅਖ਼ਬਾਰਾਂ ਉਤੇ ਪਾਏ ਬੇਲੋੜੇ ਦਬਾਅ ਦੀ ਗੱਲ ਹੈ, ਉਸ ਨੂੰ ਅਸੀਂ ਸਰਾਸਰ ਗਲਤ ਸਮਝਦੇ ਹਾਂ ਅਤੇ ਅਗੇ ਤੋਂ ਅਜਿਹੇ ਆਪ ਹੁਦਰੇਪਨ ਉਤੇ ਰੋਕ ਲਾਉਣ ਦਾ ਦ੍ਰਿੜ ਸੰਕਲਪ ਦੁਹਰਾਉਂਦੇ ਹਾਂ।

## ਸਮਾਜ ਸੁਧਾਰ ਮੁਹਿੰਮ ਬਾਰੇ

ਖਾੜਕੂ ਲਹਿਰ ਸ਼ੁਰੂ ਤੋਂ ਹੀ ਸਮਾਜ ਸੁਧਾਰ ਨੂੰ ਆਪਣੇ ਪ੍ਰੋਗਰਾਮ ਦਾ ਅਹਿਮ ਅੰਗ ਬਣਾ ਕੇ ਤੁਰਦੀ ਰਹੀ ਹੈ। ਇਸਦਾ ਉਦੇਸ਼ ਪੰਜਾਬ ਦੇ ਲੋਕਾਂ, ਖਾਸ ਕਰਕੇ ਸਿੱਖ ਭਾਈਚਾਰੇ ਦੇ ਵਿਅਕਤੀਗਤ ਤੇ ਸਮਾਜੀ ਜੀਵਨ ਅੰਦਰ ਪਰਵੇਸ਼ ਕਰ ਰਹੀਆਂ ਬੀਮਾਰ ਰੁਚੀਆਂ ਨੂੰ ਨਿਰਉਤਸ਼ਾਹਤ ਕਰਨਾ ਅਤੇ ਸਮਾਜ ਅੰਦਰ ਨਰੋਈਆਂ ਕਦਰਾਂ ਕੀਮਤਾਂ ਤੇ ਸਿਹਤਮੰਦ ਰੁਚੀਆਂ ਨੂੰ ਉਤਸ਼ਾਹਤ ਕਰਨਾ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਮੁਢ ਤੋਂ ਹੀ ਸ਼ਰਾਬ ਅਤੇ ਹੋਰਨਾ ਨਸ਼ਿਆਂ ਦੀ ਵਰਤੋਂ ਖਿਲਾਫ਼ ਪਰਚਾਰ ਕਰਦੇ ਰਹੇ ਅਤੇ ਸਿੱਖ ਸੰਗਤਾਂ ਨੂੰ ਸਮਾਜਕ ਬੁਰਾਈਆਂ ਖਿਲਾਫ਼ ਜਾਗਰੂਕ ਹੋਣ ਲਈ ਪ੍ਰੇਰਦੇ ਰਹੇ ਸਨ।

**ਪਤਰਕਾਰ ਭਾਈਚਾਰੇ ਅੰਦਰ ਫੈਲੇ ਭਰਸ਼ਟਾਚਾਰ ਦੇ ਕਿੱਸੇ ਐਨੇ ਆਮ ਹੋ ਗਏ ਹਨ ਕਿ ਬਹੁਤੇ ਲੋਕੀਂ ਪਤਰਕਾਰੀ ਦੀ ਪੁਲਸ ਮਹਿਕਮੇ ਦੇ ਬਰਾਬਰ ਤੁਲਨਾ ਕਰਨ ਲਗ ਪਏ ਹਨ। ਇਸ ਨਜ਼ਰੀਏ ਨੂੰ ਉਦੋਂ ਹੋਰ ਵਧ ਮਜ਼ਬੂਤੀ ਮਿਲੀ ਜਦ 1992-93 ਦੌਰਾਨ ਪੁਲਸ ਵਲੋਂ ਸਭਿਆਚਾਰਕ ਮੇਲਿਆਂ ਦੇ ਨਾਂ ਹੇਠ ਥਾਂ ਥਾਂ ਰਚੇ 'ਕੰਜਰ-ਮੇਲਿਆਂ' ਵਿਚ ਪਤਰਕਾਰਾਂ ਤੇ ਪੁਲਸ ਅਫ਼ਸਰਾਂ ਦਾ ਗੂੜ੍ਹਾ ਯਾਰਾਨਾ ਦੇਖਣ ਨੂੰ ਮਿਲਿਆ। ਪਤਰਕਾਰਾਂ ਵਲੋਂ ਅਪਣਾਇਆ ਇਹ ਨਵਾਂ ਰੋਲ ਪਤਰਕਾਰ ਭਾਈਚਾਰੇ ਅੰਦਰ ਆਏ ਨੈਤਿਕ ਨਿਘਾਰ ਦਾ ਸੂਚਕ ਹੈ।**

ਸ਼ੁਰੂ ਦੇ ਦੌਰ ਅੰਦਰ ਮੁਖ ਟੇਕ ਸਿਖਿਆ ਅਤੇ ਪ੍ਰੇਰਨਾ ਉਤੇ ਹੀ ਰਹਿੰਦੀ ਰਹੀ। ਉਦੋਂ ਸਮਾਜ ਸੁਧਾਰ ਲਹਿਰ ਦਾ ਘੇਰਾ ਵੀ ਸੀਮਤ ਰਖਿਆ ਗਿਆ ਸੀ। ਪਰ ਬਾਅਦ ਵਿਚ ਜਦ ਖਾੜਕੂ ਲਹਿਰ ਅੰਦਰ ਆਮ ਕਰਕੇ ਬੇਜ਼ਾਬਤਗੀ ਤੇ ਅਫ਼ਰਾ-ਤਫਰੀ ਫੈਲ ਗਈ ਤਾਂ ਸਮਾਜ ਸੁਧਾਰ ਮੁਹਿੰਮ ਵੀ ਆਪਣੀ ਦਿਸ਼ਾ ਤੋਂ ਭਟਕ ਗਈ। ਇਕ ਤਾਂ ਇਸਦਾ ਘੇਰਾ ਬੇਹੂਦਗੀ ਦੀ ਹਦ ਤਕ ਵਧਾ ਦਿਤਾ ਗਿਆ ਅਰਥਾਤ ਵਾਜਬ ਮੁਦਿਆਂ ਤੋਂ ਅਗੇ ਵਧਕੇ ਲੋਕਾਂ ਦੀ ਨਿਜੀ ਜ਼ਿੰਦਗੀ, ਉਨ੍ਹਾਂ ਦੇ ਖਾਣਪੀਣ ਤੇ ਪਹਿਨਣ-ਪਰਚਣ ਅੰਦਰ ਬੇਲੋੜਾ ਦਖ਼ਲ ਦੇਣਾ ਸ਼ੁਰੂ ਕਰ ਦਿਤਾ। ਦੂਜਾ ਪ੍ਰੇਰਨਾ ਦੀ ਬਜਾਇ ਨਿਰਾ ਧਕੇ ਤੋਂ ਕੰਮ ਲਿਆ ਜਾਣ ਲਗ ਪਿਆ। ਕਈ ਖੇਤਰਾਂ ਅੰਦਰ ਇਹ ਲਹਿਰ ਬੇਹੂਦਗੀ ਦਾ ਰੂਪ ਧਾਰਨ ਕਰ ਗਈ। ਖਾੜਕੂ ਦਸਤਿਆਂ ਦਾ ਲੋਕਾਂ ਪ੍ਰਤੀ ਵਰਤਾਉ ਪੁਲਸ ਵਰਗਾ ਹੋ ਨਿਬੜਿਆ। ਸਮਾਜ ਸੁਧਾਰ ਲਹਿਰ ਦੇ ਆਪਣੀ ਦਿਸ਼ਾ ਤੋਂ ਭਟਕ ਜਾਣ ਸਦਕਾ ਲੋਕਾਂ 'ਤੇ ਇਸਦਾ ਮਾੜਾ ਅਸਰ ਪਿਆ। ਲੋਕ ਖਾੜਕੂ ਲਹਿਰ ਹਥੋਂ ਤੰਗ ਆਏ ਮਹਿਸੂਸ ਕਰਨ ਲਗ ਪਏ। ਉਹ ਹੌਲੀ ਹੌਲੀ ਲਹਿਰ ਤੋਂ ਦੂਰ ਹੁੰਦੇ ਚਲੇ ਗਏ ਜਾਂ ਇਉਂ ਕਹਿ ਲਵੋ ਕਿ ਲਹਿਰ ਉਨ੍ਹਾਂ ਕੋਲੋਂ ਦੂਰ ਹਟਦੀ ਚਲੀ ਗਈ। ਖਾੜਕੂ ਲਹਿਰ ਦੇ ਦੋਖੀਆਂ ਨੇ ਸਿੱਖ ਸੰਘਰਸ਼ ਨੂੰ ਭੰਡਣ ਤੇ ਬਦੂ ਕਰਨ ਲਈ ਇਸ ਹਾਲਤ ਦਾ ਰਜਵਾਂ ਲਾਹਾ ਲਿਆ।

ਸਮਾਜ ਸੁਧਾਰ ਮੁਹਿੰਮ ਦੇ ਇਨ੍ਹਾਂ ਨਾਂਹ ਪਖੀ ਤਜ਼ਰਬਿਆਂ ਨੇ ਖਾੜਕੂ ਲਹਿਰ ਲਈ ਕਈ ਲਾਹੇਵੰਦ ਸਬਕ ਮੁਹੱਈਆ ਕੀਤੇ ਹਨ। ਇਕ ਗੱਲ ਇਹ ਕਿ ਜਿਥੇ ਸਮਾਜਕ ਬੁਰਾਈਆਂ ਦੇ ਖਾਤਮੇ ਲਈ ਲਾਜ਼ਮੀ ਜ਼ੋਰਦਾਰ ਉਪਰਾਲੇ ਕਰਨੇ ਚਾਹੀਦੇ ਹਨ ਉਥੇ ਇਹ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਲੋਕਾਂ ਦੀ ਨਿਜੀ ਜ਼ਿੰਦਗੀ ਅੰਦਰ ਬੇਲੋੜਾ ਦਖ਼ਲ ਨਾ ਦਿਤਾ ਜਾਵੇ। ਦੂਜੀ ਗੱਲ, ਸਕੂਲਾਂ ਦੀਆਂ ਵਰਦੀਆਂ ਨਾਲੋਂ ਸਕੂਲਾਂ ਦਾ ਵਿਦਿਅਕ ਮਾਹੌਲ ਸੁਧਾਰਨ ਵਲ ਵਧੇਰੇ ਧਿਆਨ ਦਿਤਾ ਜਾਣਾ ਚਾਹੀਦਾ ਹੈ। ਤੀਜੀ ਗੱਲ, ਤਾਕਤ ਤੇ ਧਕੇ ਦੀ ਬਜਾਇ ਮੁਖ ਟੇਕ ਸਿਖਿਆ ਤੇ ਪ੍ਰੇਰਨਾ ਉਤੇ ਰਹਿਣੀ ਚਾਹੀਦੀ ਹੈ। ਇਸ ਮਸਲੇ 'ਚ ਸਖ਼ਤੀ ਬਿਲਕੁਲ ਵਰਜਿਤ ਕਰਾਰ ਨਹੀਂ ਦਿਤੀ ਜਾ ਸਕਦੀ ਪਰ ਇਸਦੀ ਵਰਤੋਂ ਬਹੁਤ ਸੰਜਮ ਤੇ ਸਿਆਣਪ ਨਾਲ ਕਰਨੀ ਬਣਦੀ ਹੈ।

ਸਮਾਜ ਸੁਧਾਰ ਮੁਹਿੰਮ ਦੇ ਇਨ੍ਹਾਂ ਨਾਂਹ ਪਖੀ ਤਜ਼ਰਬਿਆਂ ਨੇ ਖਾੜਕੂ ਲਹਿਰ ਲਈ ਕਈ ਲਾਹੇਵੰਦ ਸਬਕ ਮੁਹੱਈਆ ਕੀਤੇ ਹਨ। ਇਕ ਗੱਲ ਇਹ ਕਿ ਜਿਥੇ ਸਮਾਜਕ ਬੁਰਾਈਆਂ ਦੇ ਖਾਤਮੇ ਲਈ ਲਾਜ਼ਮੀ ਜ਼ੋਰਦਾਰ ਉਪਰਾਲੇ ਕਰਨੇ ਚਾਹੀਦੇ ਹਨ ਉਥੇ ਇਹ ਖਿਆਲ ਰਖਿਆ ਜਾਣਾ ਚਾਹੀਦਾ ਹੈ ਕਿ ਲੋਕਾਂ ਦੀ ਨਿਜੀ ਜ਼ਿੰਦਗੀ ਅੰਦਰ ਬੇਲੋੜਾ ਦਖ਼ਲ ਨਾ ਦਿਤਾ ਜਾਵੇ। ਦੂਜੀ ਗੱਲ, ਸਕੂਲਾਂ ਦੀਆਂ ਵਰਦੀਆਂ ਨਾਲੋਂ ਸਕੂਲਾਂ ਦਾ ਵਿਦਿਅਕ ਮਾਹੌਲ ਸੁਧਾਰਨ ਵਲ ਵਧੇਰੇ ਧਿਆਨ ਦਿਤਾ ਜਾਣਾ ਚਾਹੀਦਾ ਹੈ। ਤੀਜੀ ਗੱਲ, ਤਾਕਤ ਤੇ ਧਕੇ ਦੀ ਬਜਾਇ ਮੁਖ ਟੇਕ ਸਿਖਿਆ ਤੇ ਪ੍ਰੇਰਨਾ ਉਤੇ ਰਹਿਣੀ ਚਾਹੀਦੀ ਹੈ। ਇਸ ਮਸਲੇ 'ਚ ਸਖ਼ਤੀ ਬਿਲਕੁਲ ਵਰਜਿਤ ਕਰਾਰ ਨਹੀਂ ਦਿਤੀ ਜਾ ਸਕਦੀ ਪਰ ਇਸਦੀ ਵਰਤੋਂ ਬਹੁਤ ਸੰਜਮ ਤੇ ਸਿਆਣਪ ਨਾਲ ਕਰਨੀ ਬਣਦੀ ਹੈ।

## ਅਜੋਕਾ ਸੰਸਾਰ

ਇਸ ਸ੍ਰਿਸ਼ਟੀ ਅੰਦਰ ਹਰ ਚੀਜ਼ ਪਰਿਵਰਤਨਸ਼ੀਲ ਹੈ। ਇਕ ਸਿਰਜਣਹਾਰ ਹੀ ਹੈ ਜੋ ਜਨਮ ਤੇ ਕਾਲ ਦੇ ਨਿਯਮਾਂ ਤੋਂ ਸੁਤੰਤਰ ਹੈ। ਬਾਕੀ ਜੋ ਉਪਜਿਆ ਹੈ, ਉਸ ਨੇ ਇਕ ਨਾ ਇਕ ਦਿਨ ਬਿਨਸਣਾ ਹੈ। ਸ੍ਰਿਸ਼ਟੀ ਦੇ ਆਦਿ ਤੋਂ ਲੈ ਕੇ ਮਨੁਖੀ ਇਤਿਹਾਸ ਅੰਦਰ ਬੜੇ ਫੇਰ ਬਦਲ ਆਏ ਹਨ। ਕਈ ਯੁਗ ਆਏ ਤੇ ਆਪਣੀ ਨਿਸ਼ਚਤ ਮਿਆਦ ਭੋਗ ਕੇ ਇਤਿਹਾਸ ਦੀ ਗਰਦਸ਼ ਅੰਦਰ ਅਲੋਪ ਹੋ ਕੇ ਰਹਿ ਗਏ। ਕਾਲ ਨੂੰ ਪਾਵੇ ਨਾਲ ਬੰਨ੍ਹਣ ਦਾ ਭਰਮ ਪਾਲਣ ਵਾਲੇ ਕਈ ਰਾਵਣ ਰਾਖ ਦੀ ਢੇਰੀ ਹੋ ਨਿਬੜੇ। ਸਦੀਵੀ ਸਮਝਣ ਦਾ ਭੁਲੇਖਾ ਖਾ ਬੈਠੀਆਂ ਕਿੰਨੀਆਂ ਹੀ ਬਾਦਸ਼ਾਹੀਆਂ ਇਤਿਹਾਸ ਦੇ ਕੂੜਾਦਾਨ ਵਿਚ ਦਫ਼ਨ ਹੋ ਕੇ ਰਹਿ ਗਈਆਂ। ਸਿਰਜਣਹਾਰ ਦੇ ਹੁਕਮ ਦਾ ਬਝਾ ਸਮੇਂ ਦਾ ਭੌਣ ਨਿਰੰਤਰ ਘੁੰਮ ਰਿਹਾ ਹੈ। ਜੋ ਕਲ੍ਹ ਸੀ ਉਹ ਅਜ ਨਹੀਂ ਰਿਹਾ, ਅਤੇ ਜੋ ਅਜ ਹੈ ਉਸਨੇ ਕਲ੍ਹ ਨੂੰ ਨਹੀਂ ਰਹਿਣਾ। ਕਾਲ ਦੀ ਗਤੀ ਅਗੇ ਨਾ ਕਿਸੇ ਦਾ ਜ਼ੋਰ ਚਲਿਆ ਹੈ, ਨਾ ਚਲਣਾ ਹੈ ।

ਪਿਛਲੇ ਡੇਢ ਦੋ ਦਹਾਕਿਆਂ ਨੂੰ ਹੀ ਲੈ ਲਈਏ। ਇਸ ਥੋੜ੍ਹੇ ਜਿਹੇ ਅਰਸੇ ਅੰਦਰ ਸੰਸਾਰ ਏਨਾ ਬਦਲ ਗਿਆ ਹੈ ਕਿ ਇਕ ਪੂਰਾ ਜ਼ਮਾਨਾ ਹੀ ਇਤਿਹਾਸ ਦੇ ਗਰਦੋ-ਗੁਬਾਰ ਅੰਦਰ ਅਲੋਪ ਹੋ ਕੇ ਰਹਿ ਗਿਆ ਹੈ। ਸੰਸਾਰ ਪਧਰ 'ਤੇ ਆਰਥਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਤੇ ਮਨੋਵਿਗਿਆਨਕ ਖੇਤਰਾਂ ਅੰਦਰ ਏਡੀਆਂ ਭਾਰੀ ਤਬਦੀਲੀਆਂ ਆ ਗਈਆਂ ਹਨ ਕਿ ਮਨੁਖੀ ਇਤਿਹਾਸ ਦੇ ਇਕ ਅਸਲੋਂ ਹੀ ਨਵੇਂ ਤੇ ਨਿਵੇਕਲੇ ਪੜਾਅ 'ਚ ਦਾਖਲ ਹੋ ਜਾਣ ਦੀ ਧਾਰਨਾ ਸਰਬਪ੍ਰਵਾਨਤ ਹੋ ਗਈ ਹੈ ।

ਦੂਜੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ ਕੌਮਾਂਤਰੀ ਪਿੜ ਅੰਦਰ ਵਾਪਰਨ ਵਾਲੀ ਹਰ ਵੱਡੀ ਛੋਟੀ ਘਟਨਾ ਨੂੰ ਦੋ-ਧਰੁਵੀ ਸੰਸਾਰ ( bi- polar world) ਦੇ ਪਰਿਮਾਣ-ਬਿੰਦੂਆਂ(Parameters) 'ਚ ਰਖਕੇ ਅੰਕਿਆ ਤੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਦੋ ਮਹਾਂ-ਸ਼ਕਤੀਆਂ ਅਮਰੀਕਾ ਤੇ ਸੋਵੀਅਤ ਯੂਨੀਅਨ-ਦੇ ਬਿਆਨ ਵਰਣਨ (reference) ਤੋਂ ਬਗੈਰ ਕੌਮਾਂਤਰੀ ਹਾਲਾਤ ਦਾ ਵਿਸ਼ਲੇਸ਼ਣ ਨਾ ਸਿਰਫ਼ ਅਧੂਰਾ, ਸਗੋਂ ਨਾਮੁਮਕਿਨ ਸਮਝਿਆ ਜਾਂਦਾ ਸੀ। ਮਨੁਖਤਾ ਦੇ ਸਿਰ ਤੇ ਚਾਲੀ ਸਾਲ ਇਨ੍ਹਾਂ ਦੋ ਮਹਾਂ-ਸ਼ਕਤੀਆਂ ਵਿਚਕਾਰ ਪਰਮਾਣੂ

ਜੰਗ ਛਿੜ ਪੈਣ ਦੇ ਖਤਰੇ ਦੀ ਤਲਵਾਰ ਲਟਕਦੀ ਰਹੀ ਹੈ। ਇਹਨਾਂ ਦੋ ਟਕਰਾਵੀਆਂ ਵਿਚਾਰਧਾਰਾਵਾਂ,ਦੋ ਸ਼ਰੀਕ ਸਮਾਜੀ- ਆਰਥਕ ਪ੍ਰਬੰਧਾਂ ਅਤੇ ਦੋ ਵਿਰੋਧੀ ਰਾਜਨੀਤਕ ਪਰਣਾਲੀਆਂ ਵਿਚਲੇ ਸੀਤ ਯੁਧ ਨੇ ਨਾ ਸਿਰਫ਼ ਕੌਮਾਂਤਰੀ ਪਧਰ ਦੀਆਂ ਘਟਨਾਵਾਂ, ਸਗੋਂ ਅਡ ਅਡ ਦੇਸ਼ਾਂ ਅੰਦਰਲੇ ਰੁਝਾਨਾਂ ਤੇ ਵਰਤਾਰਿਆਂ ਨੂੰ ਵੀ ਗਹਿਰੇ ਰੂਪ 'ਚ ਪ੍ਰਭਾਵਤ ਕਰੀ ਰਖਿਆ।

ਅਸੀਵਿਆਂ ਦੇ ਦੂਜੇ ਅਧ ਵਿਚ ਸੋਵੀਅਤ ਯੂਨੀਅਨ ਦੀ ਅਗਵਾਈ ਹੇਠਲੇ ਸਮਾਜਵਾਦੀ ਸੰਸਾਰ ਉਤੇ ਕੁਦਰਤ ਦਾ ਅਜਿਹਾ ਕਹਿਰ ਢਠਾ ਕਿ ਸਾਰੀ ਸ੍ਰਿਸ਼ਟੀ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਮਨਸੂਬੇ ਪਾਲਣ ਵਾਲਾ ਇਹ ਵਿਚਾਰਧਾਰਕ ਅਡੰਬਰ ਦਿਨਾਂ ਅੰਦਰ ਹੀ ਇਤਿਹਾਸ ਦਾ ਖੰਡਰ ਬਣਕੇ ਰਹਿ ਗਿਆ। ਸਰਬਸ਼ਕਤੀਮਾਨ ਸਮਝੀਆਂ ਜਾਂਦੀਆਂ ਰਾਜਸ਼ਾਹੀਆਂ ਲੋਕ ਉਭਾਰ ਦੇ ਤੂਫ਼ਾਨੀ ਵੇਗ ਅਗੇ ਸੁਕੇ ਪਤਿਆਂ ਵਾਂਗ ਝੜਦੀਆਂ ਤੇ ਉਡਦੀਆਂ ਦੇਖੀਆਂ ਗਈਆਂ। ਦੋ-ਧਰੁਵੀ ਸੰਸਾਰ ਦੀ ਧਾਰਨਾ ਦਿਨਾਂ ਅੰਦਰ ਹੀ ਬੀਤੇ ਦੀ ਗੱਲ ਬਣਕੇ ਰਹਿ ਗਈ।

ਮਧਯੁਗ ਦੇ ਖਾਤਮੇ ਉਪਰੰਤ ਪਛਮ ਤੋਂ ਉਦੈ ਹੋਏ ਆਧੁਨਿਕਤਾ (modernism) ਦੇ ਯੁਗ ਨੇ, ਹੌਲੀ ਹੌਲੀ, ਸਮੁਚੇ ਸੰਸਾਰ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਸੀ। ਵਿਗਿਆਨ ਤੇ ਤਕਨੀਕ ਦੇ ਖੇਤਰ ਵਿਚ ਮਾਰੀਆਂ ਵਡੀਆਂ ਮੱਲਾਂ ਦੀ ਚਕਾਚੌਂਧ ਰੌਸ਼ਨੀ ਵਿਚ ਧਰਮ ਤੇ ਅਧਿਆਤਮਿਕਤਾ ਪ੍ਰਤੀ ਤ੍ਰਿਸਕਾਰ ਭਰਿਆ ਨਕਾਰੀ ਰਵੱਈਆ ਅਖਤਿਆਰ ਕਰ ਲੈਣਾ, ਇਸ ਯੁਗ ਦੀ ਪਰਮੁਖ ਵਿਚਾਰਧਾਰਕ ਪਛਾਣ ਬਣ ਗਈ ਸੀ। ਧਾਰਮਿਕ ਵਿਸਵਾਸ਼ਾਂ ਨੂੰ 'ਹਨੇਰ-ਬਿਰਤੀ' (obscurantism) ਦਾ ਕੁਨਾਂਅ ਦੇਣ ਵਾਲੇ ਅਤੇ ਧਰਮ ਨੂੰ ਬੀਤ ਚੁਕੇ ਜ਼ਮਾਨੇ ਦੀ 'ਫਾਲਤੂ'ਜਿਹੀ 'ਵਿਚਾਰਧਾਰਕ ਰਹਿੰਦ-ਖੂੰਹਦ' ਵਜੋਂ ਦੇਖਣ ਵਾਲੇ ਅਖੌਤੀ ਵਿਗਿਆਨਕ ਤੇ 'ਤਰਕਸ਼ੀਲ' ਨਜ਼ਰੀਏ ਨੂੰ ਵਡੀ ਪਧਰ 'ਤੇ ਉਚਿਆਇਆ ਤੇ ਵਡਿਆਇਆ ਗਿਆ। 'ਤਰੱਕੀ', 'ਨਵੀਨਤਾ', ਅਗਾਂਹਵਧੂਪੁਣਾ' (progressivism), 'ਸੈਕੂਲਰਿਜ਼ਮ' ਅਤੇ 'ਤਰਕਸ਼ੀਲਤਾ' ਨੂੰ ਧਰਮ ਦੇ ਵਿਰੋਧੀ ਤੇ ਨਿਖੇਧ ਤਤਾਂ ਵਜੋਂ ਦੇਖਿਆ ਤੇ ਪਰਵਾਨਿਆ ਜਾਣ ਲਗਾ। ਦਾਰਸ਼ਨਿਕ ਖੇਤਰ ਅੰਦਰ ਅਜਿਹੇ 'ਵਾਦਾਂ' ਦੀ ਤੂਤੀ ਬੋਲਣ ਲਗੀ ਜਿਨ੍ਹਾਂ ਨੇ ਮਨੁਖਤਾ ਨੂੰ ਦਰਪੇਸ਼ ਸਭਨਾਂ ਸੁਆਲਾਂ ਦੇ ਮੁਕੰਮਲ ਜੁਆਬ ਦੇਣ ਅਤੇ ਸਭਨਾਂ ਮਸਲਿਆਂ ਦੇ ਅੰਤਮ ਤੇ ਸਥਾਈ ਹੱਲ ਮੁਹੱਈਆ ਕਰਨ ਦੇ ਬੁਲੰਦਬਾਂਗ ਦਾਅਵੇ ਕੀਤੇ। ਬ੍ਰਹਿਮੰਡ ਨੂੰ 'ਸਮੁਚਤਾ' (totality)ਵਿਚ ਦੇਖਣ ਦਾ ਅਜਿਹਾ ਕਰੂਰ 'ਵਿਗਿਆਨਕ' ਤਰਕ ਉਭਰ ਆਇਆ, ਜਿਸ ਮੁਤਾਬਕ 'ਸਥਾਨਕ ਪਛਾਣਾਂ' (local identities) ਤੇ ਸਭਿਆਚਾਰਾਂ ਨੂੰ ਮਨੁਖੀ ਤਰੱਕੀ ਦੇ 'ਰਾਹ ਦੀਆਂ ਰੋਕਾਂ' ਵਜੋਂ ਦੇਖਿਆ ਜਾਣ ਲਗਾ ਅਤੇ ਇਨ੍ਹਾਂ ਨੂੰ ਦਰੜ-ਮਸਲਕੇ ਇਕੋ-ਰੰਗ, ਇਕੋ-ਰੂਪ ਵਿਸ਼ਵ ਸਭਿਆਚਾਰ ਉਸਾਰਨ ਦੀਆਂ ਫਰਜ਼ੀ ਧਾਰਨਾਵਾਂ (notions) ਮਕਬੂਲ ਹੋਈਆਂ। ਹਰ ਖੇਤਰ,ਕੀ ਆਰਥਕ, ਕੀ ਰਾਜਨੀਤਕ ਤੇ ਕੀ ਸਭਿਆਚਾਰਕ, ਅੰਦਰ ਕੇਂਦਰੀਕਰਨ (centralization) ਦੇ ਰੁਝਾਨ ਨੂੰ ਮਾਨਤਾ ਪਰਦਾਨ ਹੋਈ। ਆਰਥਕ ਖੇਤਰ ਅੰਦਰ 'ਕੇਂਦਰੀ ਯੋਜਨਾਬੰਦੀ' ਅਤੇ ਰਾਜਨੀਤਕ-ਪ੍ਰਸ਼ਾਸਨਿਕ ਖੇਤਰ ਅੰਦਰ ਦਿਓ-ਰੂਪੀ ਕੇਂਦਰਿਆਏ ਰਾਜਕੀ ਢਾਂਚੇ (giant centralized state structures) ਇਸ ਯੁਗ ਦੀ ਭਾਰੂ ਪਛਾਣ ਬਣ ਗਏ। ਸੱਤਾ ਦੀ ਸਰਬਸ਼ਕਤੀਮਾਨਤਾ ਨੂੰ ਸਥਾਪਤ ਕਰਨ ਦੇ ਉਚੇਰੇ ਯਤਨ ਕੀਤੇ ਗਏ । ਮਨੁਖੀ ਜੀਵਨ ਦੇ ਹਰ ਖੇਤਰ ਅੰਦਰ ਸਟੇਟ ਦਾ ਕਰੂਰ ਦਖ਼ਲ, ਬੋਝ ਤੇ ਭੈਅ ਸਥਾਪਤ ਹੋ ਗਿਆ ।

ਵਿਕਾਸ ਦੇ ਇਸ ਮਾਡਲ ਨੇ ਸੰਸਾਰ ਅੰਦਰ ਪਦਾਰਥਕ ਬਹੁਲਤਾ (ਉਹ ਵੀ ਮੁਕਾਬਲਤਨ) ਤਾਂ ਜ਼ਰੂਰ ਲੈ ਆਂਦੀ, ਪਰ ਇਸ ਨਾਲ ਮਨੁਖ ਦੇ ਰੂਹਾਨੀ ਸੰਸਾਰ ਅੰਦਰ ਮੁਰਝਾਹਟ ਤੇ ਵੀਰਾਨਗੀ ਛਾਅ ਗਈ। ਮਨੁਖ ਨਾ ਸਿਰਫ਼ ਆਲੇ-ਦੁਆਲੇ ਤੋਂ, ਸਗੋਂ ਆਪਣੇ ਆਪ ਤੋਂ ਵੀ ਪਰਾਇਆ ਮਹਿਸੂਸ ਕਰਨ ਲਗ ਪਿਆ। ਉਹ ਆਪੇ ਨਾਲੋਂ ਦੂਰ ਹੁੰਦਾ ਚਲਾ ਗਿਆ ਅਤੇ ਉਸਦੇ ਆਤਮਿਕ ਸੰਸਾਰ ਉਤੇ ਅਸੰਤੁਸ਼ਟਤਾ ਤੇ ਬੇਗਾਨਗੀ ਦੀ ਗਹਿਰ ਛਾਅ ਗਈ ।

ਵਿਕਾਸ ਦੇ ਇਸ ਮਾਡਲ ਨੇ ਸੰਸਾਰ ਅੰਦਰ ਪਦਾਰਥਕ ਬਹੁਲਤਾ (ਉਹ ਵੀ ਮੁਕਾਬਲਤਨ) ਤਾਂ ਜ਼ਰੂਰ ਲੈ ਆਂਦੀ, ਪਰ ਇਸ ਨਾਲ ਮਨੁਖ ਦੇ ਰੂਹਾਨੀ ਸੰਸਾਰ ਅੰਦਰ ਮੁਰਝਾਹਟ ਤੇ ਵੀਰਾਨਗੀ ਛਾਅ ਗਈ। ਮਨੁਖ ਨਾ ਸਿਰਫ਼ ਆਲੇ-ਦੁਆਲੇ ਤੋਂ, ਸਗੋਂ ਆਪਣੇ ਆਪ ਤੋਂ ਵੀ ਪਰਾਇਆ ਮਹਿਸੂਸ ਕਰਨ ਲਗ ਪਿਆ। ਉਹ ਆਪੇ ਨਾਲੋਂ ਦੂਰ ਹੁੰਦਾ ਚਲਾ ਗਿਆ ਅਤੇ ਉਸਦੇ ਆਤਮਿਕ ਸੰਸਾਰ ਉਤੇ ਅਸੰਤੁਸ਼ਟਤਾ ਤੇ ਬੇਗਾਨਗੀ ਦੀ ਗਹਿਰ ਛਾਅ ਗਈ ।

'ਆਧੁਨਿਕਤਾ' ਦੇ ਨਾਂ ਨਾਲ ਜਾਣੇ ਜਾਂਦੇ ਇਤਿਹਾਸ ਦੇ ਇਸ ਯੁਗ ਦਾ ਤਪ-ਤੇਜ਼, ਇਕ ਨਾ ਇਕ ਦਿਨ, ਖਤਮ ਹੋਣਾ ਹੀ ਸੀ । ਪਿਛਲੇ ਡੇਢ ਦੋ ਦਹਾਕਿਆਂ ਦੌਰਾਨ ਸੰਸਾਰ ਪਧਰ 'ਤੇ ਵਾਪਰੀਆਂ ਤੇਜ਼-ਰਫ਼ਤਾਰ ਤਬਦੀਲੀਆਂ ਇਸ ਦੇ ਖਾਤਮੇ ਦਾ ਪੈਗਾਮ ਹੋ ਨਿਬੜੀਆਂ। ਸਭ ਤੋਂ ਅਹਿਮ ਗੱਲ ਇਹ ਹੋਈ ਕਿ ਲੋਕਾਂ ਦਾ ਆਧੁਨਿਕਤਾ ਦੇ ਅਡੰਬਰ ਵਿਚੋਂ ਵਿਸ਼ਵਾਸ ਡੋਲ ਉਠਿਆ। ਇਸਦੀ ਸਫ਼ਲਤਾ ਤੇ ਸਾਰਥਿਕਤਾ ਬਾਰੇ ਉਨ੍ਹਾਂ ਦੇ ਮਨਾਂ ਅੰਦਰ ਵਡੇ ਸ਼ੰਕੇ ਤੇ ਸੁਆਲ ਉਠ ਖੜ੍ਹੇ ਹੋਏ। ਪਦਾਰਥਕ ਬਹੁਲਤਾ ਪ੍ਰਤੀ ਉਪਰਾਮਤਾ ਅਤੇ ਰੂਹਾਨੀ

ਤ੍ਰਿਪਤੀ ਦੀ ਤਲਾਸ਼, ਮਨੁਖ ਨੂੰ, ਵਿਗਿਆਨ ਦੀਆਂ ਪ੍ਰਾਪਤੀਆਂ ਤੇ ਦਾਅਵਿਆਂ ਪ੍ਰਤੀ ਹੁਣ ਅਸਲੋਂ ਹੀ ਵਖਰਾ ਨਜ਼ਰੀਆ ਅਪਨਾਉਣ ਵਲ ਰੁਚਿਤ ਕਰ ਰਹੀ ਹੈ। 'ਵਾਦਾਂ' ਦੇ 'ਇਸ਼ਟ' ਲੋਕਾਂ ਦੀਆਂ ਨਜ਼ਰਾਂ ਤੋਂ ਗਿਰ ਰਹੇ ਹਨ। ਹਰ ਖੇਤਰ ਅੰਦਰ ਸਥਾਪਤ ਸਿਧਾਤਾਂ, ਮਨੌਤਾਂ ਤੇ ਵਿਧੀਆਂ ਨੂੰ ਸ਼ਕ ਤੇ ਪੜਚੋਲ ਦੀ ਨਿਗ੍ਹਾ ਨਾਲ ਦੇਖਿਆ ਜਾਣ ਲਗਾ ਹੈ। ਵਿਗਿਆਨ, ਸਾਹਿਤ ਤੇ ਕਲਾ ਦੇ ਖੇਤਰਾਂ ਅੰਦਰ ਰਵਾਇਤੀ ਵਿਚਾਰਾਂ ਤੇ ਸਥਾਪਤ ਧਾਰਨਾਵਾਂ ਨੂੰ ਛਡਕੇ ਨਵੇਂ ਖਿਆਲਾਂ ਤੇ ਨਵੀਆਂ ਵਿਧੀਆਂ ਵਿਕਸਤ ਕਰਨ ਦੀਆਂ ਪ੍ਰਬਿਰਤੀਆਂ ਜ਼ੋਰ ਫੜ ਰਹੀਆਂ ਹਨ।

ਅਜੋਕੇ ਯੁਗ ਦਾ ਇਕ ਬੇਹਦ ਅਹਿਮ ਲਛਣ, ਮੀਡੀਏ ਵਲੋਂ ਸਮਾਜ ਅੰਦਰ ਬਹੁਤ ਹੀ ਮਹਤਵਪੂਰਨ ਸਥਾਨ ਤੇ ਭੂਮਿਕਾ ਅਖਤਿਆਰ ਕਰਨਾ ਹੈ। ਮੀਡੀਆ ਅਜੋਕੇ ਸੰਸਾਰ ਦਾ ਕੇਂਦਰੀਚਾਲਕ (central dynamic) ਬਣਿਆ ਹੋਇਆ ਹੈ। ਅੰਤਾਂ ਦੀ ਵੰਨ-ਸੁਵੰਨਤਾ (variety) ਤੇ ਪ੍ਰਬੀਨਤਾ ਦੇ ਜ਼ਰੀਏ, ਇਹ, ਲੋਕ ਮਨਾਂ ਨੂੰ ਕਾਰਗਰ ਢੰਗ ਨਾਲ ਪ੍ਰਭਾਵਤ ਕਰ ਰਿਹਾ ਹੈ। ਇਹ ਲੋਕਾਂ ਦਾ ਮਨੋਰੰਜਨ ਹੀ ਨਹੀਂ ਕਰਦਾ, ਉਨ੍ਹਾਂ ਨੂੰ ਸਿਖਿਅਤ ਵੀ ਕਰਦਾ ਹੈ, ਤੇ ਨਾਲ ਹੀ ਭਰਸ਼ਟ ਵੀ। ਤਕਨਾਲੋਜੀ ਦੇ ਨਵੀਨ ਤੋਂ ਨਵੀਨ ਰੂਪਾਂ ਨੂੰ ਗ੍ਰਹਿਣ ਕਰਨ ਦੀ ਧੁਸ (thrust) ਮੀਡੀਏ ਦੇ ਰੋਲ ਤੇ ਅਸਰਕਾਰੀ ਨੂੰ ਨਿਤ ਨਵੀਆਂ ਜ਼ਰਬਾਂ ਦੇ ਰਹੀ ਹੈ। ਗਿਆਨ ਤੇ ਸੂਚਨਾ ਉਤੇ ਹੁਣ ਕਿਸੇ ਦੇ ਵੀ 'ਹਕ ਰਾਖਵੇਂ' ਨਹੀਂ ਰਹਿ ਗਏ। ਵਿਚਾਰਾਂ 'ਤੇ ਪਾਬੰਦੀਆਂ ਆਇਦ ਕਰਨ ਦੀਆਂ ਹੁਕਮਰਾਨੀ ਰਵਾਇਤਾਂ ਸੂਚਨਾ ਦੇ ਇਨਕਲਾਬੀ ਰੋੜ੍ਹ ਮੂਹਰੇ ਬੇਅਸਰ ਹੀ ਨਹੀਂ, ਬੇਮਾਅਨੀ ਹੋ ਕੇ ਰਹਿ ਗਈਆਂ ਹਨ। ਆਮ ਲੋਕਾਂ ਲਈ ਅਪਹੁੰਚ ਸਮਝਿਆ ਜਾਂਦਾ ਗਿਆਨ ਤੇ ਜਾਣਕਾਰੀ, ਹੁਣ, ਬਿਨਾਂ ਭੇਦ-ਭਾਵ ਦੇ, ਉਨ੍ਹਾਂ ਦੀਆ ਬਰੂਹਾਂ 'ਤੇ ਹਾਜ਼ਰ ਹੋ ਰਿਹਾ ਹੈ। ਗਿਆਨ ਤੇ ਜਾਣਕਾਰੀ ਦੇ ਇਸ ਨਵੇਂ 'ਕੌਤਕ' ਨੇ ਲੋਕਾਂ ਦੀ ਸੋਚ, ਸੁਰਤਿ ਤੇ ਚੇਤਨਾ ਉਤੇ ਨਵੇਂ ਰੰਗ ਚਾੜ੍ਹੇ ਹਨ, ਜਿਨ੍ਹਾਂ ਦਾ ਅਸਰ ਹਰ ਪਾਸੇ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।

ਦੁਨੀਆਂ ਦੇ ਕਿੰਨੇ ਹੀ ਨਸਲੀ ਤੇ ਧਾਰਮਿਕ ਭਾਈਚਾਰੇ, ਜੋ ਆਧੁਨਿਕਵਾਦ ਦੀ ਵਿਚਾਰਧਾਰਕ ਗਹਿਰ ਅੰਦਰ ਬੁਰੀ ਤਰ੍ਹਾਂ ਰੋਲ ਸੁਟੇ ਤੇ ਭੁਲਾ ਦਿਤੇ ਗਏ ਸਨ, ਹੁਣ, ਪੂਰੇ ਵਿਸ਼ਵਾਸ ਤੇ ਜਬ੍ਹੇ ਨਾਲ ਆਪਣੀ ਹੋਂਦ ਤੇ ਹਸਤੀ ਪ੍ਰਗਟਾਅ ਰਹੇ ਹਨ । "ਅਸੀਂ ਕੌਣ ਹਾਂ", ਇਹ ਸੁਆਲ ਹਰ ਜਗ੍ਹਾ ਉਠ ਰਿਹਾ ਹੈ । ਕਬਾਇਲੀ, ਨਸਲੀ, ਭਾਸ਼ਾਈ ਤੇ ਧਾਰਮਿਕ ਭਾਈਚਾਰੇ, ਹਰ ਜਗ੍ਹਾ, ਆਪਣੇ ਮੂਲ, ਆਪਣੇ ਵਿਰਸੇ ਵਲ ਸੁਰਤ ਮੋੜ ਰਹੇ ਹਨ ਅਤੇ ਆਪਣੀ ਗੁਆਚੀ ਜਾਂ ਨਕਾਰੀ ਹੋਈ ਪਛਾਣ ਦੇ ਸਾਬਤ-ਸੂਰਤ ਨਕਸ਼ ਉਘਾੜ ਰਹੇ ਹਨ। ਦੇਸ਼ਾਂ ਦੀਆਂ 'ਪਵਿਤਰ' (sacred) ਸਮਝੀਆਂ ਜਾਂਦੀਆਂ ਭੂਗੋਲਿਕ ਹਦਬੰਦੀਆਂ ਉਲਟ-ਪੁਲਟ ਹੋ ਰਹੀਆਂ ਹਨ। ਰਾਜਸੀ ਨਕਸ਼ਿਆਂ ਦੀਆਂ ਲਕੀਰਾਂ ਨਵੇਂ ਸਿਰਿਓਂ ਵਾਹੀਆਂ ਜਾ ਰਹੀਆਂ ਹਨ। ਨਵੇਂ ਦੇਸ਼ ਜਨਮ ਲੈ ਰਹੇ ਹਨ ਅਤੇ ਪੂਰੀ ਸ਼ਾਨ ਨਾਲ ਕੌਮਾਂਤਰੀ ਭਾਈਚਾਰੇ ਦੇ ਅੰਗ ਬਣ ਰਹੇ ਹਨ। ਦਿਓ-ਰੂਪ ਰਾਜਕੀ ਢਾਂਚਿਆਂ ਦਾ ਸੰਕਲਪ ਤਿੜਕ ਰਿਹਾ ਹੈ। ਇਕ-ਰੂਪਤਾ (uniformity) ਦੀ ਜਗ੍ਹਾ ਵੰਨ- ਸੁਵੰਨਤਾ (diversity) ਦੀ ਭਾਵਨਾ ਮਕਬੂਲ ਹੋ ਰਹੀ ਹੈ। ਮਨੁਖੀ ਭਾਈਚਾਰਿਆਂ ਦੇ ਆਪਸੀ ਰਿਸ਼ਤਿਆਂ ਦੇ ਮਾਮਲੇ ਵਿਚ, ਇਕ ਦੂਸਰੇ ਨੂੰ ਖਤਮ ਕਰਨ ਅਤੇ ਇਕ ਦੂਜੇ ਦਾ ਤੁਖ਼ਮ ਮਿਟਾਉਣ ਦੀ ਜਗ੍ਹਾ, ਇਕ ਦੂਜੇ ਨੂੰ ਸਮਝਣ ਤੇ ਸਹਿਣ ਕਰਨ ਦੀ ਜਮਹੂਰੀ ਭਾਵਨਾ ਦਾ ਰੌਂਅ ਵਧੇਰੇ ਬਲ ਤੇ ਵੇਗ ਫੜ ਰਿਹਾ ਹੈ। ਅਜੋਕਾ ਯੁਗ ਅਡੋ ਅਡਰੇ ਧਾਰਮਿਕ, ਨਸਲੀ, ਭਾਸ਼ਾਈ ਤੇ ਕੌਮੀ ਭਾਈਚਾਰਿਆਂ ਦੇ, ਪਹਿਲਾਂ ਨਾਲੋਂ ਕਿਤੇ ਵਡੀ ਪਧਰ 'ਤੇ ਇਕ ਦੂਜੇ ਨਾਲ ਸਾਂਝਾਂ ਗੰਢਣ ਦੇ ਸਾਧਨ ਤੇ ਸਬਬ ਮੁਹੱਈਆ ਕਰ ਰਿਹਾ ਹੈ।

ਪਰ ਅਜੋਕੇ ਸੰਸਾਰ ਦੀ ਤਸਵੀਰ ਦਾ ਇਹੀ ਇਕ ਰੰਗ ਨਹੀਂ। ਇਸ ਦਾ ਇਕ ਨਹਿਸ਼ ਪਖ ਵੀ ਹੈ ਜਿਸ ਨੂੰ ਕਿਸੇ ਵੀ ਤਰ੍ਹਾਂ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਪਰ ਬਿਆਨੇ ਹਾਂਦਰੂ ਰੁਝਾਨਾਂ ਦੇ ਨਾਲ ਹੀ ਕੁਝ ਨਾਂਹ-ਪਖੀ ਰੁਚੀਆਂ ਤੇ ਵਰਤਾਰਿਆਂ ਦਾ ਨਿਰੰਤਰ ਪਰਵਾਹ ਵੀ ਜਾਰੀ ਹੈ। ਅਜਿਹੀਆਂ ਤਾਕਤਾਂ ਤੇ ਰੁਝਾਣ ਵੀ ਤਕੜਾਈ ਫੜ ਰਹੇ ਹਨ, ਜੋ ਆਪਣੀ ਰਾਜਕੀ ਤਾਕਤ ਤੇ ਬਹੁਗਿਣਤੀ ਦੇ ਜ਼ੋਰ, ਘਟਗਿਣਤੀ ਭਾਈਚਾਰਿਆਂ ਨੂੰ ਦੁਬੈਲ ਬਣਾਕੇ ਰਖਣ, ਅਤੇ ਕਈ ਜਗ੍ਹਾ ਉਨ੍ਹਾਂ ਦੀ ਹੋਂਦ ਤੇ ਹਸਤੀ ਨੂੰ ਹੀ ਮਲੀਆਮੇਟ ਕਰ ਸੁਟਣ ਦੀ ਫਾਸ਼ੀ ਧੁਸ ਅਖਤਿਆਰ ਕਰ ਰਹੇ ਹਨ। ਬਹੁ-ਰੂਪਤਾ (pluralism) ਵੰਨ-ਸੁਵੰਨਤਾ(diversity)ਤੇ ਸਹਿਣਸ਼ੀਲਤਾ ਦੀ ਭਾਵਨਾ ਅਜੇ ਫਿਰਕੂ ਤੰਗਨਜ਼ਰੀ ਤੇ ਗਲਬੇ ਦੀ ਲਾਲਸਾ ਉਤੇ ਨਿਰਣਾਇਕ ਰੂਪ 'ਚ ਹਾਵੀ ਨਹੀਂ ਹੋਈ। ਇਤਿਹਾਸ ਦੀਆਂ ਦੋ ਧਾਰਾਵਾਂ ਵਿਚਕਾਰ ਅਜੇ ਇਹ ਕਸ਼ਮਕਸ਼ ਜਾਰੀ ਹੈ। ਅਜੋਕੇ ਸਮੇਂ ਦਾ ਇਹ ਸਚ ਸਿੱਖ ਕੌਮ ਦੀ ਹੋਣੀ ਨੂੰ ਖਾਸ ਤੌਰ 'ਤੇ

**ਆਮ ਲੋਕਾਂ ਲਈ ਅਪਹੁੰਚ ਸਮਝਿਆ ਜਾਂਦਾ ਗਿਆਨ ਤੇ ਜਾਣਕਾਰੀ, ਹੁਣ, ਬਿਨਾਂ ਭੇਦ-ਭਾਵ ਦੇ, ਉਨ੍ਹਾਂ ਦੀਆ ਬਰੂਹਾਂ 'ਤੇ ਹਾਜ਼ਰ ਹੋ ਰਿਹਾ ਹੈ। ਗਿਆਨ ਤੇ ਜਾਣਕਾਰੀ ਦੇ ਇਸ ਨਵੇਂ 'ਕੌਤਕ' ਨੇ ਲੋਕਾਂ ਦੀ ਸੋਚ, ਸੁਰਤਿ ਤੇ ਚੇਤਨਾ ਉਤੇ ਨਵੇਂ ਰੰਗ ਚਾੜ੍ਹੇ ਹਨ, ਜਿਨ੍ਹਾਂ ਦਾ ਅਸਰ ਹਰ ਪਾਸੇ ਦੇਖਿਆ ਤੇ ਮਹਿਸੂਸ ਕੀਤਾ ਜਾ ਸਕਦਾ ਹੈ।**

**ਦੁਨੀਆਂ ਦੇ ਕਿੰਨੇ ਹੀ ਨਸਲੀ ਤੇ ਧਾਰਮਿਕ ਭਾਈਚਾਰੇ, ਜੋ ਆਧੁਨਿਕਵਾਦ ਦੀ ਵਿਚਾਰਧਾਰਕ ਗਹਿਰ ਅੰਦਰ ਬੁਰੀ ਤਰ੍ਹਾਂ ਰੋਲ ਸੁਟੇ ਤੇ ਭੁਲਾ ਦਿਤੇ ਗਏ ਸਨ, ਹੁਣ, ਪੂਰੇ ਵਿਸ਼ਵਾਸ ਤੇ ਜਬ੍ਹੇ ਨਾਲ ਆਪਣੀ ਹੋਂਦ ਤੇ ਹਸਤੀ ਪ੍ਰਗਟਾਅ ਰਹੇ ਹਨ। "ਅਸੀਂ ਕੌਣ ਹਾਂ", ਇਹ ਸੁਆਲ ਹਰ ਜਗ੍ਹਾ ਉਠ ਰਿਹਾ ਹੈ ।**

ਪ੍ਰਭਾਵਤ ਕਰ ਰਿਹਾ ਹੈ।

## ਅਜੋਕਾ ਭਾਰਤ

ਭਾਰਤ ਦੇ ਅਜ਼ਾਦੀ ਸੰਗਰਾਮ ਦੌਰਾਨ ਕਾਂਗਰਸ ਪਾਰਟੀ ਇਥੋਂ ਦੇ ਲੋਕਾਂ, ਖਾਸ ਕਰਕੇ ਹਿੰਦੂ ਬਹੁਗਿਣਤੀ ਵਰਗ ਦੀਆਂ ਉਮੰਗਾਂ ਤੇ ਭਾਵਨਾਵਾਂ ਦੀ ਤਰਜਮਾਨੀ ਕਰਨ ਵਾਲੀ ਰਾਜਨੀਤਕ ਜਮਾਤ ਵਜੋਂ ਉਭਰ ਆਈ ਸੀ। ਇਸ ਕਰਕੇ ਅਜ਼ਾਦੀ ਤੋਂ ਬਾਅਦ ਭਾਰਤ ਦੇ ਰਾਜ-ਭਾਗ 'ਤੇ ਕਾਬਜ਼ ਹੋਣ ਦਾ ਮਾਣ ਤੇ ਮੌਕਾ, ਸੁਭਾਵਿਕ ਹੀ, ਇਸੇ ਪਾਰਟੀ ਨੂੰ ਨਸੀਬ ਹੋਇਆ। ਕਾਂਗਰਸ ਪਾਰਟੀ ਨੇ ਪੰਡਤ ਜਵਾਹਰ ਲਾਲ ਨਹਿਰੂ ਦੀ ਵਿਚਾਰਧਾਰਕ ਰਹਿਨੁਮਾਈ ਹੇਠ ਆਰਥਕ ਵਿਕਾਸ ਤੇ ਰਾਜਨੀਤਕ-ਪ੍ਰਸ਼ਾਸਨਿਕ ਢਾਂਚੇ ਦਾ ਜੋ ਮਾਡਲ ਅਪਣਾਇਆ, ਉਸਦੀ ਸੁਰ, ਤਤਕਾਲੀਨ ਯੁਗ ਦੀ ਪਰਧਾਨ ਤਰਜ਼ ਨਾਲ ਮੇਲ ਖਾਂਦੀ ਸੀ। ਆਰਥਕ ਖੇਤਰ ਅੰਦਰ ਕਸਵੇਂ ਰਾਜਕੀ ਕੰਟਰੋਲ ਹੇਠ ਕੇਂਦਰਿਆਈ (centralized) ਯੋਜਨਾਬੰਦੀ ਨੂੰ ਪਰਮੁਖਤਾ ਦਿਤੀ ਗਈ। ਰਾਜਸੀ-ਪ੍ਰਸ਼ਾਸਨਿਕ ਢਾਂਚੇ ਨੂੰ ਰਸਮੀ ਜਮਹੂਰੀਅਤ (formal democracy) ਤੇ ਅਖੌਤੀ 'ਧਰਮ-ਨਿਰਪਖਤਾ' ਦੀ ਸਿਧਾਂਤਕ ਦਿੱਖ ਮੁਹੱਈਆ ਕੀਤੀ ਗਈ। ਕਾਂਗਰਸੀ ਹਾਕਮਾਂ ਦੇ ਇਸ ਵਿਚਾਰਧਾਰਕ- ਰਾਜਨੀਤਕ ਪੈਂਤੜੇ ਨੇ ਭਾਰਤੀ ਵਸੋਂ ਦੇ ਬਹੁਤ ਸਾਰੇ ਵਰਗਾਂ, ਖਾਸ ਕਰਕੇ ਪਛੜੀਆਂ ਤੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ, ਅਤੇ ਸਿੱਖਾਂ ਨੂੰ ਛਡਕੇ, ਬਾਕੀ ਦੇ ਘਟਗਿਣਤੀ ਧਾਰਮਿਕ ਭਾਈਚਾਰਿਆਂ ਨੂੰ ਇਸ ਕਦਰ ਕੀਲ ਲਿਆ ਕਿ ਕਾਂਗਰਸ ਪਾਰਟੀ ਕੇਂਦਰ ਅੰਦਰ ਤਿੰਨ ਦਹਾਕਿਆਂ ਤਕ ਆਪਣੀ ਰਾਜਨੀਤਕ ਚੌਧਰ ਬਣਾਈ ਰਖਣ 'ਚ ਸਫਲ ਹੋ ਨਿਬੜੀ।

ਅਸੀਵਿਆਂ 'ਚ ਆਕੇ ਕਾਂਗਰਸ ਪਾਰਟੀ ਦੀ ਇਸ ਪੋਜ਼ੀਸ਼ਨ ਨੂੰ ਪਹਿਲੀ ਵਾਰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਆਰਥਕ ਵਿਕਾਸ ਦੇ ਰਾਜਕੀ ਕੰਟਰੋਲ ਤੇ ਕੇਂਦਰਿਆਈ ਯੋਜਨਾਬੰਦੀ ਵਾਲੇ ਜਿਸ 'ਪੰਜ ਸਾਲੀ ਯੋਜਨਾਵੀ' ਮਾਡਲ ਨੂੰ ਗਰੀਬੀ ਤੇ ਬੇਰੁਜ਼ਗਾਰੀ ਦੇ ਖਾਤਮੇ ਦਾ ਸਿਕੇਬੰਦ ਉਪਾਅ ਕਹਿਕੇ ਵਡਿਆਇਆ ਗਿਆ ਸੀ, ਅਮਲੀ ਪਧਰ 'ਤੇ, ਉਹ, ਗਰੀਬੀ ਤੇ ਬੇਰੁਜ਼ਗਾਰੀ ਵਿਚ ਅੰਤਾਂ ਦਾ ਵਾਧਾ ਕਰਨ ਦਾ ਸਾਧਨ ਹੋ ਗੁਜ਼ਰਿਆ। ਸਿਟੇ ਵਜੋਂ, ਕਾਂਗਰਸ ਪਾਰਟੀ ਦੀ ਉਚੇਚੇ ਯਤਨਾਂ ਨਾਲ ਬਣਾਈ 'ਗਰੀਬ ਨਵਾਜ਼' ਦਿੱਖ ਉਤੋਂ ਝੂਠ ਤੇ ਫਰੇਬ ਦਾ ਸਾਰਾ ਮੁਲੰਮਾ ਉਤਰ ਗਿਆ ਅਤੇ ਉਸਦਾ ਅਸਲੀ, 'ਮਲਕ ਭਾਗੋ' ਵਾਲਾ ਕਿਰਦਾਰ ਪਰਤਖ ਰੂਪ 'ਚ ਆਕੇ ਉਜਾਗਰ ਹੋ ਗਿਆ। ਇਸ ਨਾਲ ਉਸਦੇ ਰਵਾਇਤੀ ਜਨ ਆਧਾਰ ਨੂੰ ਤੇਜ਼ੀ ਨਾਲ ਖੋਰਾ ਪੈ ਤੁਰਿਆ। ਦੂਜਾ, ਭਾਰਤ ਅੰਦਰ ਲੰਮੇ ਚਿਰਾਂ ਤੋਂ ਛਾਪਲੇ ਹੋਏ, ਪਰ ਅੰਦਰੇ ਅੰਦਰ ਮਰੋੜੇ ਖਾ ਰਹੇ ਹਿੰਦੂ ਪੁਨਰਵਾਦ ਦੇ ਰੁਝਾਨ ਨੇ ਅਸੀਵਿਆਂ 'ਚ ਆ ਕੇ ਇਕ ਦਮ ਤੇਜ਼ੀ ਤੇ ਤਕੜਾਈ ਫੜ ਲਈ। ਜਦ ਹਿੰਦੂ ਫਿਰਕੂਪੁਣੇ ਦੇ ਇਸ ਮੂੰਹ-ਜ਼ੋਰ ਵਗ ਰਹੇ ਵਹਿਣ ਮੂਹਰੇ ਕਾਂਗਰਸ ਪਾਰਟੀ ਦਾ ਝੂਠੀ 'ਧਰਮ-ਨਿਰਪਖਤਾ' ਦਾ ਪੈਂਤੜਾ ਤੰਤਹੀਣ ਦਿਖਾਈ ਦੇਣ ਲਗਾ, ਤਾਂ ਇੰਦਰਾ ਗਾਂਧੀ ਨੇ ਫੁਰਤੀ ਨਾਲ ਆਪਣਾ ਕਾਂਟਾ ਬਦਲ ਲਿਆ। ਉਸਨੇ 'ਧਰਮ-ਨਿਰਪਖਤਾ' ਦੇ ਬੇਕਾਰ ਹੋ ਗੁਜ਼ਰੇ ਲਿਬਾਸ ਨੂੰ ਲਾਂਭੇ ਸੁਟਕੇ 'ਦੁਰਗਾ' ਦਾ ਨਕਾਬ ਚਾੜ੍ਹ ਲਿਆ। ਹਿੰਦੂ ਫਿਰਕੂਪੁਣੇ ਦੇ ਰੁਝਾਨ ਨੂੰ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਵਰਤਣ ਦੀ ਬਦਨੀਤ ਨਾਲ, ਉਸਨੇ, ਸਿੱਖ ਕੌਮ ਨੂੰ ਆਪਣੇ ਹਮਲੇ ਦਾ ਖਾਸ ਨਿਸ਼ਾਨਾ ਬਣਾਇਆ। ਇੰਦਰਾ ਗਾਂਧੀ ਦੇ ਇਸ ਬਦਨੀਤੇ ਤੇ ਵੈਰ-ਭਾਵੀ ਵਤੀਰੇ ਨੇ ਸਿੱਖ ਕੌਮ ਸਾਹਮਣੇ, ਆਪਣੀ ਆਨ ਤੇ ਸ਼ਾਨ ਨੂੰ ਬਰਕਰਾਰ ਰਖਣ ਦੀ ਲੜਾਈ ਦਾ ਕਾਰਜ ਲਿਆ ਖੜ੍ਹਾ ਕੀਤਾ। ਰਵਾਇਤੀ ਅਕਾਲੀ ਲੀਡਰਸ਼ਿਪ ਦੀਆਂ ਵਜੂਦ ਸਮੋਈਆਂ (inherent) ਕਮਜ਼ੋਰੀਆਂ ਤੇ ਸੀਮਾਵਾਂ ਦੇ ਸਨਮੁਖ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਕੌਮ ਦੀ ਇਸ ਇਤਿਹਾਸਕ ਲੋੜ ਦਾ ਹੋਣਹਾਰ ਹੁੰਗਾਰਾ ਬਣਕੇ ਉਭਰੇ ਅਤੇ ਉਹਨਾਂ ਨੇ ਹਿੰਦੂ ਫਿਰਕੂਪੁਣੇ ਦੇ ਬਿਫ਼ਰੇ ਹੋਏ ਦੈਂਤ ਮੂਹਰੇ ਝੁਕਣ ਜਾਂ ਛਿਪਣ ਦੀ ਬਜਾਇ, ਇਸ ਨੂੰ ਸਿਧੇ ਮਥੇ ਚੁਣੌਤੀ ਦੇਣ ਦੀਆਂ ਖਾਲਸਈ ਰਵਾਇਤਾਂ ਦਾ ਝੰਡਾ ਬੁਲੰਦ ਕਰ ਦਿਤਾ।

ਕਾਂਗਰਸੀ ਹਾਕਮਾਂ ਦੀ ਹਿੰਦੂ ਫਿਰਕਾਪ੍ਰਸਤੀ ਦੇ ਉਭਾਰ ਦੀ ਦੋ-ਧਾਰੀ ਤਲਵਾਰ ਨੂੰ ਆਪਣੀਆਂ ਸੌੜੀਆਂ ਰਾਜਸੀ ਗਰਜ਼ਾਂ ਲਈ ਵਰਤਣ ਦੀ ਖੇਡ, ਉਹਨਾਂ ਨੂੰ ਮਹਿੰਗੀ ਪੈ ਗਈ। 'ਸੰਘ ਪਰਿਵਾਰ' ਦੇ ਨਾਂ ਨਾਲ ਜਾਣੀਆਂ ਜਾਂਦੀਆਂ ਫਿਰਕੂ-ਫਾਸ਼ੀ ਤਾਕਤਾਂ ਦੇ ਹਮਲੇ ਦੀ ਮੁਖ ਧਾਰ ਮੁਸਲਿਮ ਭਾਈਚਾਰੇ ਵਲ ਸੇਧਤ ਸੀ (ਤੇ ਹੈ )। ਉਹਨਾਂ ਦੇ ਇਸ ਫਿਰਕੂ ਪੈਂਤੜੇ ਨੂੰ ਹਿੰਦੂ ਵਸੋਂ ਦੇ ਵਡੇ ਹਿਸਿਆਂ ਵਲੋਂ ਉਤਸ਼ਾਹੀ ਹੁੰਗਾਰਾ ਮਿਲਿਆ। ਕਾਂਗਰਸ ਪਾਰਟੀ ਦੀ ਮੁਸ਼ਕਿਲ ਇਹ ਸੀ ਕਿ ਉਹ ਸਿੱਖ ਕੌਮ ਪ੍ਰਤੀ ਤਾਂ ਵਧ ਚੜ੍ਹ ਕੇ ਫਿਰਕੂ ਰੁਖ ਆਪਣਾ

**ਰਵਾਇਤੀ ਅਕਾਲੀ ਲੀਡਰਸ਼ਿਪ ਦੀਆਂ ਵਜੂਦ ਸਮੋਈਆਂ (inherent) ਕਮਜ਼ੋਰੀਆਂ ਤੇ ਸੀਮਾਵਾਂ ਦੇ ਸਨਮੁਖ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਕੌਮ ਦੀ ਇਸ ਇਤਿਹਾਸਕ ਲੋੜ ਦਾ ਹੋਣਹਾਰ ਹੁੰਗਾਰਾ ਬਣਕੇ ਉਭਰੇ ਅਤੇ ਉਹਨਾਂ ਨੇ ਹਿੰਦੂ ਫਿਰਕੂਪੁਣੇ ਦੇ ਬਿਫ਼ਰੇ ਹੋਏ ਦੈਂਤ ਮੂਹਰੇ ਝੁਕਣ ਜਾਂ ਛਿਪਣ ਦੀ ਬਜਾਇ, ਇਸ ਨੂੰ ਸਿਧੇ ਮਥੇ ਚੁਣੌਤੀ ਦੇਣ ਦੀਆਂ ਖਾਲਸਈ ਰਵਾਇਤਾਂ ਦਾ ਝੰਡਾ ਬੁਲੰਦ ਕਰ**

ਰਹੀ ਸੀ। ਪ੍ਰੰਤੂ ਜਿਥੋਂ ਤਕ ਮੁਸਲਿਮ ਭਾਈਚਾਰੇ ਦਾ ਸਬੰਧ ਹੈ, ਆਪਣੇ ਰਵਾਇਤੀ ਜਨ-ਅਧਾਰ ਨੂੰ ਬਚਾਕੇ ਰਖਣ ਦੀ ਲੋੜ ਤੇ ਮਜਬੂਰੀ ਸਦਕਾ, ਉਹ, ਉਸ ਪ੍ਰਤੀ 'ਸੰਘ ਪਰਿਵਾਰ' ਜਿਨਾਂ ਵਧਵਾਂ ਫਿਰਕੂ ਰਵੱਈਆ ਅਖਤਿਆਰ ਨਹੀਂ ਸੀ ਕਰ ਸਕਦੀ। ਉਸਦੀ ਇਸ ਮੁਸ਼ਕਿਲ ਤੇ ਦੁਬਿਧਾ ਦਾ ਨਤੀਜਾ ਇਹ ਨਿਕਲਿਆ ਕਿ ਉਹ ਨਾ ਤਾਂ ਆਪਣੀ ਰਵਾਇਤੀ, 'ਧਰਮ-ਨਿਰਪਖਤਾ' ਦੀ ਪੋਜ਼ੀਸ਼ਨ 'ਤੇ ਖੜ੍ਹੇ ਰਹਿਣ ਦੀ ਭੱਲ ਬਣਾ ਸਕੀ, ਤੇ ਨਾ ਹੀ 'ਸੰਘ ਪਰਿਵਾਰ' ਕੋਲੋਂ ਫਿਰਕੂਪਣੇ ਦੀ ਗੁਰਜ ਹਥਿਆਉਣ 'ਚ ਸਫ਼ਲ ਹੋ ਸਕੀ। ਹੋਇਆ ਇਹ ਕਿ ਉਸਨੇ ਘਟ ਗਿਣਤੀ ਧਾਰਮਿਕ ਵਰਗਾਂ ਅੰਦਰ ਵੀ ਆਪਣੀ ਪੜਤ ਗੁਆ ਲਈ ਅਤੇ ਹਿੰਦੂ ਕਟੜਵਾਦੀ ਤਾਕਤਾਂ ਦੀ ਮਿਹਣੇਬਾਜ਼ੀ ਤੇ ਨਰਾਜ਼ਗੀ ਵੀ ਮੁਲ ਲੈ ਲਈ। 'ਨਾ ਖੁਦਾ ਹੀ ਮਿਲਾ ਨਾ ਵਿਸਾਲੇ ਸਨਮ' ਵਾਲੀ ਹਾਲਤ ਨੇ ਕਾਂਗਰਸ ਪਾਰਟੀ ਦੀਆਂ ਸਫ਼ਾਂ ਨੂੰ ਬੇਦਿਲੀ ਤੇ ਨਿਰਾਸ਼ਤਾ ਦੀ ਦਲਦਲ ਵਿਚ ਧਕ ਦਿਤਾ। ਉਧਰ, ਸਮਾਜਵਾਦੀ ਕੈਂਪ ਦੇ ਸਾਰੇ ਗੜ੍ਹ ਢਠ ਜਾਣ ਸਦਕਾ ਆਰਥਕ ਵਿਕਾਸ ਦਾ 'ਨਹਿਰੂਵਾਦੀ ਮਾਡਲ' ਹੋਰ ਵੀ ਘਟੇ ਕੌਡੀਆਂ ਰੁਲ ਗਿਆ। ਕਾਂਗਰਸੀ ਆਗੂਆਂ ਸਾਹਮਣੇ ਹੁਣ ਆਪਣੀ ਰਵਾਇਤੀ ਆਰਥਕ ਨੀਤੀ ਨਾਲੋਂ ਤਿਖਾ ਤੋੜ-ਵਿਛੋੜਾ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ ਰਹਿ ਗਿਆ। 'ਨਹਿਰੂਵਾਦੀ ਮਾਡਲ' ਦੀ ਮੁਰਦਾ ਦੇਹ ਨੂੰ ਚੁਪ-ਚੁਪੀਤੇ ਦਫ਼ਨ ਕਰ ਦਿਤਾ ਅਤੇ ਆਪਣੀ ਆਰਥਕ ਨੀਤੀ ਦਾ ਮੰਡੀ 'ਅਰਥਚਾਰੇ' (market economy)ਦੇ ਸਿਧਾਂਤ ਨਾਲ ਸੰਯੋਗ ਰਚਾ ਦਿਤਾ। ਰਾਜੀਵ ਗਾਂਧੀ ਵਲੋਂ ਸ਼ੁਰੂ ਕੀਤਾ ਆਰਥਕ ਉਦਾਰੀਕਰਨ(economic liberalization) ਦਾ ਪ੍ਰੋਗਰਾਮ ਮਨਮੋਹਣ ਸਿੰਘ ਦੇ ਕਾਲ ਦੌਰਾਨ ਆਪਣੇ ਮੰਤਕੀ ਨਤੀਜੇ (logical conclusion) 'ਤੇ ਪਹੁੰਚ ਗਿਆ। ਇਸ ਨਾਲ ਕਾਂਗਰਸ ਪਾਰਟੀ ਦੇ ਰਵਾਇਤੀ ਸਮਰਥਕ ਵਰਗਾਂ, ਖਾਸ ਕਰਕੇ ਮਜ਼ਲੂਮ ਤੇ ਗਰੀਬ ਤਬਕੇ ਦਾ ਬਚਿਆ ਖੁਚਿਆ ਮੋਹ ਵੀ ਭੰਗ ਹੋ ਗਿਆ ਅਤੇ ਉਹਨਾਂ ਨੇ ਕਾਂਗਰਸ ਪਾਰਟੀ ਨੂੰ ਕਰਾਰੀ ਅਲਵਿਦਾ ਕਹਿ ਦਿਤੀ। ਇਸ ਸਮੁਚੇ ਘਟਨਾ-ਕ੍ਰਮ ਨੇ ਦਹਾਕਿਆਂ ਬਧੀ ਠਾਠ ਨਾਲ ਰਾਜ ਕਰਨ ਵਾਲੀ ਇਸ ਪਾਰਟੀ ਨੂੰ ਇਕਦਮ ਪਟਕਾ ਕੇ ਹੇਠਾਂ ਲਿਆ ਸੁਟਿਆ ।

ਕਾਂਗਰਸ ਪਾਰਟੀ ਦੀ ਇਹ ਦੁਰਦਸ਼ਾ ਹਿੰਦੂ ਕਟੜਵਾਦੀ ਤਾਕਤਾਂ ਲਈ ਵਰਦਾਨ ਬਣਕੇ ਬਹੁੜੀ ਹੈ। ਉਨ੍ਹਾਂ ਦੀਆਂ ਨਜ਼ਰਾਂ ਇਸ ਰਾਜਸੀ ਖਲਾਅ ਉਤੇ ਟਿਕੀਆਂ ਸਾਫ਼ ਦੇਖੀਆਂ ਜਾ ਸਕਦੀਆਂ ਹਨ। ਕਟੜ ਬ੍ਰਾਹਮਣਵਾਦੀ ਤਾਕਤਾਂ ਦੀ ਦਿਲੀ ਮਨਸ਼ਾ, ਮੁਢ ਤੋਂ ਹੀ, ਭਾਰਤ ਨੂੰ ਇਕ 'ਹਿੰਦੂ ਰਾਸ਼ਟਰ' ਬਣਾਉਣ ਦੀ ਰਹੀ ਹੈ। ਉਹ ਦਹਾਕਿਆਂ ਤੋਂ ਇਸ ਦਿਸ਼ਾ 'ਚ ਤਿਆਰੀਆਂ ਵਿਚ ਜੁਟੀਆਂ ਹੋਈਆਂ ਹਨ। ਆਪਣੀ ਲੰਮੀ ਘਾਲਣਾ ਨਾਲ, ਉਹਨਾਂ, ਵਡੀ ਤਦਾਦ ਵਿਚ ਪ੍ਰਤੀਬਧ ਕਾਡਰ ਪੈਦਾ ਕਰਨ ਅਤੇ ਦੇਸ਼ ਵਿਆਪੀ ਗੁੰਦਵੀਂ ਜਥੇਬੰਦਕ ਤਾਕਤ ਉਸਾਰਨ ਵਿਚ ਪਹਿਲਾਂ ਹੀ ਚੋਖੀ ਸਫ਼ਲਤਾ ਹਾਸਲ ਕਰ ਲਈ ਹੋਈ ਹੈ। ਸਮਾਜਵਾਦੀ ਪਰਬੰਧ ਨੂੰ ਮਿਲੀ ਕਰਾਰੀ ਪਛਾੜ ਅਤੇ ਕਾਂਗਰਸ ਪਾਰਟੀ ਦੀਆਂ ਸਿਧਾਂਤਕ ਚੂਲਾਂ ਦੇ ਉਖੜ ਜਾਣ ਨਾਲ, ਹਿੰਦੂ ਕਟੜਵਾਦੀ ਤਾਕਤਾਂ ਦੇ ਵਧਾਰੇ ਲਈ ਬੇਹਦ ਸਾਜ਼ਗਾਰ ਭੁਇੰ ਤਿਆਰ ਹੋ ਗਈ ਹੈ। ਕਾਂਗਰਸ ਪਾਰਟੀ ਦੇ ਸੰਕਟ ਤੇ ਖਿੰਡਾਅ ਨਾਲ ਉਹਨਾਂ ਦੀਆਂ ਉਮੀਦਾਂ ਤੇ ਲਾਲਸਾਵਾਂ ਇਸ ਕਦਰ ਭੜਕ ਉਠੀਆਂ ਹਨ ਕਿ, ਉਹ, ਹੁਣ, ਇਕ ਵੀ ਦਿਨ ਜ਼ਾਇਆ ਕੀਤੇ ਬਿਨਾਂ, ਫੌਰੀ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਣ ਲਈ ਬਿਹਬਲ ਹੋ ਰਹੀਆਂ ਹਨ।

ਬ੍ਰਾਹਮਣਵਾਦੀ ਕਟੜ ਤਾਕਤਾਂ ਦਾ ਵਿਚਾਰਧਾਰਕ ਤੇ ਦਾਰਸ਼ਨਿਕ ਪੈਂਤੜਾ, ਹਿੰਦੂ ਮਤ ਨੂੰ ਹੀ ਭਾਰਤ ਦਾ ਇਕ ਮਾਤਰ ਸਵਦੇਸ਼ੀ ਤੇ ਮੌਲਿਕ ਧਰਮ ਮੰਨਣਾ, ਇਸਲਾਮ ਨੂੰ 'ਗੈਰ' ਤੇ 'ਬਦੇਸ਼ੀ' ਧਰਮ ਦਰਸਾਕੇ, ਉਸਨੂੰ ਆਪਣੇ ਹਮਲੇ ਦਾ ਮੁਖ ਚੋਟ-ਨਿਸ਼ਾਨਾ ਬਣਾਉਣਾ; ਸਿੱਖ ਧਰਮ ਸਮੇਤ ਬੁਧ ਤੇ ਜੈਨ ਮਤ ਦੀ ਸੁਤੰਤਰ ਪਛਾਣ ਨੂੰ ਨਕਾਰਕੇ, ਉਹਨਾਂ ਨੂੰ ਹਿੰਦੂ ਮਤ ਦੇ ਹੀ ਬੌਣ- ਅੰਗਾਂ ਵਜੋਂ ਪੇਸ਼ ਕਰਨਾ, ਅਤੇ ਇਉਂ,'ਹਿੰਦੂ-ਸੰਸਕ੍ਰਿਤੀ' ਦੀ ਪੁਨਰ-ਸੁਰਜੀਤੀ ਦੇ ਜ਼ਰੀਏ ਭਾਰਤ ਅੰਦਰ ਹਿੰਦੂ ਧਰਮ ਦੀ ਚੁਣੌਤੀ-ਰਹਿਤ ਮੱਨਤਾ (authority) ਤੇ ਅਜਾਰੇਦਾਰੀ ਸਥਾਪਤ ਕਰਨਾ ਹੈ।

ਬ੍ਰਾਹਮਣਵਾਦ ਦੇ ਇਸ ਵਿਚਾਰਧਾਰਕ-ਦਾਰਸ਼ਨਿਕ ਪੈਂਤੜੇ ਦੇ ਰਾਜਨੀਤਕ ਸਿਟਿਆਂ (political implications) ਨੂੰ ਸਮਝਣਾ ਤੇ ਇਨ੍ਹਾਂ ਦੀ ਗੰਭੀਰਤਾ ਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਨੰਬਰ ਇਕ : ਇਹ ਪੈਂਤੜਾ ਭਾਰਤ ਅੰਦਰ ਹਿੰਦੂ ਧਰਮ ਤੋਂ ਬਿਨਾਂ ਹੋਰ ਕਿਸੇ ਵੀ ਧਰਮ ਦੀ ਅੱਡਰੀ ਤੇ ਸੁਤੰਤਰ ਹੋਂਦ ਨੂੰ ਬਰਦਾਸ਼ਤ ਕਰਨ ਤੋਂ ਇਨਕਾਰੀ ਹੈ। ਇਸ ਮੁਤਾਬਕ ਗੈਰ-ਹਿੰਦੂ ਧਾਰਮਿਕ ਭਾਈਚਾਰਿਆਂ ਦਾ ਜਾਂ ਤਾਂ ਮੁਕੰਮਲ 'ਹਿੰਦੂਕਰਨ' ਕਰ ਦੇਣਾ ਚਾਹੀਦਾ ਹੈ ਅਤੇ ਜਾਂ ਫਿਰ ਉਨ੍ਹਾਂ ਨੂੰ ਭਾਰਤ ਤੋਂ ਬਾਹਰ ਧਕ ਦੇਣਾ

ਕਟੜ ਬ੍ਰਾਹਮਣਵਾਦੀ ਤਾਕਤਾਂ ਦੀ ਦਿਲੀ ਮਨਸ਼ਾ, ਮੁਢ ਤੋਂ ਹੀ, ਭਾਰਤ ਨੂੰ ਇਕ 'ਹਿੰਦੂ ਰਾਸ਼ਟਰ' ਬਣਾਉਣ ਦੀ ਰਹੀ ਹੈ। ਉਹ ਦਹਾਕਿਆਂ ਤੋਂ ਇਸ ਦਿਸ਼ਾ 'ਚ ਤਿਆਰੀਆਂ ਵਿਚ ਜੁਟੀਆਂ ਹੋਈਆਂ ਹਨ। ਆਪਣੀ ਲੰਮੀ ਘਾਲਣਾ ਨਾਲ, ਉਹਨਾਂ, ਵਡੀ ਤਦਾਦ ਵਿਚ ਪ੍ਰਤੀਬਧ ਕਾਡਰ ਪੈਦਾ ਕਰਨ ਅਤੇ ਦੇਸ਼ ਵਿਆਪੀ ਗੁੰਦਵੀਂ ਜਥੇਬੰਦਕ ਤਾਕਤ ਉਸਾਰਨ ਵਿਚ ਪਹਿਲਾਂ ਹੀ ਚੋਖੀ ਸਫ਼ਲਤਾ ਹਾਸਲ ਕਰ ਲਈ ਹੋਈ ਹੈ। ਸਮਾਜਵਾਦੀ ਪਰਬੰਧ ਨੂੰ ਮਿਲੀ ਕਰਾਰੀ ਪਛਾੜ ਅਤੇ ਕਾਂਗਰਸ ਪਾਰਟੀ ਦੀਆਂ ਸਿਧਾਂਤਕ ਚੂਲਾਂ ਦੇ ਉਖੜ ਜਾਣ ਨਾਲ, ਹਿੰਦੂ ਕਟੜਵਾਦੀ ਤਾਕਤਾਂ ਦੇ ਵਧਾਰੇ ਲਈ ਬੇਹਦ ਸਾਜ਼ਗਾਰ ਭੁਇੰ ਤਿਆਰ ਹੋ ਗਈ ਹੈ। ਕਾਂਗਰਸ ਪਾਰਟੀ ਦੇ ਸੰਕਟ ਤੇ ਖਿੰਡਾਅ ਨਾਲ ਉਹਨਾਂ ਦੀਆਂ ਉਮੀਦਾਂ ਤੇ ਲਾਲਸਾਵਾਂ ਇਸ ਕਦਰ ਭੜਕ ਉਠੀਆਂ ਹਨ ਕਿ, ਉਹ, ਹੁਣ, ਇਕ ਵੀ ਦਿਨ ਜ਼ਾਇਆ ਕੀਤੇ ਬਿਨਾਂ, ਫੌਰੀ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਣ ਲਈ ਬਿਹਬਲ ਹੋ ਰਹੀਆਂ ਹਨ।

ਚਾਹੀਦਾ ਹੈ। ਇਹ ਵਿਚਾਰਧਾਰਕ ਜ਼ਹਿਰ ਹੀ ਹੈ ਜੋ ਹਿੰਦੂ ਕਟੜਵਾਦੀ ਤਾਕਤਾਂ ਅੰਦਰ ਘਟਗਿਣਤੀ ਧਾਰਮਿਕ ਵਰਗਾਂ ਪ੍ਰਤੀ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਲਾਂਬੂ ਲਾਉਂਦੀ ਹੈ ਅਤੇ ਵਾਰ ਵਾਰ ਭਵਿੰਡੀ, ਜਲਗਾਉਂ, ਭਾਗਲਪੁਰ, ਮੇਰਠ, ਬੋਕਾਰੋ ਤੇ ਦਿੱਲੀ ਦੇ ਸਾਕਿਆਂ ਲਈ 'ਤੇਲ ਦੇ ਬਾਲਣ' ਮੁਹੱਈਆ ਕਰਦੀ ਹੈ। ਬਾਬਰੀ ਮਸਜਿਦ ਉਤੇ ਨਾਜ਼ਲ ਹੋਏ ਬ੍ਰਾਹਮਣਵਾਦੀ ਕਹਿਰ ਅਤੇ ਸਿੱਖ ਪੰਥ ਦੀ ਸ਼ਰਧਾ ਤੇ ਸਤਿਕਾਰ ਦੇ ਕੇਂਦਰ ਅੰਦਰ 'ਕੱਛ ਕੜਾ ਕੰਘਾ, ਕਿਰਪਾਨ-ਧੱਕ ਦਿਆਂਗੇ ਪਾਕਿਸਤਾਨ' ਵਰਗੀ ਕੋਝੇ ਤੇ ਭੜਕਾਊ ਨਾਅਰੇਬਾਜ਼ੀ 'ਚੋਂ ਹਿੰਦੂ ਫਿਰਕਾਪ੍ਰਸਤ ਤਾਕਤਾਂ ਦਾ ਅਸਲੀ ਚਰਿਤਰ ਤੇ ਦਿਲੀ ਇਰਾਦੇ ਮੂੰਹੋਂ ਬੋਲ ਉਠਦੇ ਹਨ।

ਨੰਬਰ ਦੋ : ਬ੍ਰਾਹਮਣਵਾਦ ਦਾ ਇਹ ਵਿਚਾਰਧਾਰਕ-ਦਾਰਸ਼ਨਿਕ ਪੈਂਤੜਾ ਭਾਰਤ ਅੰਦਰ ਅਡ ਅਡ ਵੰਨਗੀ ਦੇ ਸਭਿਆਚਾਰਾਂ ਦੀ ਹੋਂਦ ਤੇ ਮਹਿਕ ਬਰਦਾਸ਼ਤ ਕਰਨ ਤੋਂ ਇਨਕਾਰੀ ਹੈ। ਇਹ ਸਮੁਚੇ ਭਾਰਤ ਨੂੰ ਇਕੋ, ਬ੍ਰਾਹਮਣਵਾਦੀ ਸਭਿਆਚਾਰਕ ਰੰਗ ਵਿਚ ਢਾਲਣ ਦੀ ਫਿਰਕੂ-ਫਾਸ਼ੀ ਦਿਸ਼ਾ ਤੇ ਕਾਰਜ ਉਭਾਰਦਾ ਹੈ। 'ਹਿੰਦੀ, ਹਿੰਦੂ, ਹਿੰਦੁਸਤਾਨ' ਦੇ ਨਾਅਰੇ ਵਿਚੋਂ, ਭਾਰਤ ਦੀ ਸਮੁਚੀ ਜਨਤਾ ਉਤੇ ਇਕੋ ਧਰਮ, ਇਕੋ ਭਾਸ਼ਾ ਤੇ ਇਕੋ ਸਭਿਆਚਾਰ ਮੜਨ ਦੀ ਫਾਸ਼ੀ ਬਿਰਤੀ ਪਰਤਖ ਤੌਰ 'ਤੇ ਰੂਪਮਾਨ ਹੁੰਦੀ ਹੈ। ਬ੍ਰਾਹਮਣਵਾਦੀ ਫਿਰਕਾਪ੍ਰਸਤ ਤਾਕਤਾਂ ਨੂੰ ਜੇ ਕਦੇ ਮਜਬੂਰੀ ਵਸ ਭਾਰਤ ਦੀ ਸਭਿਆਚਾਰਕ ਵੰਨ-ਸੁਵੰਨਤਾ (cultural diversity) ਦੀ ਗੱਲ ਮੰਨਣੀ-ਕਹਿਣੀ ਪੈ ਜਾਵੇ ਤਾਂ ਇਸਨੂੰ ਉਹ, ਜੋ ਰੰਗਤ ਦਿੰਦੀਆਂ ਹਨ , ਉਸ 'ਚੋਂ ਉਹਨਾਂ ਦੀ ਫਾਸ਼ੀ ਖ਼ਸਲਤ ਹੋਰ ਵਧ ਸਿਰ ਚੜ੍ਹਕੇ ਬੋਲ ਉਠਦੀ ਹੈ। ਭਾਵੇਂ 'ਅਨੇਕਤਾ ਵਿਚ ਏਕਤਾ' ਦਾ ਦਾਰਸ਼ਨਿਕ ਸੰਕਲਪ ਵੀ ਬ੍ਰਾਹਮਣਵਾਦ ਦੇ ਖੋਰਾ-ਪਾਊ ਚਰਿਤਰ (assimilatory character) ਤੇ ਉਦੇਸ਼ ਦੀ ਕਟੜਵਾਦੀ ਤਾਕਤਾਂ ਨੂੰ ਬ੍ਰਾਹਮਣਵਾਦ ਦੇ ਗਲਬੇ ਦਾ ਇਹ ਮੋਕਲਾ ਰੂਪ ਪਰਵਾਨ ਨਹੀਂ । ਉਨ੍ਹਾਂ ਨੇ 'ਅਨੇਕਤਾ ਵਿਚ ਏਕਤਾ' ਦੇ ਸੂਤਰ (ਫਾਰਮੂਲੇਸ਼ਨ) ਨੂੰ ਸਿਰ ਪਰਨੇ ਖੜ੍ਹਾ ਕਰਕੇ, 'ਏਕਤਾ ਵਿਚ ਅਨੇਕਤਾ' (diversity in unity) ਦਾ ਸ਼ੁਧ ਫਾਸ਼ੀਵਾਦੀ ਸੰਕਲਪ ਅਗੇ ਲੈ ਆਂਦਾ ਹੈ। ਭਾਵੇਂ ਇਹਨ੍ਹਾਂ ਦੋਹਾਂ ਸੂਤਰਾਂ ਰਾਹੀਂ ਬ੍ਰਾਹਮਣਵਾਦ ਦੀ ਇਕੋ, ਖੋਰਾ-ਪਾਊ ਫਿਲਾਸਫ਼ੀ, ਹੀ ਰੂਪਮਾਨ ਹੁੰਦੀ ਹੈ। ਪਰ ਆਪਣੀ ਫਾਸ਼ੀਵਾਦੀ ਪ੍ਰਬਿਰਤੀ ਕਾਰਨ, ਫਿਰਕਾਪ੍ਰਸਤ ਤਾਕਤਾਂ ਨੂੰ ਮਗਰਲੀ ਧਾਰਨਾ ਵਧੇਰੇ ਰਾਸ ਬਹਿੰਦੀ ਹੈ।

ਬ੍ਰਾਹਮਣਵਾਦੀ ਤਾਕਤਾਂ ਦੇ ਸਿਰ ਨੂੰ ਚੜ੍ਹਿਆ ਇਹ ਅਦਵੈਤਵਾਦੀ (unitarian) ਝਲ, ਭਾਰਤ ਦੇ ਅਲਗ ਅਲਗ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਭਾਈਚਾਰਿਆਂ ਲਈ ਖਤਰੇ ਦੀ ਘੰਟੀ ਹੀ ਨਹੀਂ, ਖਤਰੇ ਦਾ ਟੱਲ ਖੜਕਾਉਂਦਾ ਹੈ। ਇਸ ਖਤਰੇ ਦੇ ਸਨਮੁਖ, ਇਹਨਾਂ ਭਾਈਚਾਰਿਆਂ ਅੰਦਰ ਆਪਣੇ ਹਿਤਾਂ ਦੀ ਸਲਾਮਤੀ ਪ੍ਰਤੀ ਡੂੰਘਾ ਸਰੋਕਾਰ (concern) ਪੈਦਾ ਹੋ ਰਿਹਾ ਹੈ। ਭਾਰਤ ਦੇ ਅਡ ਅਡ ਭਾਗਾਂ ਅੰਦਰ ਤਕੜਾਈ ਫੜ ਰਹੀਆਂ ਇਲਾਕਾਈ ਤਾਕਤਾਂ (regional forces) ਇਸ ਸਰੋਕਾਰ ਦੀਆਂ ਪ੍ਰਤੀਕ ਹਨ। ਅਡ ਅਡ ਵੰਨਗੀ ਦੀਆਂ 'ਸਭਿਆਚਾਰਕ ਫੁਲਵਾੜੀਆਂ' ਨੂੰ ਦਰੜ-ਮਸਲਕੇ, ਭਾਰਤ ਨੂੰ ਇਕੋ, ਪਧਰੇ ਬ੍ਰਾਹਮਣਵਾਦੀ ਮਾਰੂਥਲ ਵਿਚ ਤਬਦੀਲ ਕਰ ਸੁਟਣ ਵਾਲੀ ਇਸ ਫਾਸ਼ੀ ਪ੍ਰਬਿਰਤੀ ਨੂੰ, ਇਲਾਕਾਈ ਤਾਕਤਾਂ ਹਥੋਂ ਕਰਾਰੇ ਵਿਰੋਧ ਤੇ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਪਣੀ ਸਭਿਆਚਾਰਕ ਪਛਾਣ ਨੂੰ ਉਭਾਰਨ (assert) ਵਾਲੀ ਇਸ ਉਸਾਰੂ ਸੋਚ ਤੇ ਰੁਚੀ ਦੇ, ਭਵਿਖ ਅੰਦਰ, ਭਾਰਤ ਦੇ ਹੋਰ ਵਧੇਰੇ ਭਾਗਾਂ ਅੰਦਰ ਜ਼ੋਰ ਫੜ ਜਾਣ ਦੀਆਂ ਸੰਭਾਵਨਾਵਾਂ ਪੈਦਾ ਹੋ ਰਹੀਆਂ ਹਨ। ਕੋਈ ਵਡੀ ਗੱਲ ਨਹੀਂ ਜੇਕਰ ਕਲ੍ਹ ਨੂੰ ਹਰਿਆਣਾ ਤੇ ਰਾਜਸਥਾਨ ਵਰਗੇ 'ਖੁਸ਼ਕ' ਰਾਜਾਂ ਅੰਦਰ ਵੀ, ਬ੍ਰਾਹਮਣਵਾਦ ਦੀਆਂ ਸ਼ਰੀਕ ਤਾਕਤਾਂ ਆਪਣੀ ਵਖਰੀ ਸਭਿਆਚਾਰਕ ਪਛਾਣ ਦੇ ਜੈਕਾਰੇ ਗੁੰਜਾਅ ਦੇਣ। ਬ੍ਰਾਹਮਣਵਾਦੀ ਮਨਸੂਬਿਆਂ ਵਿਰੁਧ ਅਸਰਦਾਰ ਰੋਕ ਬਣ ਰਹੀਆਂ ਇਹਨਾਂ ਇਲਾਕਾਈ ਤਾਕਤਾਂ ਦੀ ਉਠਾਣ ਨੂੰ ਮਾਣ ਤੇ ਵਡਿਆਈ ਨਾਲ 'ਖੁਸ਼ ਆਮਦੀਦ' ਕਹਿਣਾ ਚਾਹੀਦਾ ਹੈ।

ਨੰਬਰ ਤਿੰਨ: ਬ੍ਰਾਹਮਣਵਾਦ ਦਾ ਇਹ ਵਿਚਾਰਧਾਰਕ- ਦਾਰਸ਼ਨਿਕ ਪੈਂਤੜਾ ਭਾਰਤ ਦੇ ਲੋਕਾਂ ਅੰਦਰ ਗੁਆਂਢੀ ਮੁਲਕਾਂ ਪ੍ਰਤੀ, ਖਾਸ ਕਰਕੇ ਪਾਕਿਸਤਾਨ ਖਿਲਾਫ਼ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਨੂੰ ਹਲਾਸ਼ੇਰੀ ਦੇਣ ਅਤੇ ਦੇਸ਼ ਭਰ ਅੰਦਰ ਸ਼ਾਵਨਵਾਦ ਦੀ ਲਹਿਰ ਉਭਾਰਕੇ, ਘਟਗਿਣਤੀਆਂ ਉਤੇ ਦਹਿਸ਼ਤ ਤੇ ਵਹਿਸ਼ਤ ਦੀ ਕਾਠੀ ਪਾਉਣ ਦੀ ਧਕੜ ਸੋਚ ਤੇ ਪ੍ਰਬਿਰਤੀ ਨੂੰ ਤੂਲ ਦਿੰਦਾ ਹੈ। ਇਥੋਂ ਤਕ ਕਿ ਭਾਰਤ ਵਲੋਂ ਪਾਕਿਸਤਾਨ ਖਿਲਾਫ਼ ਖੇਡੇ ਜਾਣ ਵਾਲੇ ਕਰਿਕਟ ਮੈਚ ਵੀ ਹਿੰਦੂ ਵਰਗ ਅੰਦਰ ਫਿਰਕੂ ਜਨੂੰਨ ਭੜਕਾਉਣ ਦੇ ਸਾਧਨ ਬਣਕੇ ਰਹਿ ਗਏ ਹਨ। ਘਟ ਗਿਣਤੀ ਧਾਰਮਿਕ ਭਾਈਚਾਰਿਆਂ ਅਤੇ ਹਿੰਦੂ ਵਰਗ ਅੰਦਰਲੀਆਂ ਜਮਹੂਰੀ ਤੇ ਇਨਸਾਫ਼ ਪਸੰਦ ਤਾਕਤਾਂ ਨੂੰ

**ਬ੍ਰਾਹਮਣਵਾਦੀ ਤਾਕਤਾਂ ਦੇ ਸਿਰ ਨੂੰ ਚੜ੍ਹਿਆ ਇਹ ਅਦਵੈਤਵਾਦੀ (unitarian) ਝਲ, ਭਾਰਤ ਦੇ ਅਲਗ ਅਲਗ ਧਾਰਮਿਕ, ਭਾਸ਼ਾਈ ਤੇ ਸਭਿਆਚਾਰਕ ਭਾਈਚਾਰਿਆਂ ਲਈ ਖਤਰੇ ਦੀ ਘੰਟੀ ਹੀ ਨਹੀਂ, ਖਤਰੇ ਦਾ ਟੱਲ ਖੜਕਾਉਂਦਾ ਹੈ। ਇਸ ਖਤਰੇ ਦੇ ਸਨਮੁਖ, ਇਹਨਾਂ ਭਾਈਚਾਰਿਆਂ ਅੰਦਰ ਆਪਣੇ ਹਿਤਾਂ ਦੀ ਸਲਾਮਤੀ ਪ੍ਰਤੀ ਡੂੰਘਾ ਸਰੋਕਾਰ (concern) ਪੈਦਾ ਹੋ ਰਿਹਾ ਹੈ।**

ਅਜਿਹੀਆਂ ਫਾਸ਼ੀਵਾਦੀ ਕਰੂਚੀਆਂ ਦਾ ਜੁਰਅਤ ਤੇ ਦ੍ਰਿੜ੍ਹਤਾ ਨਾਲ ਵਿਰੋਧ ਕਰਨਾ ਚਾਹੀਦਾ ਹੈ ਅਤੇ ਆਪਣੇ ਗੁਆਂਢੀ ਦੇਸ਼ਾਂ ਨਾਲ ਮਿਲਵਰਤਣ ਤੇ ਦੋਸਤੀ ਦਾ ਮਾਹੌਲ ਉਸਾਰਨਾ ਚਾਹੀਦਾ ਹੈ।

## 'ਮੰਡਲ' ਵਰਤਾਰਾ

ਹਿੰਦੂ ਫਿਰਕਾਪ੍ਰਸਤ ਤਾਕਤਾਂ ਵਲੋਂ ਭਾਰਤ ਅੰਦਰ ਫਾਸ਼ੀ ਰਾਜ ਕਾਇਮ ਕਰਨ ਲਈ ਸਮੁਚੇ ਹਿੰਦੂ ਸਮਾਜ ਨੂੰ ਇਕ ਜੁਟ ਕਰਨ ਦੇ ਸਿਰਤੋੜ ਯਤਨ ਹੋ ਰਹੇ ਹਨ। 'ਸੰਘ ਪਰਿਵਾਰ' ਦੀਆਂ ਅਡ ਅਡ ਟੁਕੜੀਆਂ ਇਸ ਕਾਰਜ ਵਿਚ ਸਰਗਰਮੀ ਨਾਲ ਜੁਟੀਆਂ ਹੋਈਆਂ ਹਨ। ਪਰ ਖੁਦ ਬ੍ਰਾਹਮਣਵਾਦੀ ਫ਼ਲਸਫ਼ਾ ਹੀ ਹੈ ਜਿਹੜਾ ਹਿੰਦੂ ਫਿਰਕਾਪ੍ਰਸਤ ਤਾਕਤਾਂ ਦੇ ਰਾਹਾਂ 'ਚ ਕੰਡੇ ਖਿਲਾਰ ਰਿਹਾ ਹੈ। ਜਾਤ-ਪਾਤੀ ਪਰਣਾਲੀ ਹਿੰਦੂ ਸਮਾਜ ਦਾ ਯੁਗਾਂ-ਯੁਗਾਂਤਰਾਂ ਤੋਂ ਹੀ ਸਥਾਈ ਲਛਣ ਬਣਿਆ ਤੁਰਿਆ ਆ ਰਿਹਾ ਹੈ। ਇਹ ਹਿੰਦੂ ਸਮਾਜ ਅੰਦਰ ਆਇਆ ਕੋਈ ਗੈਰ- ਸੁਭਾਵਿਕ ਵਿਗਾੜ ਨਹੀਂ ਜਿਸ ਨੂੰ ਮਾੜੇ ਮੋਟੇ ਸੁਧਾਰਾਂ ਜਾਂ ਓਹੜਾਂ-ਪੋਹੜਾਂ ਨਾਲ ਦਰੁਸਤ ਕੀਤਾ ਜਾ ਸਕੇ। ਸਮਾਜੀ ਦਰਜਾ-ਬੰਦੀ (social stratification) ਦਾ ਇਹ ਸੰਸਥਾਈ ਢਾਂਚਾ ਹਿੰਦੂ ਫ਼ਲਸਫ਼ੇ ਦੀ ਅਹਿਮ ਸਿਧਾਂਤਕ ਬੁਨਿਆਦ ਹੈ। ਕਿਸੇ ਧਾਰਮਿਕ ਫ਼ਲਸਫ਼ੇ ਵਲੋਂ ਮਨੁਖਤਾ ਵਿਚਕਾਰ ਅਜਿਹੇ ਗੈਰ-ਮਨੁਖੀ ਭੇਦ-ਭਾਵ ਤੇ ਵੰਡ-ਵਖਰੇਵੇਂ ਨੂੰ ਨਾ ਸਿਰਫ਼ ਮਾਨਤਾ ਦੇਣ, ਸਗੋਂ ਧਾਰਮਿਕ ਪਵਿਤਰਤਾ ਪਰਦਾਨ ਕਰਨ ਦੀ ਅਜਿਹੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਧਰਮ ਵਿਚ ਨਹੀ ਮਿਲਦੀ।

**ਜਾਤ-ਪਾਤੀ ਪਰਣਾਲੀ ਹਿੰਦੂ ਸਮਾਜ ਦਾ ਯੁਗਾਂ-ਯੁਗਾਂਤਰਾਂ ਤੋਂ ਹੀ ਸਥਾਈ ਲਛਣ ਬਣਿਆ ਤੁਰਿਆ ਆ ਰਿਹਾ ਹੈ। ਇਹ ਹਿੰਦੂ ਸਮਾਜ ਅੰਦਰ ਆਇਆ ਕੋਈ ਗੈਰ-ਸੁਭਾਵਿਕ ਵਿਗਾੜ ਨਹੀਂ ਜਿਸ ਨੂੰ ਮਾੜੇ ਮੋਟੇ ਸੁਧਾਰਾਂ ਜਾਂ ਓਹੜਾਂ-ਪੋਹੜਾਂ ਨਾਲ ਦਰੁਸਤ ਕੀਤਾ ਜਾ ਸਕੇ। ਸਮਾਜੀ ਦਰਜਾ-ਬੰਦੀ (social stratification) ਦਾ ਇਹ ਸੰਸਥਾਈ ਢਾਂਚਾ ਹਿੰਦੂ ਫ਼ਲਸਫ਼ੇ ਦੀ ਅਹਿਮ ਸਿਧਾਂਤਕ ਬੁਨਿਆਦ ਹੈ। ਕਿਸੇ ਧਾਰਮਿਕ ਫ਼ਲਸਫ਼ੇ ਵਲੋਂ ਮਨੁਖਤਾ ਵਿਚਕਾਰ ਅਜਿਹੇ ਗੈਰ-ਮਨੁਖੀ ਭੇਦ-ਭਾਵ ਤੇ ਵੰਡ-ਵਖਰੇਵੇਂ ਨੂੰ ਨਾ ਸਿਰਫ਼ ਮਾਨਤਾ ਦੇਣ, ਸਗੋਂ ਧਾਰਮਿਕ ਪਵਿਤਰਤਾ ਪਰਦਾਨ ਕਰਨ ਦੀ ਅਜਿਹੀ ਮਿਸਾਲ ਦੁਨੀਆਂ ਦੇ ਹੋਰ ਕਿਸੇ ਧਰਮ ਵਿਚ ਨਹੀ ਮਿਲਦੀ ।**

ਭਾਰਤੀ ਸਮਾਜ ਅੰਦਰ ਸਦੀਆਂ ਤੋਂ ਅਖੌਤੀ ਸਵਰਨਜਾਤੀਆਂ ਦੀ ਚੌਧਰ ਬਰਕਰਾਰ ਰਹੀ ਹੈ । ਵਸੋਂ ਦੇ ਹਿਸਾਬ ਨਾਲ ਨਿਗੂਣੀ ਘਟ ਗਿਣਤੀ ਹੋਣ ਦੇ ਬਾਵਜੂਦ ਇਹਨਾਂ 'ਉਚ ਜਾਤਾਂ' ਨੇ ਸਮਾਜਿਕ, ਰਾਜਨੀਤਕ ਤੇ ਪ੍ਰਸ਼ਾਸਨਿਕ ਖੇਤਰਾਂ ਅੰਦਰ ਆਪਣੀ ਮੁਕੰਮਲ ਅਜਾਰੇਦਾਰੀ ਬਣਾ ਰਖੀ ਸੀ। ਪ੍ਰੰਤੂ ਪਿਛਲੇ ਅਰਸੇ ਦੌਰਾਨ ਭਾਰਤ ਦੇ ਆਰਥਕ, ਸਮਾਜਿਕ ਤੇ ਸਭਿਆਚਾਰਕ ਖੇਤਰਾਂ ਅੰਦਰ ਵਾਪਰੀਆਂ ਅਹਿਮ ਤਬਦੀਲੀਆਂ ਨੇ ਕੁਝ ਅਜਿਹੀਆਂ ਸਮਾਜੀ ਤਾਕਤਾਂ ਤੇ ਰੁਝਾਨਾਂ ਨੂੰ ਬਲ ਤੇ ਉਤਸ਼ਾਹ ਮੁਹੱਈਆ ਕਰ ਦਿਤਾ ਹੈ ਕਿ ਸਵਰਨਜਾਤੀਆਂ ਦੀ ਚੌਧਰ ਤੇ ਅਜਾਰੇਦਾਰੀ ਨੂੰ ਹਰ ਖੇਤਰ ਅੰਦਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।

ਖੇਤੀ ਸੈਕਟਰ ਅੰਦਰ ਤਕਨੀਕ ਤੇ ਮਸ਼ੀਨੀਕਰਨ ਦੇ ਦਾਖਲੇ ਨੇ ਖੇਤੀ ਦੇ ਕਾਰੋਬਾਰ 'ਤੇ ਨਿਰਭਰ ਵਰਗਾਂ ਦੀ ਜੀਵਨ ਸ਼ੈਲੀ ਅੰਦਰ ਅਹਿਮ ਤਬਦੀਲੀ ਲੈ ਆਂਦੀ ਹੈ। ਆਰਥਕ ਦਸ਼ਾ ਸੁਧਰਨ ਕਾਰਨ ਉਨ੍ਹਾਂ ਦੇ ਜੀਵਨ ਪਧਰ ਅੰਦਰ, ਪਹਿਲਾਂ ਦੇ ਮੁਕਾਬਲੇ, ਚੋਖਾ ਸੁਧਾਰ ਆਇਆ ਹੈ। ਪਰ ਨਾਲ ਹੀ, 'ਨਵੀਂ ਖੇਤੀ' ਨਾਲ ਉਨ੍ਹਾਂ ਦੀ ਹੋਣੀ 'ਮੰਡੀ ਦੀਆਂ ਤਾਕਤਾਂ' ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਕੇ ਰਹਿ ਗਈ ਹੈ। ਆਪਣੇ ਹਿਤਾਂ ਦੀ ਰਾਖੀ ਲਈ ਲਾਮਬੰਦ ਹੋਣਾ, ਇਨ੍ਹਾਂ ਵਰਗਾਂ ਦੀ ਅਣਸਰਦੀ ਲੋੜ ਬਣ ਗਈ ਹੈ। ਇਸ ਨਾਲ ਇਨ੍ਹਾਂ ਵਰਗਾਂ ਦੀ ਰਾਜਸੀ ਸੂਝ-ਬੂਝ, ਤਾਕਤ ਤੇ ਪ੍ਰਗਤ ਅੰਦਰ ਵਡਾ ਵਾਧਾ ਹੋਇਆ ਹੈ। ਆਰਥਕ ਬਿਹਤਰੀ ਤੇ ਆਧੁਨਿਕ ਚੇਤਨਾ ਨੇ ਇਨ੍ਹਾਂ ਵਰਗਾਂ ਦੀਆਂ ਰੀਝਾਂ ਤੇ ਉਮੰਗਾਂ ਨੂੰ ਵਡਾ ਹੁਲਾਰਾ ਦਿਤਾ ਹੈ। ਇਹ ਵਰਗ, ਜ਼ਿਆਦਾ ਕਰਕੇ, 'ਪਛੜੀਆਂ' ਜਾਂ 'ਦਰਮਿਆਨੀਆਂ' (intermediatory) ਜਾਤਾਂ ਨਾਲ ਸੰਬੰਧਤ ਹਨ। ਹੁਣ ਇਹ ਸਵਰਨ-ਜਾਤੀਆਂ ਵਲੋਂ ਉਹਨਾਂ ਨੂੰ ਬਖ਼ਸ਼ੇ ਪੁਰਾਣੇ ਰੁਤਬੇ ਤੇ ਪੋਜ਼ੀਸ਼ਨ ਉਤੇ ਰੀਝਣ ਲਈ ਰਾਜ਼ੀ ਨਹੀਂ ਹਨ। ਉਨ੍ਹਾਂ ਅੰਦਰ, ਆਪਣੀ ਤਾਕਤ ਦੇ ਹਿਸਾਬ ਨਾਲ ਸੱਤਾ 'ਚੋਂ ਆਪਣਾ ਬਣਦਾ ਹਿਸਾ ਵੰਡਾਉਣ ਦੀ ਰੀਝ ਤੇ ਚੇਤਨਤਾ ਜਾਗ ਪਈ ਹੈ। 'ਮੰਡਲ ਵਰਤਾਰਾ,' ਜਿਸ ਨੇ ਭਾਰਤ ਦੀ ਰਾਜਨੀਤੀ ਦੀ ਸਮੁਚੀ ਵਿਆਕਰਨ ਹੀ ਬਦਲ ਕੇ ਰਖ ਦਿਤੀ ਹੈ, ਮੁਖ ਤੌਰ 'ਤੇ ਉਪਰ ਬਿਆਨੀਆਂ ਹਾਲਤਾਂ ਦੀ ਪੈਦਾਵਾਰ ਹੈ। ਇਸ ਵਰਤਾਰੇ ਨੇ ਬ੍ਰਾਹਮਣਵਾਦੀ ਤਾਕਤਾਂ ਦੀਆਂ ਸਮਾਜ ਨੂੰ ਇਕ ਜੁਟ ਕਰਨ ਦੀਆਂ ਮੁਰਾਦਾਂ ਉਤੇ ਗੜੇ ਮਾਰ ਕਰ ਦਿਤੀ ਹੈ। ਸਮੁਚੇ ਹਿੰਦੂ ਸਮਾਜ ਅੰਦਰ ਹਜ਼ਾਰਾਂ ਸਾਲਾਂ ਤੋਂ ਰਿਸਦਾ ਆ ਰਿਹਾ ਜਾਤ-ਪਾਤ ਦਾ ਇਹ ਨਾਸੂਰ, ਹੁਣ, ਬ੍ਰਾਹਮਣਵਾਦੀ ਤਾਕਤਾਂ ਦੇ ਜਿਗਰ ਦਾ ਕੈਂਸਰ ਹੋ ਨਿਬੜਿਆ ਹੈ।

## ਦਲਿਤਾਂ ਦੀ ਰਾਜਨੀਤਕ ਅੰਗੜਾਈ

'ਮੰਡਲ ਵਰਤਾਰੇ' ਦਾ ਹੀ ਸਗਵਾਂ (concomitant) ਇਕ ਹੋਰ ਅਹਿਮ ਦ੍ਰਿਸ਼ਟਾਂਤ, ਭਾਰਤ ਦੇ ਦਲਿਤ ਵਰਗ ਵਲੋਂ ਲਈ ਜਾ ਰਹੀ ਰਾਜਨੀਤਕ ਅੰਗੜਾਈ ਹੈ। ਲੰਮਾ ਚਿਰ ਕਾਂਗਰਸ ਪਾਰਟੀ ਦੇ 'ਵੋਟ ਬੈਂਕ' ਬਣੇ ਰਹਿਣ

ਦੀ ਖੁਨਾਮੀ ਭੋਗਣ ਤੋਂ ਬਾਅਦ, ਦਲਿਤ ਵਰਗ ਨੇ, ਪਿਛਲੇ ਕੁਝ ਅਰਸੇ ਤੋਂ ਡਾ: ਭੀਮ ਰਾਓ ਅੰਬੇਦਕਰ ਦੀਆਂ ਰਾਜਨੀਤਕ ਸਿਖਿਆਵਾਂ ਨੂੰ ਗ੍ਰਹਿਣ ਕਰਨ ਅਤੇ ਆਪਣੀ ਆਜ਼ਾਦਾਨਾ ਤਾਕਤ ਤੇ ਜਥੇਬੰਦੀ ਉਸਾਰਨ ਦੀ ਸੇਧ ਅਖਤਿਆਰ ਕੀਤੀ ਹੈ। ਯੁਗਾਂ ਦੀ ਅਧੀਨਗੀ, ਲਾਚਾਰਗੀ ਤੇ ਜ਼ਲਾਲਤ ਭੋਗਣ ਤੋਂ ਬਾਅਦ ਦਲਿਤ ਭਾਈਚਾਰੇ ਅੰਦਰ ਸਵੈਮਾਣ ਦੀ ਜੋ ਚਿਣਗ ਜਗੀ ਹੈ, ਉਹ ਬ੍ਰਾਹਮਣਵਾਦੀ ਤਾਕਤਾਂ ਨੂੰ ਖੂਬ ਜਲਵੇ ਦਿਖਾ ਰਹੀ ਹੈ।

ਮੰਡਲ ਅਤੇ ਦਲਿਤ ਉਭਾਰ ਦੇ ਇਨ੍ਹਾਂ ਉਪਰ ਬਿਆਨੇ ਵਰਤਾਰਿਆਂ ਨੇ ਸਿਰਫ਼ ਕਾਂਗਰਸ ਪਾਰਟੀ ਦੇ ਜਨ-ਆਧਾਰ ਅੰਦਰ ਹੀ ਮਘੋਰੇ ਨਹੀਂ ਖੋਲ੍ਹੇ । ਇਨ੍ਹਾਂ ਨੇ ਹਿੰਦੂ ਫਾਸ਼ੀਵਾਦੀ ਉਠਾਣ ਨੂੰ ਵੀ ਅਸਰਦਾਰ ਠਲ੍ਹ ਪਾਈ ਹੈ । ਬ੍ਰਾਹਮਣਵਾਦੀ ਤਾਕਤਾਂ ਦੀਆਂ ਸਮੁਚੇ ਹਿੰਦੂ ਸਮਾਜ ਨੂੰ ਇਕ ਜੁਟ ਕਰਨ ਦੀਆਂ ਵਿਉਂਤਾਂ, ਇਸ ਨਵੀਂ ਸਫਬੰਦੀ ਨੇ, ਮਿਟੀ 'ਚ ਰੋਲ ਕੇ ਰਖ ਦਿਤੀਆਂ ਹਨ। ਹਿੰਦੂ ਫਾਸ਼ੀਵਾਦ ਦੇ ਦੈਂਤ ਨੂੰ ਲਕੋਂ ਜੱਫਾ ਮਾਰ ਰਹੇ ਇਸ ਸੁਲੱਖਣੇ ਰੁਝਾਨ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

## ਭਾਰਤੀ ਰਾਜ ਪਤਨ ਵਲ

ਆਧੁਨਿਕ ਰਾਜ, ਆਪਣੇ ਦਿਓ-ਆਕਾਰ ਦੇ ਦਾਨਵ-ਬਿਰਤੀ ਸਦਕਾ ਮਜ਼ਲੂਮ-ਵਰਗਾਂ, ਖਾਸ ਕਰਕੇ ਘਟ-ਗਿਣਤੀਆਂ ਲਈ ਸਰਾਪ ਸਾਬਤ ਹੋਏ ਹਨ। ਖਾਸ ਕਰਕੇ ਹੰਕਾਰੀ ਰੁਚੀਆਂ ਦੇ ਮਾਲਕ ਅਜਿਹੇ ਰਾਜ, ਜਿਹੜੇ, ਕਿਸੇ ਧਾਰਮਿਕ ਵਰਗ ਦੀ ਬਹੁਗਿਣਤੀ ਦੇ ਬਲਬੂਤੇ ਖੜ੍ਹੇ ਹਨ, ਉਥੇ ਲੋਕਤੰਤਰ, ਬਹੁਗਿਣਤੀ ਧਾਰਮਿਕ ਵਰਗ ਦੇ ਹਥ' ਚ ਜ਼ੁਲਮ ਤੇ ਧਕੇਸ਼ਾਹੀ ਦਾ ਹਥਿਆਰ ਬਣਿਆ ਹੋਇਆ ਹੈ। 1947 ਤੋਂ ਲੈ ਕੇ ਹੁਣ ਤਕ ਭਾਰਤ ਅੰਦਰ ਜਮਹੂਰੀਅਤ ਦੇ ਨਾਂ ਹੇਠ ਫਿਰਕੂ ਦਾਬੇ ਤੇ ਧਕੇਸ਼ਾਹੀ ਦਾ ਅਜਿਹਾ ਹੀ ਤਾਂਡਵ ਨਾਚ ਦੇਖਣ ਨੂੰ ਮਿਲ ਰਿਹਾ ਹੈ। ਇਹ ਗੱਲ ਖੁਸ਼ੀ ਤੇ ਤਸੱਲੀ ਨਾਲ ਨੋਟ ਕਰਨ ਵਾਲੀ ਹੈ ਕਿ ਕੌਮਾਂਤਰੀ ਪਧਰ 'ਤੇ ਵਾਪਰ ਰਹੇ ਨਵੇਂ ਵਰਤਾਰਿਆਂ ਅਤੇ ਭਾਰਤ ਅੰਦਰ ਬਲ ਫੜ ਰਹੇ ਕੁਝ ਹਾਂਦਰੂ ਰੁਝਾਨਾਂ ਦੇ ਮੇਲਵੇਂ ਪਰਭਾਵ ਸਦਕਾ ਭਾਰਤੀ ਰਾਜ ਦੀ ਫ਼ਨਾਹਕਾਰੀ ਤਾਕਤ ਤੇ ਸਮਰਥਾ ਨੂੰ ਖੋਰਾ ਪੈਣ ਦਾ ਅਮਲ ਸ਼ੁਰੂ ਹੋ ਚੁਕਾ ਹੈ।

1947 ਤੋਂ ਬਾਅਦ ਭਾਰਤ ਅੰਦਰ ਆਰਥਕ ਤੇ ਰਾਜਸੀ ਤਾਕਤ ਦੇ ਕੇਂਦਰੀਕਰਨ ਦਾ ਰੁਝਾਨ ਭਾਰੂ ਰਿਹਾ ਹੈ। ਰਾਜਕੀ ਕੰਟਰੋਲ ਤੇ ਕੇਂਦਰਿਆਈ ਯੋਜਨਾਬੰਦੀ ਦੀਆਂ ਬੁਨਿਆਦਾਂ 'ਤੇ ਉਸਰਿਆ ਅਰਥਚਾਰਾ, ਕੇਂਦਰੀਕਰਨ ਦੀਆਂ ਤਾਕਤਾਂ ਨੂੰ ਠਿੱਗਰ ਆਰਥਕ ਆਧਾਰ ਮੁਹੱਈਆ ਕਰਦਾ ਸੀ । ਪ੍ਰੰਤੂ ਹੁਣ ਆਰਥਕ ਵਿਕਾਸ ਦੇ ਇਸ ਮਾਡਲ ਨੂੰ ਮਿਲੀ ਜ਼ਬਰਦਸਤ ਪਛਾੜ ਸਦਕਾ ਆਰਥਕ ਖੇਤਰ ਅੰਦਰ ਰਾਜਕੀ ਕੰਟਰੋਲ ਤੇ ਅਜਾਰੇਦਾਰੀ ਦੀ ਜਗ੍ਹਾ ਖੁਲ੍ਹੇ ਮੁਕਾਬਲੇ (free competition) ਤੇ ਉਦਾਰੀ ਕਰਨ (liberalisation) ਦੀ ਭਾਵਨਾ ਪਰਬਲ ਹੋ ਗਈ ਹੈ । ਇਸ ਨਾਲ ਕੇਂਦਰੀਕਰਨ ਦੇ ਰੁਝਾਨ ਨੂੰ ਪੁਠਾ ਮੋੜ ਪਿਆ ਹੈ ਅਤੇ ਕੇਂਦਰੀਕਰਨ ਦੀਆਂ ਤਾਕਤਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਸ਼ੁਰੂ ਹੋ ਗਈ ਹੈ। ਆਰਥਕ ਤੇ ਵਿਤੀ ਮਾਮਲਿਆਂ ਵਿਚ ਫ਼ੈਸਲੇ ਲੈਣ ਤੇ ਲਾਗੂ ਕਰਨ ਦਾ ਸਮੁਚਾ ਅਮਲ ਵਿਕੇਂਦਰਿਤ (decentralize) ਹੋ ਰਿਹਾ ਹੈ। ਵਿਕੇਂਦਰੀਕਰਨ ਦੇ ਇਸ ਰੁਝਾਨ ਨੂੰ ਹੁਣ ਪੁਠਾ ਗੇੜਾ ਦੇ ਸਕਣਾ, ਕੇਂਦਰੀਕਰਨ ਦੀਆਂ ਮੁਦਈ ਤਾਕਤਾਂ ਦੇ ਵਸ ਦਾ ਰੋਗ ਨਹੀਂ ਰਹਿ ਗਿਆ।

ਰਾਜਸੀ-ਪ੍ਰਸ਼ਾਸਨਿਕ ਖੇਤਰ ਅੰਦਰ ਕਾਂਗਰਸ ਪਾਰਟੀ ਕੇਂਦਰੀਕਰਨ ਦੀ ਮੁਖ ਟੇਕ ਬਣੀ ਰਹੀ ਹੈ। ਦੇਸ-ਪਧਰੀ ਜਥੇਬੰਦੀ ਵਿਸ਼ਾਲ ਜਨਤਕ ਆਧਾਰ ਅਤੇ ਆਜ਼ਾਦੀ ਸੰਗਰਾਮ ਦੌਰਾਨ ਕਮਾਏ ਵੱਕਾਰ (prestige) ਦੀ ਬਦੌਲਤ, ਇਹ ਪਾਰਟੀ, ਕੇਂਦਰਿਆਈ ਹੁਕਮਰਾਨਸ਼ਾਹੀ(centralized governance) ਦਾ ਕਾਰਗਰ ਸੰਦ (tool) ਸਾਬਤ ਹੋਈ। ਬਾਰ੍ਹਵੀਂ ਲੋਕ ਸਭਾ ਦੇ ਚੋਣ ਨਤੀਜੇ ਦਰਸਾਉਂਦੇ ਹਨ ਕਿ ਇਹ ਸੰਦ ਹੁਣ ਬੋਦਾ ਤੇ ਨਕਾਰਾ ਹੋ ਗਿਆ ਹੈ। ਕਾਂਗਰਸ ਪਾਰਟੀ ਅੰਦਰ ਹੁਣ ਪਹਿਲਾਂ ਵਾਲਾ ਰੋਲ ਨਿਭਾਉਣ ਦੀ ਸੱਤਿਆ ਨਹੀਂ ਰਹੀ। ਬ੍ਰਾਹਮਣਵਾਦੀ ਤਾਕਤਾਂ ਇਹ ਰੋਲ ਹੁਣ ਭਾਰਤੀ ਜਨਤਾ ਪਾਰਟੀ ਨੂੰ ਸੌਂਪਣ ਲਈ ਯਤਨਸ਼ੀਲ ਹਨ। ਮਜ਼ਬੂਤ ਕੇਂਦਰ ਤੇ ਸਥਿਰ ਸਰਕਾਰ ਲਈ ਮਜ਼ਬੂਤ ਕੇਂਦਰਿਆਈ ਪਾਰਟੀ ਦੀ ਲੋੜ ਤੇ ਅਹਿਮੀਅਤ ਉਤੇ ਜ਼ੋਰ ਦਿੰਦਿਆਂ ਹੋਇਆਂ, ਭਾਰਤੀ ਜਨਤਾ ਪਾਰਟੀ ਨੂੰ ਇਸ ਨਵੇਂ ਰੋਲ ਲਈ ਸ਼ਿੰਗਾਰਿਆ ਜਾ ਰਿਹਾ ਹੈ। ਭਾਵੇਂ ਬਾਰ੍ਹਵੀਂ ਲੋਕ ਸਭਾ ਦੀ ਬਣਤਰ ਨੇ ਬ੍ਰਾਹਮਣਵਾਦੀ ਤਾਕਤਾਂ ਦੀਆਂ ਆਸ਼ਾਵਾਂ ਉਤੇ ਠੰਡਾ ਪਾਣੀ ਛਿੜਕ ਦਿਤਾ ਹੈ ਪਰ ਇਸ ਕਸਰ ਨੂੰ ਪੂਰਿਆਂ ਕਰਨ ਲਈ ਉਨਾਂ ਸਭ ਕੁਝ ਦਾਅ 'ਤੇ ਲਾ ਰਖਿਆ ਹੈ। ਲੋਕ ਸਭਾ ਦੀਆਂ ਆਗਾਮੀ ਚੋਣਾਂ ਨੂੰ ਜ਼ਿੰਦਗੀ ਮੌਤ ਦਾ ਸੁਆਲ ਬਣਾਕੇ ਲੜਨ ਲਈ ਹੁਣੇ ਤੋਂ ਲੰਗੋਟ ਕਸਣੇ ਸ਼ੁਰੂ ਕਰ ਦਿਤੇ

ਮੰਡਲ ਅਤੇ ਦਲਿਤ ਉਭਾਰ ਦੇ ਇਨ੍ਹਾਂ ਉਪਰ ਬਿਆਨੇ ਵਰਤਾਰਿਆਂ ਨੇ ਸਿਰਫ਼ ਕਾਂਗਰਸ ਪਾਰਟੀ ਦੇ ਜਨ-ਆਧਾਰ ਅੰਦਰ ਹੀ ਮਘੋਰੇ ਨਹੀਂ ਖੋਲ੍ਹੇ । ਇਨ੍ਹਾਂ ਨੇ ਹਿੰਦੂ ਫਾਸ਼ੀਵਾਦੀ ਉਠਾਣ ਨੂੰ ਵੀ ਅਸਰਦਾਰ ਠਲ੍ਹ ਪਾਈ ਹੈ । ਬ੍ਰਾਹਮਣਵਾਦੀ ਤਾਕਤਾਂ ਦੀਆਂ ਸਮੁਚੇ ਹਿੰਦੂ ਸਮਾਜ ਨੂੰ ਇਕ ਜੁਟ ਕਰਨ ਦੀਆਂ ਵਿਉਂਤਾਂ, ਇਸ ਨਵੀਂ ਸਫਬੰਦੀ ਨੇ, ਮਿਟੀ 'ਚ ਰੋਲ ਕੇ ਰਖ ਦਿਤੀਆਂ ਹਨ। ਹਿੰਦੂ ਫਾਸ਼ੀਵਾਦ ਦੇ ਦੈਂਤ ਨੂੰ ਲਕੋਂ ਜੱਫਾ ਮਾਰ ਰਹੇ ਇਸ ਸੁਲੱਖਣੇ ਰੁਝਾਨ ਨੂੰ ਜੀ ਆਇਆਂ ਕਹਿਣਾ ਬਣਦਾ ਹੈ।

**ਕਾਂਗਰਸ ਪਾਰਟੀ ਅੰਦਰ ਹੁਣ ਪਹਿਲਾਂ ਵਾਲਾ ਰੋਲ ਨਿਭਾਉਣ ਦੀ ਸੱਤਿਆ ਨਹੀਂ ਰਹੀ। ਬ੍ਰਾਹਮਣਵਾਦੀ ਤਾਕਤਾਂ ਇਹ ਰੋਲ ਹੁਣ ਭਾਰਤੀ ਜਨਤਾ ਪਾਰਟੀ ਨੂੰ ਸੌਂਪਣ ਲਈ ਯਤਨਸ਼ੀਲ ਹਨ। ਮਜ਼ਬੂਤ ਕੇਂਦਰ ਤੇ ਸਥਿਰ ਸਰਕਾਰ ਲਈ ਮਜ਼ਬੂਤ ਕੇਂਦਰਿਆਈ ਪਾਰਟੀ ਦੀ ਲੋੜ ਤੇ ਅਹਿਮੀਅਤ ਉਤੇ ਜ਼ੋਰ ਦਿੰਦਿਆਂ ਹੋਇਆਂ, ਭਾਰਤੀ ਜਨਤਾ ਪਾਰਟੀ ਨੂੰ ਇਸ ਨਵੇਂ ਰੋਲ ਲਈ ਸ਼ਿੰਗਾਰਿਆ ਜਾ ਰਿਹਾ ਹੈ। ਭਾਵੇਂ ਬਾਰ੍ਹਵੀਂ ਲੋਕ ਸਭਾ ਦੀ ਬਣਤਰ ਨੇ ਬ੍ਰਾਹਮਣਵਾਦੀ ਤਾਕਤਾਂ ਦੀਆਂ ਆਸ਼ਾਵਾਂ ਉਤੇ ਠੰਡਾ ਪਾਣੀ ਛਿੜਕ ਦਿਤਾ ਹੈ ਪਰ ਇਸ ਕਸਰ ਨੂੰ ਪੂਰਿਆਂ ਕਰਨ ਲਈ ਉਨਾਂ ਸਭ ਕੁਝ ਦਾਅ 'ਤੇ ਲਾ ਰਖਿਆ ਹੈ।**

ਹਨ। ਉਂਜ ਭਾਰਤ ਦੇ ਰਾਜਸੀ ਚਿਤਰਪਟ ਤੇ ਉਭਰੇ ਨਵੇਂ ਰੁਝਾਨਾਂ ਦਾ ਸੰਦੇਸ਼ ਇਹ ਹੈ ਕਿ ਭਾਰਤ ਅੰਦਰ 'ਇਕ ਪਾਰਟੀ ਦੇ ਰਾਜ' ਦੇ ਦਿਨ ਤਕਰੀਬਨ ਪੁਗ ਚੁਕੇ ਹਨ। ਨਵੀਂ ਰਾਜਸੀ ਹਕੀਕਤ 'ਮਿਲਗੋਭਾ ਸਰਕਾਰਾਂ' (coalition governments) ਦੇ ਯੁਗ ਦੀਆਂ ਕੰਨਸੋਆਂ ਦੇ ਰਹੀ ਹੈ। ਜੇਕਰ ਅਜਿਹਾ ਹੋ ਜਾਂਦਾ ਹੈ ਤਾਂ ਭਾਰਤ ਦਾ ਰਾਜਸੀ-ਪ੍ਰਸ਼ਾਸਨਿਕ ਪਰਬੰਧ ਲਾਜ਼ਮੀ ਬਲ-ਹੀਣ ਹੋਣ ਵਲ ਵਧੇਗਾ। ਪਿਛਲਾ ਇਤਿਹਾਸ ਦਰਸਾਉਂਦਾ ਹੈ ਕਿ ਭਾਰਤ ਅੰਦਰ ਜਦ ਵੀ ਕੇਂਦਰੀ ਸੱਤਾ ਕਮਜ਼ੋਰ ਹੋਈ ਹੈ ਤਾਂ ਇਸਦੇ ਅਲਗ ਅਲਗ ਰਾਜਾਂ ਦੇ ਰਾਜਸੀ ਭਾਗ ਜਾਗੇ ਹਨ। ਅਰਥਾਤ ਉਨ੍ਹਾਂ ਦੇ ਖੁਦਮੁਖਤਿਆਰ ਹੋਣ ਦੇ ਸਬਬ ਪੈਦਾ ਹੋਏ ਹਨ। ਇਸ ਪਖੋਂ ਦੇਖਿਆਂ, ਰਾਜਾਂ ਦੀ ਖੁਦਮੁਖਤਿਆਰੀ ਦੀਆਂ ਮੁਦਈ ਤਾਕਤਾਂ ਨੂੰ ਇਸ ਨਵੀਂ ਰਾਜਸੀ ਹਾਲਤ ਦਾ 'ਖੂਬ, ਬਹੁਤ ਹੀ ਖੂਬ। (it is fine) ਕਹਿਕੇ ਸੁਆਗਤ ਕਰਨਾ ਚਾਹੀਦਾ ਹੈ।

## ਸਿੱਖ ਕੌਮ ਦੇ ਮਸਲੇ

ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁਕਾ ਹੈ, ਬ੍ਰਾਹਮਣਵਾਦੀ ਤਾਕਤਾਂ ਦੀ ਸਿੱਖ ਕੌਮ ਨਾਲ ਖ਼ਾਰ ਤੇ ਦੁਸ਼ਮਣੀ ਦਾ ਸਬਬ, ਸਿੱਖੀ ਦਾ ਬ੍ਰਾਹਮਣਵਾਦੀ ਵਿਚਾਰਧਾਰਾ ਨਾਲੋਂ ਬੁਨਿਆਦੀ ਸਿਧਾਂਤਕ ਵਖਰੇਵਾਂ ਤੇ ਵਿਰੋਧ ਹੈ। ਆਪਣੇ ਕੌਮੀ ਚਰਿਤਰ ਤੇ ਕੁਦਰਤੀ ਸੁਭਾਅ (elthos) ਪਖੋਂ ਖਾਲਸਾ ਪੰਥ, ਹਿੰਦੂ ਸਮਾਜ ਨਾਲੋਂ ਅਸਲੋਂ ਹੀ ਵਖਰੀ ਸ਼੍ਰੇਣੀ ਵਿਚ ਆਉਂਦਾ ਹੈ। ਇਸਦਾ ਇਤਿਹਾਸਕ ਅਨੁਭਵ ਤੇ ਯਾਦਾਂ, ਇਸਨੂੰ 'ਹਿੰਦੂ ਮੁਖ ਧਾਰਾ' ਨਾਲੋਂ ਤਿਖੇ ਰੂਪ 'ਚ ਨਖੇੜਦੀਆਂ ਹਨ। ਇਸ ਨੂੰ ਬ੍ਰਾਹਮਣਵਾਦ ਦੀ ਮੂਲ ਮਰਜ਼ ਕਹਿ ਲਵੋ ਜਾਂ ਬਦਨੀਤੀ ਕਿ, ਉਹ ਕਦੇ ਵੀ ਸਿੱਖ ਕੌਮ ਦੀ ਨਿਵੇਕਲੀ ਪਛਾਣ (distinct identity) ਇਸਦੀ ਆਜ਼ਾਦਾਨਾ ਤਬੀਅਤ ਤੇ ਇਸਦੇ ਬਾਗੀਆਨਾ ਮਿਜਾਜ਼ ਨੂੰ ਪਰਵਾਨ ਕਰਨ ਤੇ ਬਰਦਾਸ਼ਤ ਕਰਨ ਲਈ ਰਾਜ਼ੀ ਨਹੀਂ ਹੋਇਆ। ਉਸਦਾ ਸਮੁਚਾ ਭਾਵ ਸਿੱਖ ਪੰਥ ਦੀ ਨਿਰਾਲੀ ਹਸਤੀ ਨੂੰ ਨਕਾਰਨ ਤੇ ਖਤਮ ਕਰਨ 'ਤੇ ਲਗਾ ਰਿਹਾ ਹੈ। ਭਾਰਤ ਦੇ ਮੌਜੂਦਾ ਹਾਕਮਾਂ ਨਾਲ ਖਾਲਸਾ ਪੰਥ ਦੇ ਰੱਟੇ ਦਾ ਮੂਲ ਮੁਦਾ ਇਹੀ ਹੈ। ਵੇਲੇ ਦੇ ਰਾਜਨੀਤਕ ਵਹਾਅ ਅੰਦਰ, ਸਮੇਂ ਸਮੇਂ, ਅਨੇਕਾਂ ਹੋਰ ਫੌਰੀ ਮੰਗਾਂ ਤੇ ਅੰਸ਼ਕ ਮਸਲੇ (partial issues) ਉਠਦੇ ਰਹੇ ਹਨ (ਤੇ ਉਠਦੇ ਰਹਿਣਗੇ) ਇਹ ਮੰਗਾਂ ਮਸਲੇ ਉਲਝਦੇ ਸੁਲਝਦੇ ਰਹਿ ਸਕਦੇ ਹਨ ਪਰ ਭਾਰਤ ਦੇ ਬ੍ਰਾਹਮਣਵਾਦੀ ਹਾਕਮਾਂ ਨਾਲ ਖਾਲਸਾ ਪੰਥ ਦੇ 'ਝਗੜੇ' ਦਾ ਅੰਤਮ ਨਿਪਟਾਰਾ ਜਦ ਵੀ ਹੋਣਾ ਹੈ, ਇਸ ਬੁਨਿਆਦੀ ਮੁਦੇ ' ਤੇ ਹੀ ਹੋਣਾ ਹੈ। ਇਹ ਨਿਪਟਾਰਾ ਕਦੋਂ, ਕਿਸ ਬਿਧ ਅਤੇ ਕਿਸ ਰੂਪ ਵਿਚ ਹੋਵੇਗਾ, ਇਸਦਾ ਨਿਰਣਾ ਕਈ ਪਖਾਂ (factors) ਦੇ ਹਥ ਹੈ। ਸਭ ਤੋਂ ਅਹਿਮ ਪਖ, ਸਿੱਖ ਕੌਮ ਅੰਦਰ ਧਾਰਮਿਕ ਤੇ ਰਾਜਸੀ ਚੇਤਨਾ ਨਾਲ ਜੁੜੇ ਆਜ਼ਾਦੀ ਦੇ ਜਜ਼ਬੇ ਦਾ ਹੈ। ਆਜ਼ਾਦੀ ਦੀ ਇਹ ਤਾਂਘ ਤੇ ਜਜ਼ਬਾ ਉਸਦੀ ਜਦੋਜਹਿਦ ਦੀ ਅਸਰਕਾਰੀ ਤੇ ਪ੍ਰਾਪਤੀਆਂ ਨੂੰ ਨਿਰਣਾਇਕ ਰੂਪ 'ਚ ਪ੍ਰਭਾਵਤ ਕਰੇਗਾ। ਦੂਜੀ ਗੱਲ, ਵਿਰੋਧੀ ਧਿਰ (ਭਾਰਤੀ ਹਾਕਮਾਂ) ਦੀ ਇਸ ਮਸਲੇ ਪ੍ਰਤੀ ਪਹੁੰਚ ਤੇ ਰਵੱਈਏ 'ਤੇ ਵੀ ਕਾਫੀ ਕੁਝ ਮੁਨੱਸਰ ਕਰਦਾ ਹੈ। ਤੀਜਾ,ਇਹ ਗੱਲ ਵੀ ਬਹੁਤ ਅਹਿਮ ਹੈ ਕਿ ਕੌਮਾਂਤਰੀ ਘਟਨਾ-ਕ੍ਰਮ (international developments) ਕੀ ਰੁਖ ਅਖਤਿਆਰ ਕਰਦੇ ਹਨ ਅਤੇ ਸਿੱਖ ਕੌਮ ਦੀ ਹੋਣੀ ਨੂੰ ਕਿਸ ਰੁਖ ਪ੍ਰਭਾਵਤ ਕਰਦੇ ਹਨ।

ਦੁਨੀਆਂ ਭਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੌਮੀ ਆਜ਼ਾਦੀ ਦੀ ਦਾਤ ਦੁਸ਼ਮਣ ਅਗੇ ਹੱਥ ਜਾਂ ਝੋਲੀ ਅਡਿਆਂ ਨਹੀਂ ਮਿਲਦੀ। ਇਹ ਸ਼ੇਰੀਲੇ ਬੋਲਾਂ ਤੇ ਜਜ਼ਬਾਤੀ ਨਾਅਰਿਆਂ ਨਾਲ ਵੀ ਨਹੀਂ ਮਿਲਦੀ। ਜੇ ਇਹ ਖ਼ੈਰਾਤ (entreaty) ਨਹੀਂ, ਤਾਂ ਕੂਲਾ ਮੇਵਾ ਵੀ ਨਹੀਂ। ਆਜ਼ਾਦੀ ਲਈ ਕੌਮਾਂ ਨੂੰ ਲੰਮੇ ਤੇ ਕਠਨ ਸੰਘਰਸ਼ ਦੇ ਅਮਲਾਂ 'ਚੋਂ ਦੀ ਗੁਜ਼ਰਨਾ ਪੈਂਦਾ ਹੈ। ਇਹ ਵਡਮੁਲੀ ਦਾਤ ਹਾਸਲ ਕਰਨ ਲਈ ਕੌਮਾਂ ਨੂੰ ਅਕਸਰ ਤਲਵਾਰਾਂ ਦੀਆਂ ਨੋਕਾਂ ' ਤੇ ਤੁਰਨਾ ਤੇ ਸੂਈ ਦਿਆਂ ਨਕਿਆਂ 'ਚੋਂ ਦੀ ਲੰਘਣਾ ਪੈਂਦਾ ਹੈ। ਅਜਿਹੇ ਅਜ਼ਮਾਇਸ਼ੀ ਅਮਲ 'ਚੋਂ ਉਹੀ ਕੌਮ ਜੇਤੂ ਹੋ ਕੇ ਨਿਕਲ ਸਕਦੀ ਹੈ, ਜਿਹੜੀ, ਸਭ ਤੋਂ ਪਹਿਲੀ ਗੱਲ, ਆਪਣਾ ਮੂਲ ਪਛਾਣਦੀ ਹੋਵੇ, ਜਿਹੜੀ ਆਪਣੇ ਹਕਾਂ ਤੇ ਹਿਤਾਂ ਬਾਰੇ ਸੁਚੇਤ ਹੋਵੇ, ਜਿਸਨੂੰ ਆਪਣੇ ਭਲੇ ਤੇ ਬੁਰੇ ਦੀ ਅਤੇ ਦੋਸਤਾਂ ਤੇ ਦੁਸ਼ਮਣਾਂ ਦੀ ਗੂੜ੍ਹੀ ਪਛਾਣ ਹੋਵੇ, ਅਤੇ ਜਿਸਨੂੰ ਦੁਸ਼ਮਣ ਨਾਲ ਜੂਝਨ ਦੀ ਰਾਜਨੀਤਕ ਸੋਝੀ ਤੇ ਜਾਚ ਹੋਵੇ।

ਇਸ ਪਖ ਤੋਂ ਦੇਖਿਆਂ ਸਿੱਖ ਕੌਮ ਦੀ ਹਾਲਤ ਅਜੇ ਬਹੁਤੀ ਸੰਤੋਖਜਨਕ ਨਹੀਂ ਕਹੀ ਜਾ ਸਕਦੀ। ਬੇਸ਼ਕ ਪਿਛਲੇ ਅਰਸੇ ਦੌਰਾਨ ਸਿੱਖ ਪੰਥ ਦੇ ਕਾਫੀ ਹਿਸਿਆਂ, ਖਾਸ ਕਰਕੇ ਨੌਜੁਆਨਾਂ ਨੇ ਭਾਰਤੀ ਹਾਕਮਾਂ ਖਿਲਾਫ਼ ਸੰਘਰਸ਼ ਵਿਚ ਕੁਰਬਾਨੀ ਤੇ ਸੂਰਮਗਤੀ ਦੀਆਂ ਖਾਲਸਈ ਰਵਾਇਤਾਂ ਦੀ ਯਾਦ ਮੁੜ ਤਾਜ਼ਾ ਕਰ ਦਿਖਾਈ ਹੈ ਪ੍ਰਤੂ ਅਜੋਕੀ ਹਕੀਕਤ ਦੇ ਇਸ

ਮੰਦਭਾਗੇ ਪਹਿਲੂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਸਿੱਖ ਪੰਥ ਦੇ ਵਡੇ ਹਿਸੇ ਅਜੇ 'ਬਿਪਰਨ ਕੀ ਰੀਤ' ਦੇ ਮਾਰੂ ਪਰਭਾਵ ਹੇਠ ਵਿਚਰ ਰਹੇ ਹਨ। **ਸਿੱਖੀ ਦੇ ਫ਼ਲਸਫ਼ੇ ਤੇ ਮੂਲ ਸਿਧਾਤਾਂ ਬਾਰੇ ਅਗਿਆਨਤਾ ਸਿੱਖ ਕੌਮ ਦਾ ਸਭ ਤੋਂ ਵਡਾ ਦੁਰਭਾਗ ਬਣਿਆ ਹੋਇਆ ਹੈ। ਇਸ ਅਗਿਆਨਤਾ ਕਾਰਨ ਪੰਥ ਦੇ ਵਡੇ ਹਿਸੇ ਅਜੇ ਬ੍ਰਾਹਮਣਵਾਦੀ ਵਿਚਾਰਧਾਰਾ ਤੇ ਅਮਲ ਨਾਲੋਂ ਆਪਣੇ ਸਿਧਾਂਤਕ ਵਖਰੇਵਿਆਂ ਬਾਰੇ ਪੂਰੀ ਤਰ੍ਹਾਂ ਸੁਚੇਤ ਨਹੀਂ ਹਨ। ਇਸ ਸਿਧਾਂਤਕ ਕਚਿਆਈ ਦਾ ਹੀ ਨਤੀਜਾ ਹੈ ਕਿ ਉਹ ਭਾਰਤ ਦੀਆਂ ਬ੍ਰਾਹਮਣਵਾਦੀ ਤਾਕਤਾਂ ਦੇ ਚਰਿਤਰ ਤੇ ਮਨਸੂਬਿਆਂ ਬਾਰੇ ਵਡੇ ਭਰਮ-ਭੁਲੇਖਿਆਂ** (illusions) ਦੇ ਸ਼ਿਕਾਰ ਹਨ । ਪੰਥ ਦੇ ਵਿਹੜੇ ਅੰਦਰ ਫੈਲੀ ਇਹ ਸਿਧਾਂਤਕ ਅਗਿਆਨਤਾ ਤੇ ਰਾਜਸੀ ਜਹਾਲਤ ਹੀ ਹੈ, ਜਿਹੜੀ, ਵੇਲਾ ਵਿਹਾ ਚੁਕੀ ਰਵਾਇਤੀ ਅਕਾਲੀ ਲੀਡਰਸ਼ਿਪ ਨੂੰ ਮੁੜ ਮੁੜ ਕੇ ਜੀਵਨ ਤੇ ਸ਼ਕਤੀ ਪਰਦਾਨ ਕਰ ਰਹੀ ਹੈ। ਸਿੱਖ ਚੇਤਨਾ ਉਤੇ ਜੰਮੀ ਸਿਧਾਂਤਕ ਅਗਿਆਨਤਾ ਤੇ ਰਾਜਸੀ ਪਛੜੇਵੇਂ ਦੀ ਇਸ ਮੈਲ ਨੂੰ ਧੋ ਸੁਟਣਾ, ਸਿੱਖ ਕੌਮ ਸਾਹਮਣੇ ਫੌਰੀ ਤੇ ਤਰਜੀਹੀ ਕਾਰਜ ਬਣਿਆ ਹੋਇਆ ਹੈ। ਅਜਿਹਾ ਕੀਤੇ ਬਗੈਰ ਸਿੱਖ ਸੰਘਰਸ਼ ਨਾ ਤਾਂ ਸਹੀ ਦਿਸ਼ਾ ਅਖਤਿਆਰ ਕਰ ਸਕਦਾ ਹੈ, ਤੇ ਨਾ ਹੀ ਸਹੀ ਮੰਜ਼ਲ ਵਲ ਇਕ ਇੰਚ ਅਗੇ ਵਧ ਸਕਦਾ ਹੈ। ਸਿੱਖ ਕੌਮ ਅੰਦਰ ਫੈਲੇ ਇਸ ਅੰਧਕਾਰ ਨੂੰ ਦੂਰ ਕਰਨਾ ਕੋਈ ਆਸਾਨ ਕਿਰਿਆ ਨਹੀਂ। ਸਿੱਖ ਮਨਾਂ ਅੰਦਰ ਤਹਿ-ਦਰ-ਤਹਿ ਜੰਮੀ ਇਸ ਮੈਲ ਨੂੰ ਸਿਧਾਂਤਕ ਸਿਖਿਆ ਤੇ ਵਿਚਾਰਧਾਰਕ ਜਦੋਜਹਿਦ ਦੇ ਰਗੜਮਾਂਜੇ ਨਾਲ ਕੂਚ ਕੂਚ ਕੇ ਲਾਹੁਣਾ ਪੈਣਾ ਹੈ। ਰਾਜਸੀ ਜਹਾਲਤ ਵਿਰੁਧ ਚੇਤਨਾ ਦੀਆਂ ਜ਼ੋਰਦਾਰ ਮੁਹਿੰਮਾਂ ਜਥੇਬੰਦ ਕਰਨੀਆਂ ਪੈਣੀਆਂ ਹਨ। ਜੰਗਾਲੀਆਂ ਸੋਚਾਂ ਨੂੰ ਗਿਆਨ ਤੇ ਗੁਰਮਤਿ ਦੇ ਹਥਿਆਰਾਂ ਨਾਲ ਚੰਡਣਾਂ ਪੈਣਾ ਹੈ। ਇਹ ਕੁਝ ਕੀਤੇ ਬਗੈਰ ਸਿੱਖ ਕੌਮ ਦੀ ਅਜੋਕੀ ਦਸ਼ਾ ਵਿਚ ਕੋਈ ਹਾਂ-ਪਖੀ ਸੁਧਾਰ ਜਾਂ ਤਬਦੀਲੀ ਲਿਆ ਸਕਣ ਦੀ ਤਵੱਕੋਂ ਨਹੀਂ ਕੀਤੀ ਜਾ ਸਕਦੀ।

ਇਤਿਹਾਸਕ ਤਜ਼ਰਬਾ ਦਰਸਾਉਂਦਾ ਹੈ ਕਿ ਅਜਿਹੇ ਬਿਖੜੇ ਮੌਕਿਆਂ ਉਤੇ ਕੌਮਾਂ ਦੀਆਂ ਨਿਗਾਹਾਂ ਅਕਸਰ ਆਪਣੇ ਬੁਧੀਜੀਵੀ ਵਰਗ ਉਤੇ ਹੀ ਟਿਕਦੀਆਂ ਹਨ। ਇਸ ਵਰਗ ਵਿਚ, ਮੁਖ ਤੌਰ 'ਤੇ, ਕਾਲਜਾਂ-ਯੂਨੀਵਰਸਿਟੀਆਂ ਦੇ ਅਧਿਆਪਕ, ਵਿਦਵਾਨ, ਜੱਜ, ਵਕੀਲ, ਪਤਰਕਾਰ, ਇੰਜਨੀਅਰ, ਡਾਕਟਰ, ਲਿਖਾਰੀ ਤੇ ਹੋਰ ਪੜ੍ਹੇ-ਗੁੜ੍ਹੇ ਵਿਅਕਤੀ ਸ਼ੁਮਾਰ ਕੀਤੇ ਜਾ ਸਕਦੇ ਹਨ। ਇਹ ਪੜ੍ਹਿਆ-ਲਿਖਿਆ ਵਰਗ ਹੀ ਹੈ ਜਿਸ ਕੋਲ ਬੀਤੇ ਦਾ ਗਿਆਨ ਵਰਤਮਾਨ ਦੀ ਸੋਝੀ ਤੇ ਭਵਿਖ ਦੀ ਕਲਪਨਾ ਹੁੰਦੀ ਹੈ। ਪਰ ਇਸ ਨੂੰ ਸਿੱਖ ਕੌਮ ਦਾ ਵਡਾ ਦੁਰਭਾਗ ਜਾਂ ਦੁਖਾਂਤ ਹੀ ਕਿਹਾ ਜਾ ਸਕਦਾ ਹੈ ਕਿ ਅਜੋਕਾ ਸਿੱਖ ਬੁਧੀਜੀਵੀ ਵਰਗ ਸਮੇਂ ਦੀ ਇਸ ਮੰਗ ਤੇ ਲੋੜ ਉਤੇ ਪੂਰਾ ਨਹੀਂ ਉਤਰ ਸਕਿਆ।

ਪਿਛਲੀ (19ਵੀਂ) ਸਦੀ ਦੇ ਅੰਤ ਵਿਚ ਜਦ ਪੰਥ ਦੀ ਪਛਾਣ ਤੇ ਹੋਂਦ ਨੂੰ ਮਾਰੂ ਖਤਰਾ ਖੜ੍ਹਾ ਹੋਇਆ ਸੀ ਤਾਂ ਸਿੱਖ ਵਿਦਵਾਨਾਂ (scholars ) ਤੇ ਬੁਧੀਜੀਵੀਆਂ (intellectuals) ਨੇ ਸੰਕਟ ਦੀ ਉਸ ਘੜੀ ਮੌਕੇ ਧਾਰਮਿਕ, ਅਕਾਦਮਿਕ, ਸਮਾਜਕ, ਸਭਿਆਚਾਰਕ ਤੇ ਰਾਜਸੀ ਖੇਤਰ ਅੰਦਰ ਬਹੁਤ ਹੀ ਸ਼ਾਨਦਾਰ ਤੇ ਵਡਮੁਲਾ ਯੋਗਦਾਨ ਪਾਇਆ ਸੀ। ਉਹਨਾਂ ਬ੍ਰਾਹਮਣਵਾਦ ਵਿਰੁਧ ਵਿਚਾਰਧਾਰਕ ਜਦੋ-ਜਹਿਦ ਅੰਦਰ ਜੋ ਲਿਆਕਤ ਤੇ ਧੜੱਲਾ ਦਿਖਾਇਆ, ਉਸ 'ਤੇ ਕੌਮ ਸਹਿਜੇ ਹੀ ਫ਼ਖਰ ਕਰ ਸਕਦੀ ਹੈ। ਉਹਨਾਂ ਬ੍ਰਾਹਮਣਵਾਦ ਤੇ ਗੁਰਮਤਿ ਵਿਚਾਰਧਾਰਾ ਵਿਚਕਾਰ ਧੁੰਦਲੀਆਂ ਪੈ ਚੁਕੀਆਂ ਨਖੇੜੇ ਦੀਆਂ ਲਕੀਰਾਂ ਨੂੰ ਮੁੜ ਉਘਾੜਿਆ ਅਤੇ ਬਿਪਰ ਸੰਸਕਾਰ ਦੇ ਦੂਰ ਪ੍ਰਭਾਵ ਹੇਠ ਆਪਣੀ ਪਛਾਣ ਗੁਆ ਰਹੀ ਸਿੱਖੀ ਦੇ ਨਿਵੇਕਲੇ ਤਤ ਤੇ ਸਰੂਪ ਨੂੰ ਮੁੜ ਸਥਾਪਤ ਕੀਤਾ। ਆਮ ਸਿੱਖ ਜਨਤਾ ਨੂੰ ਬਿਪਰ-ਸੰਸਕਾਰ ਦੇ ਮਾਰੂ ਅਸਰਾਂ ਤੇ ਖਤਰਿਆਂ ਪ੍ਰਤੀ ਜਾਗਰੂਕ ਕਰਨ ਲਈ ਉਹਨਾਂ ਅਨੇਕਾਂ ਹੀ ਸੁਚੱਜੀਆਂ ਸਿਖਾਊ (educative)ਮੁਹਿੰਮਾਂ ਜਥੇਬੰਦ ਕੀਤੀਆਂ। ਇਉਂ, ਸਿੱਖੀ ਵਿਰੁਧ ਸੇਧੇ ਬ੍ਰਾਹਮਣਵਾਦੀ ਆਰੀਆ ਸਮਾਜੀ ਹੱਲੇ ਦਾ ਸਫ਼ਲਤਾ ਪੂਰਬਕ ਮੂੰਹ ਮੋੜ ਦਿਤਾ ਗਿਆ।

## ਸਿੱਖ ਦਾਨਿਸ਼ਵਰਾਂ ਦਾ ਰੋਲ

ਇਸਦੀ ਤੁਲਨਾ ਵਿਚ, ਸਿੱਖੀ ਨੂੰ ਦਰਪੇਸ਼ ਅਜੋਕੇ ਸੰਕਟ ਮੌਕੇ ਸਿੱਖ ਬੁਧੀਜੀਵੀ ਵਰਗ, ਕੁਲ ਮਿਲਾਕੇ, ਨਾ ਸਿਰਫ਼ ਹਾਂ-ਪਖੀ ਭੂਮਿਕਾ ਨਿਭਾਉਣ 'ਚ ਅਸਮਰਥ ਰਿਹਾ ਹੈ, ਸਗੋਂ ਇਸਦੇ ਕੁਝ ਹਿਸਿਆਂ ਦਾ ਰੋਲ ਬਹੁਤ ਹੀ ਦੋਸ਼ਪੂਰਨ ਹੋ ਨਿਬੜਿਆ ਹੈ। ਕਿਥੇ ਇਸ ਵਰਗ ਨੇ ਗੁਰਮਤਿ ਵਿਚਾਰਧਾਰਾ ਦੇ ਪਰਚੰਡ ਹਥਿਆਰ ਨਾਲ ਬ੍ਰਾਹਮਣਵਾਦ ਨੂੰ ਨਿਢਾਲ ਕਰਨਾ ਸੀ, ਪ੍ਰੰਤੂ ਕਿਥੇ ਇਸਦੇ ਕੁਝ ਹਿਸੇ ਗੁਰਮਤਿ ਵਿਚਾਰਧਾਰਾ ਖਿਲਾਫ਼ ਬ੍ਰਾਹਮਣਵਾਦ ਦੀਆਂ ਰਾਖਵੀਆਂ ਟੁਕੜੀਆਂ (reserve forces) ਦਾ

**ਦੁਨੀਆਂ ਭਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕੌਮੀ ਆਜ਼ਾਦੀ ਦੀ ਦਾਤ ਦੁਸ਼ਮਣ ਅਗੇ ਹੱਥ ਜਾਂ ਝੋਲੀ ਅਡਿਆਂ ਨਹੀਂ ਮਿਲਦੀ। ਇਹ ਸ਼ੋਰੀਲੇ ਬੋਲਾਂ ਤੇ ਜਜ਼ਬਾਤੀ ਨਾਅਰਿਆਂ ਨਾਲ ਵੀ ਨਹੀਂ ਮਿਲਦੀ। ਜੇ ਇਹ ਖ਼ੈਰਾਤ (entreaty) ਨਹੀਂ, ਤਾਂ ਕੂਲਾ ਮੇਵਾ ਵੀ ਨਹੀਂ। ਆਜ਼ਾਦੀ ਲਈ ਕੌਮਾਂ ਨੂੰ ਲੰਮੇ ਤੇ ਕਠਨ ਸੰਘਰਸ਼ ਦੇ ਅਮਲਾਂ 'ਚੋਂ ਦੀ ਗੁਜ਼ਰਨਾ ਪੈਂਦਾ ਹੈ। ਇਹ ਵਡਮੁਲੀ ਦਾਤ ਹਾਸਲ ਕਰਨ ਲਈ ਕੌਮਾਂ ਨੂੰ ਅਕਸਰ ਤਲਵਾਰਾਂ ਦੀਆਂ ਨੋਕਾਂ ' ਤੇ ਤੁਰਨਾ ਤੇ ਸੂਈ ਦਿਆਂ ਨਕਿਆਂ 'ਚੋਂ ਦੀ ਲੰਘਣਾ ਪੈਂਦਾ ਹੈ। ਅਜਿਹੇ ਅਜ਼ਮਾਇਸ਼ੀ ਅਮਲ 'ਚੋਂ ਉਹੀ ਕੌਮ ਜੇਤੂ ਹੋ ਕੇ ਨਿਕਲ ਸਕਦੀ ਹੈ, ਜਿਹੜੀ, ਸਭ ਤੋਂ ਪਹਿਲੀ ਗੱਲ, ਆਪਣਾ ਮੂਲ ਪਛਾਣਦੀ ਹੋਵੇ, ਜਿਹੜੀ ਆਪਣੇ ਹਕਾਂ ਤੇ ਹਿਤਾਂ ਬਾਰੇ ਸੁਚੇਤ ਹੋਵੇ, ਜਿਸਨੂੰ ਆਪਣੇ ਭਲੇ ਤੇ ਬੁਰੇ ਦੀ ਅਤੇ ਦੋਸਤਾਂ ਤੇ ਦੁਸ਼ਮਣਾਂ ਦੀ ਗੂੜ੍ਹੀ ਪਛਾਣ ਹੋਵੇ, ਅਤੇ ਜਿਸਨੂੰ ਦੁਸ਼ਮਣ ਨਾਲ ਜੂਝਣ ਦੀ ਰਾਜਨੀਤਕ ਸੋਝੀ ਤੇ ਜਾਚ ਹੋਵੇ।**

> ਇਸਦੀ ਤੁਲਨਾ ਵਿਚ, ਸਿੱਖੀ ਨੂੰ ਦਰਪੇਸ਼ ਅਜੋਕੇ ਸੰਕਟ ਮੌਕੇ ਸਿੱਖ ਬੁਧੀਜੀਵੀ ਵਰਗ, ਕੁਲ ਮਿਲਾਕੇ, ਨਾ ਸਿਰਫ਼ ਹਾਂ-ਪਖੀ ਭੂਮਿਕਾ ਨਿਭਾਉਣ 'ਚ ਅਸਮਰਥ ਰਿਹਾ ਹੈ, ਸਗੋਂ ਇਸਦੇ ਕੁਝ ਹਿਸਿਆਂ ਦਾ ਰੋਲ ਬਹੁਤ ਹੀ ਦੋਸ਼ਪੂਰਨ ਹੋ ਨਿਬੜਿਆ ਹੈ। ਕਿਥੇ ਇਸ ਵਰਗ ਨੇ ਗੁਰਮਤਿ ਵਿਚਾਰਧਾਰਾ ਦੇ ਪਰਚੰਡ ਹਥਿਆਰ ਨਾਲ ਬ੍ਰਾਹਮਣਵਾਦ ਨੂੰ ਨਿਢਾਲ ਕਰਨਾ ਸੀ, ਪ੍ਰੰਤੂ ਕਿਥੇ ਇਸਦੇ ਕੁਝ ਹਿਸੇ ਗੁਰਮਤਿ ਵਿਚਾਰਧਾਰਾ ਖਿਲਾਫ਼ ਬ੍ਰਾਹਮਣਵਾਦ ਦੀਆਂ ਰਾਖਵੀਆਂ ਟੁਕੜੀਆਂ (reserve forces) ਦਾ ਰੋਲ ਨਿਭਾਉਦੇਂ ਬੌਧਿਕ ਵਿਭਚਾਰ ਦੇ ਭਾਗੀ ਤੇ ਆਦੀ ਹੋ ਨਿਬੜੇ।

ਰੋਲ ਨਿਭਾਉਦੇਂ ਬੌਧਿਕ ਵਿਭਚਾਰ ਦੇ ਭਾਗੀ ਤੇ ਆਦੀ ਹੋ ਨਿਬੜੇ। ਕਿਥੇ ਇਸ ਵਰਗ ਨੇ ਸਿੱਖ ਸਮਾਜ ਨੂੰ ਉਪਭੋਗਵਾਦੀ ਪਦਾਰਥਵਾਦੀ ਸਭਿਆਚਾਰ ਦੇ ਮਾਰੂ ਪਰਭਾਵਾਂ ਤੋਂ ਆਗਾਹ ਕਰਕੇ ਗੁਰਮਤਿ ਵਲੋਂ ਨਿਸ਼ਚਤ ਸਦਾਚਾਰਕ ਤੇ ਨੈਤਿਕ ਪ੍ਰਬੰਧ ਉਤੇ ਕਰੜਾ ਪਹਿਰਾ ਦੇਣਾ ਸੀ, ਪ੍ਰੰਤੂ ਕਿਥੇ ਇਸਦੇ ਵਡੇ ਹਿਸੇ ਖੁਦ ਉਪਭੋਗਵਾਦੀ ਸੋਚ ਤੇ ਰੁਚੀਆਂ ਦੇ ਗੁਲਾਮ ਬਣ ਬੈਠੇ। ਚੁਫੇਰੇ ਪਸਰੇ ਨਿਘਾਰਮਈ ਸਭਿਆਚਾਰ ਦਾ ਅਸਰ ਏਨਾ ਵਿਆਪਕ ਹੋ ਗੁਜ਼ਰਿਆ ਹੈ ਕਿ ਸਿੱਖ ਬੁਧੀਜੀਵੀ ਵਰਗ ਦੇ ਤਕੜੇ ਹਿਸੇ ਇਸ ਚਿਕੜ ਵਿਚ ਗਲ ਗਲ ਡੁਬੇ ਦਿਖਾਈ ਦੇ ਰਹੇ ਹਨ। ਆਪਣੇ ਸ਼ਖ਼ਸੀ ਜੀਵਨ ਤੇ ਸਮਾਜੀ ਆਚਰਨ ਵਿਚ ਉਹਨਾਂ ਨੇ ਗੁਰਬਾਣੀ ਦੇ ਸਦਾਚਾਰਕ ਤੇ ਨੈਤਿਕ ਪ੍ਰਬੰਧ ਨੂੰ ਲਗਭਗ ਤਿਲਾਂਜਲੀ ਦੇ ਰਖੀ ਹੋਈ ਹੈ। ਉਨ੍ਹਾਂ ਦਾ ਗੁਰਬਾਣੀ ਨਾਲ ਲਗਾਉ ਦਿਖਾਵੇ ਮਾਤਰ ਹੀ ਰਹਿ ਗਿਆ ਹੈ। ਸਿੱਖ ਸਦਾਚਾਰ ਤੇ ਸਿੱਖੀ ਜੀਵਨ ਜਾਚ ਦੀਆਂ ਗੱਲਾਂ ਹੋਰਾਂ ਨੂੰ ਨਸੀਹਤ ਦੇਣ ਤਕ ਸੀਮਤ ਹੋ ਕੇ ਰਹਿ ਗਈਆਂ ਹਨ। ਅਹੁਦਿਆਂ, ਪਦਵੀਆਂ, ਰੁਤਬਿਆਂ ਤੇ ਸਨਮਾਨਾਂ ਦੀ ਭੁਖ ਨੇ ਕੋਝਾ ਰੂਪ ਅਖਤਿਆਰ ਕਰ ਲਿਆ ਹੈ। ਖੁਸ਼ਾਮਦ ਕਰਨੀ ਤੇ ਕਰਵਾਉਣੀ, ਬੌਧਿਕ ਮਹਾਂਰਥੀਆਂ ਦੇ ਜੀਵਨ ਦਾ ਭਾਰੂ ਲਛਣ ਬਣਿਆ ਹੋਇਆ ਹੈ। ਦਿਆਨਤਦਾਰੀ, ਨਿਸ਼ਕਾਮ ਸੇਵਾ ਤੇ ਕੁਰਬਾਨੀ ਦੀ ਜਗ੍ਹਾ ਬੇਈਮਾਨੀ, ਬੁਜ਼ਦਿਲੀ ਤੇ ਦਬੂਪੁਣੇ (meakness) ਨੇ ਲੈ ਲਈ ਹੈ। ਨਿਜ ਲਈ ਹਥਿਆਉਣ (self-promotion) ਤੇ ਨਿਜ ਨੂੰ ਚਮਕਾਉਣ (self- glorification) ਦੀ ਮਰਜ਼ ਨੇ ਵਬਾ ਦਾ ਰੂਪ ਅਖਤਿਆਰ ਕਰ ਲਿਆ ਹੈ। ਤਤ ਰੂਪ 'ਚ, ਜੇਕਰ ਇਹ ਕਹਿ ਲਿਆ ਜਾਵੇ ਕਿ ਗੁਰੂ ਨਾਨਕ ਅਮਲ ਦੀ ਨਿਰਮਲ ਨੁਹਾਰ ਨੂੰ ਵਿਗਾੜਨ ਵਿਚ ਸਭ ਤੋਂ ਵਧ ਹਿਸਾ ਸਿੱਖ ਬੁਧੀਜੀਵੀ ਵਰਗ ਨੇ ਪਾਇਆ ਹੈ, ਤਾਂ ਇਹ, ਇਸ ਵਰਗ ਨਾਲ ਕੋਈ ਵਧੀਕੀ ਨਹੀਂ ਹੋਵੇਗੀ।

ਇਸ ਨੂੰ ਸਿੱਖ ਬੁਧੀਜੀਵੀ ਵਰਗ ਵਿਰੁਧ ਸਾਡੀ ਕਿਸੇ ਭਾਵਨਾਤਮਿਕ ਔਖ ਦਾ ਪ੍ਰਗਟਾਵਾ ਨਹੀਂ ਸਮਝਣਾ ਚਾਹੀਦਾ। ਨਾ ਇਹ ਸਤਰਾਂ ਅਸੀਂ ਇਸ ਵਰਗ ਨੂੰ ਭੰਡਣ ਦੇ ਸ਼ੌਕ ਵਜੋਂ ਲਿਖ ਰਹੇ ਹਾਂ। ਇਹ ਖਰਵੇ ਬੋਲ ਬੋਲਣ ਲੱਗਿਆ ਸਾਨੂੰ ਦੁਖ ਹੋ ਰਿਹਾ ਹੈ। ਪਰ ਫੋੜਾ ਜਦ ਵਧਕੇ ਨਾਸੂਰ ਬਣ ਜਾਵੇ ਤਾਂ ਉਸ ਵਿਚ ਨਸ਼ਤਰ ਫੇਰਨਾ ਅਣਸਰਦੀ ਲੋੜ ਬਣ ਜਾਂਦੀ ਹੈ। ਜੇਕਰ ਸਿੱਖ ਬੁਧੀਜੀਵੀ ਵਰਗ ਦੇ ਇਹ ਔਗਣ ਤੇ ਦੋਸ਼ ਸਿੱਖ ਕੌਮ ਦੀ ਹੋਣੀ ਨੂੰ ਗਹਿਰੀ ਤਰ੍ਹਾਂ ਪ੍ਰਭਾਵਤ ਨਾ ਕਰ ਰਹੇ ਹੁੰਦੇ, ਤਾਂ ਇਨ੍ਹਾਂ ਨੂੰ ਸਹਿਜੇ ਹੀ ਨਜ਼ਰ-ਅੰਦਾਜ਼ ਕੀਤਾ ਜਾ ਸਕਦਾ ਸੀ। ਪਰ ਜਿਥੇ ਕੌਮ ਦੀ ਹੋਣੀ ਦਾ ਸੁਆਲ ਆ ਜਾਵੇ, ਉਥੇ ਕਿਸੇ ਛੋਟ ਜਾਂ ਰਿਆਇਤ ਲਈ ਕੋਈ ਜਗ੍ਹਾ ਨਹੀਂ ਰਹਿ ਜਾਂਦੀ। ਅਜਿਹੀ ਛੋਟ ਸਗੋਂ ਉਲਟਾ ਗੁਨਾਹ ਬਣ ਜਾਂਦੀ ਹੈ। ਸਿੱਖ ਬੌਧਿਕ ਭਾਈਚਾਰੇ ਅੰਦਰਲੇ ਕੁਝ ਹਿਸਿਆਂ ਵਿਰੁਧ ਬੋਲੇ ਇਨ੍ਹਾਂ ਕੁਰੱਖਤ ਬੋਲਾਂ ਨੂੰ ਇਸੇ ਸੰਦਰਭ ਤੇ ਭਾਵਨਾ 'ਚ ਹੀ ਲਿਆ ਜਾਣਾ ਚਾਹੀਦਾ ਹੈ। ਜਿੰਨਾਂ ਚਿਰ ਸਿੱਖ ਪੰਥ ਦੀ ਦੇਹ ਨੂੰ ਘੁਣ ਵਾਂਗ ਖਾ ਰਹੇ ਇਸ ਦੀਰਘ ਰੋਗ ਦਾ ਅਸਰਦਾਰ ਉਪਾਅ ਨਹੀਂ ਕੀਤਾ ਜਾਂਦਾ, ਉਨਾਂ ਚਿਰ ਸਿੱਖ ਕੌਮ ਆਪਣੇ ਸੰਕਟ ਤੇ ਮੁਸ਼ਕਿਲਾਂ ਦੀ ਲਾਹਨਤ ਤੋਂ ਸੁਰਖ਼ਰੂ ਨਹੀਂ ਹੋ ਸਕਦੀ। ਅਜਿਹੀ ਹਾਲਤ ਦੇ ਸਨਮੁਖ ਸਿੱਖ ਬੌਧਿਕ ਭਾਈਚਾਰੇ ਅੰਦਰਲੇ ਸੁਹਿਰਦ ਹਿਸਿਆਂ ਸਿਰ ਇਹ ਜ਼ੁੰਮੇਵਾਰੀ ਆਇਦ ਹੁੰਦੀ ਹੈ ਕਿ ਉਹ ਕੌਮ ਨੂੰ ਉਸਾਰੂ ਸੇਧ ਦੇਣ ਲਈ ਜੁਰਅਤ ਤੇ ਧੜੱਲੇ ਨਾਲ ਅਗੇ ਆਉਣ ਅਤੇ 'ਬਿਪਰਨ ਕੀ ਰੀਤ' ਦੇ ਮੂੰਹ-ਜ਼ੋਰ ਵਗ ਰਹੇ ਵਹਿਣ ਦਾ ਮੂੰਹ ਮੋੜਨ ਲਈ ਵਿਚਾਰਧਾਰਕ ਜਦੋਜਹਿਦ ਦਾ ਮੈਦਾਨ ਭਖਾਅ ਦੇਣ। ਸਿੱਖ ਬੁਧੀਜੀਵੀ ਵਰਗ ਦੇ ਉਹਨਾਂ ਹਿਸਿਆਂ, ਜਿਹੜੇ ਸਿਧਾਂਤਕ ਅਗਿਆਨਤਾ ਜਾਂ ਨੈਤਿਕ ਨਿਰਬਲਤਾ ਕਾਰਨ ਬਿਪਰ-ਸੰਸਕਾਰ ਦੇ ਅਸਰ ਹੇਠ ਆਏ ਹੋਏ ਹਨ, ਨੂੰ ਸਾਡੀ ਇਹ ਨਿਮਰ ਬੇਨਤੀ ਹੈ ਕਿ, ਉਹ, 'ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ' ਦੀ ਗੁਰ-ਸਿਖਿਆ ਕੋਲੋਂ ਪ੍ਰੇਰਨਾ ਲੈਂਦੇ ਹੋਏ ਆਪਾ-ਸੁਧਾਰ (self-reformation) ਦੇ ਰਾਹ ਪੈਣ ਦਾ ਨੈਤਿਕ ਹੌਸਲਾ ਫੜਨ ਅਤੇ ਅਕਾਲ ਪੁਰਖ ਵਲੋਂ ਬਖ਼ਸ਼ੀ ਬੌਧਿਕ ਸਮਰਥਾ ਦੀ ਦਾਤ ਨੂੰ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਸੰਘਰਸ਼ ਦੇ ਲੇਖੇ ਲਾਉਣ ਦਾ ਸੁਭਾਗ ਤੇ ਖੁਸ਼ੀਆਂ ਹਾਸਲ ਕਰਨ ।

## ਸਿੱਖ ਰਾਜਨੀਤੀ ਦੀ ਮਾਰਗ ਦਿਸ਼ਾ ਸਬੰਧੀ ਵਿਚਾਰਨ ਯੋਗ ਕੁਝ ਨੁਕਤੇ

ਸਿੱਖ ਰਾਜਨੀਤੀ ਦੀ ਮਾਰਗ-ਦਿਸ਼ਾ ਸਬੰਧੀ ਚਰਚਾ ਕਰਨ ਤੋਂ ਪਹਿਲਾਂ ਇਹ ਗੱਲ ਬਹੁਤ ਜ਼ਰੂਰੀ ਹੈ ਕਿ ਅਸੀਂ ਸਿੱਖ ਨਿਸ਼ਾਨੇ ਪ੍ਰਤੀ ਹੋਰ ਸਪਸ਼ਟ ਹੋਈਏ।

ਸਿੱਖ ਪੰਥ ਦਾ ਰਾਜਸੀ ਨਿਸ਼ਾਨਾ ਕੀ ਹੋਵੇ, ਇਸ ਅਤਿ ਮਹਤਵਪੂਰਨ ਮੁਦੇ ਬਾਰੇ ਕਿਸੇ

ਭੁਲੇਖੇ ਦੀ ਕੋਈ ਗੁੰਜਾਇਸ਼ ਨਹੀਂ। ਸਿੱਖ ਵਿਚਾਰਧਾਰਾ ਅਤੇ ਸਿੱਖ ਹਸਤੀ ਦੇ ਮੁਕੰਮਲ ਖੇੜੇ ਤੇ ਵਿਗਾਸ ਲਈ ਖਾਲਸਾ ਪੰਥ ਨੂੰ ਆਜ਼ਾਦ ਫਿਜ਼ਾ ਸੁਭਾਵਕ ਹੀ ਲੋੜੀਂਦੀ ਹੈ। ਜਦੋਂ ਜਵਾਹਰ ਲਾਲ ਨਹਿਰੂ ਸਿੱਖ ਪੰਥ ਨਾਲ ਆਜ਼ਾਦ ਫਿਜ਼ਾ ਪ੍ਰਦਾਨ ਕਰਨ ਦਾ ਵਾਅਦਾ ਕਰ ਰਿਹਾ ਸੀ ਤਾਂ ਉਸ ਸਮੇਂ ਉਹ ਸਾਡੇ ਸਿਧਾਂਤ ਦੀ ਪੁਸ਼ਟੀ ਹੀ ਕਰ ਰਿਹਾ ਸੀ। ਨਹਿਰੂ ਇਹ ਇਕਰਾਰ ਕਰਨ ਸਮੇਂ ਸਿਖਾਂ ਦੀ ਨਿਵੇਕਲੀ ਹਸਤੀ ਦੇ ਤਥ ਨੂੰ ਹਕੀਕੀ ਰੂਪ ਵਿਚ ਮਹਿਸੂਸ ਵੀ ਕਰ ਰਿਹਾ ਸੀ। ਜਦੋਂ ਸਿੱਖਾਂ ਨੇ ਆਪਣੀ ਤਕਦੀਰ ਨੂੰ ਭਾਰਤ ਨਾਲ ਜੋੜਿਆ ਅਤੇ ਰਾਜਨੀਤਕ ਸੱਤਾ ਉਤੇ ਖੁਦ ਨਹਿਰੂ ਬਿਰਾਜਮਾਨ ਹੋਇਆ ਤਾਂ ਭਾਰਤੀ ਹਾਕਮ ਮੌਜ ਨਾਲ ਹੀ ਆਪਣੇ ਵਾਅਦੇ ਤੋਂ ਮੁਕਰ ਗਏ। ਪੰਜਾਬੀ ਸੂਬੇ ਦੀ ਬਣਤਰ ਦੇ ਸਵਾਲ ਉਤੇ ਪਾਰਲੀਮੈਂਟ ਵਿਚ ਬੋਲਦਿਆਂ ਸ. ਕਪੂਰ ਸਿੰਘ ਨੇ ਭਾਰਤੀ ਹਾਕਮਾਂ ਦੇ ਇਸ ਰਵੱਈਏ ਨੂੰ 'ਸਿੱਖਾਂ ਨਾਲ ਵਿਸ਼ਵਾਸਘਾਤ' ਕਰਾਰ ਦਿਤਾ। ਇਸ ਲਈ ਦੇਸ਼ ਦੀ ਵੰਡ ਪਿਛੋਂ ਭਾਰਤੀ ਸਟੇਟ ਨੇ ਸਿੱਖਾਂ ਦੇ ਮਨ ਮੰਦਰ ਵਿਚ ਆਪਣੇ ਨਿਸ਼ਾਨੇ ਪ੍ਰਤੀ ਗੂੜ੍ਹੀ, ਉਕਰੀ ਉਮੰਗ ਨੂੰ ਅਸੂਲੀ ਤੌਰ ਤੇ ਮਾਨਤਾ ਦੇਣ ਦੀ ਖੁਲ੍ਹਦਿਲੀ ਨਹੀਂ ਦਿਖਾਈ। ਅਮਲ ਵਿਚ ਜੋ ਕੁਝ ਉਨ੍ਹਾਂ ਨੇ ਕੀਤਾ, ਉਹ ਸਭ ਦੇ ਸਾਹਮਣੇ ਹੈ। ਇਹੋ ਕਾਰਨ ਸੀ ਕਿ ਜਨਵਰੀ 1986 ਵਿਚ ਖਾਲਸੇ ਦੀ ਇਹ ਜਮਾਂਦਰੂ ਰੀਝ ਖਾਲਿਸਤਾਨ ਦੀ ਮੰਗ ਦੇ ਰੂਪ ਵਿਚ ਇਤਿਹਾਸ ਅੰਦਰ ਪ੍ਰਵੇਸ਼ ਕਰ ਗਈ। ਉਸ ਤੋਂ ਬਾਅਦ ਦੇ ਖੂਨੀ ਦਹਾਕੇ ਦੌਰਾਨ ਵੀ ਭਾਰਤੀ ਹਾਕਮਾਂ ਨੇ ਆਪਣੇ ਰਵੱਈਏ ਤੇ ਅਮਲ ਵਿਚ ਕੋਝੀ ਤੰਗ ਨਜ਼ਰੀ ਦਾ ਜੋ ਪ੍ਰਗਟਾਵਾ ਕੀਤਾ, ਉਹ ਇਸ ਨਿਸ਼ਾਨੇ ਦੀ ਸਾਰਥਕਤਾ ਦੀ ਪੁਸ਼ਟੀ ਹੀ ਕਰਦਾ ਹੈ। ਭਾਰਤ ਸਟੇਟ ਦੇ ਰਵੱਈਏ ਨੂੰ ਵੇਖਦਿਆਂ ਬੁਨਿਆਦੀ ਹਾਲਤ ਅਜ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ, ਹਾਲਾਂਕਿ ਭਾਰਤੀ ਵਿਵਸਥਾ ਉਤੇ ਕਾਬਜ਼ ਪਾਰਟੀ ਦੀ ਅਦਲਾ ਬਦਲੀ ਕਈ ਵਾਰ ਸਥਿਤੀ ਵਿਚ ਵਾਸਤਵਿਕ ਤਬਦੀਲੀ ਦਾ ਭੁਲੇਖਾ ਪਾਉਂਦੀ ਹੈ ਪਰ ਇਹ ਭੁਲੇਖਾ ਹੀ ਹੈ ਅਤੇ ਸਿੱਖਾਂ ਦੇ ਪ੍ਰਸੰਗ ਵਿਚ ਤਾਂ ਇਹ ਗੱਲ ਹੋਰ ਵੀ ਸਪਸ਼ਟ ਹੈ।

ਉਪਰੋਕਤ ਹਾਲਾਤ ਦੀ ਰੋਸ਼ਨੀ ਵਿਚ ਨਿਸ਼ਾਨੇ ਉਤੇ ਕਾਇਮ ਰਹਿਣਾ ਸਾਡੀ ਇਤਿਹਾਸਕ ਜ਼ਿੰਮੇਵਾਰੀ ਹੈ-ਇਕ ਅਜਿਹੀ ਜ਼ਿੰਮੇਵਾਰੀ ਜਿਸ ਵਿਚ ਸਾਡਾ ਧਰਮ ਤੇ ਸਾਡਾ ਗੌਰਵਮਈ ਵਿਰਸਾ ਸਾਨੂੰ ਇਸ ਅਹਿਦ (covenent) ਦਾ ਪਾਬੰਦ ਬਣਾਉਂਦਾ ਹੈ। ਪਰ ਇਸ ਹਕੀਕਤ ਤੋਂ ਅਖਾਂ ਮੀਟਣੀਆਂ ਵੀ ਰਾਜਸੀ ਸਿਆਣਪ ਨਹੀਂ ਹੈ ਕਿ ਅਜ ਸੰਦਰਭ (context) ਅਤੇ ਹਾਲਾਤ ਬਦਲ ਚੁਕੇ ਹਨ। ਸੰਦਰਭ ਦੀ ਚਰਚਾ ਕਰਦਿਆਂ ਸਾਡਾ ਮਕਸਦ ਇਥੇ ਪੇਚਵੀਂ ਸ਼ਬਦਾਵਲੀ ਰਾਹੀਂ ਨਿਸ਼ਾਨੇ ਨੂੰ ਧੁੰਦਲਾਉਣਾ (dilute) ਨਹੀਂ ਸਗੋਂ ਸੰਦਰਭ ਦੀ ਮਹਤਤਾ ਨੂੰ ਪਹਿਚਾਨਣਾ ਅਤੇ ਇਸ ਅਹਿਸਾਸ ਨੂੰ ਸਿੱਖ ਹਸਤੀ ਤੇ ਸਿੱਖ ਲਹਿਰ ਦਾ ਅਖੰਡ (integrated) ਹਿਸਾ ਬਣਾਉਣ ਦੀ ਲੋੜ ਉਤੇ ਬਲ ਦੇਣਾ ਹੈ। ਦੂਜੇ ਲਫਜ਼ਾਂ ਵਿਚ ਨਿਸ਼ਾਨੇ ਤੇ ਸੰਦਰਭ (context) ਵਿਚ ਇਕ ਜਿਉਂਦਾ ਜਾਗਦਾ ਰਿਸ਼ਤਾ (living contact) ਸਥਾਪਿਤ ਕਰਨਾ ਹੈ। ਇਥੇ ਇਹ ਨੁਕਤਾ ਧਿਆਨ ਗੋਚਰੇ ਲਿਆਉਣਾ ਇਸ ਲਈ ਜ਼ਰੂਰੀ ਬਣ ਗਿਆ ਹੈ ਕਿਉਂਕਿ ਬੀਤੇ ਦੇ ਹੰਢਾਏ ਤਜ਼ਰਬੇ ਤੋਂ ਅਸਾਂ ਇਹ ਅਨੁਭਵ ਕੀਤਾ ਹੈ ਕਿ ਸੰਦਰਭ ਤੇ ਨਿਸ਼ਾਨੇ ਦਾ ਅੰਤਰ ਨਿਖਾਰ ਕੇ ਸਾਹਮਣੇ ਨਹੀਂ ਲਿਆਂਦਾ ਜਾ ਸਕਿਆ। ਪਰ ਸੰਦਰਭ ਨੂੰ ਮੰਜ਼ਿਲ ਦਾ ਨਿਸ਼ਾਨਾ ਸਮਝਣ ਦੇ ਭੁਲੇਖੇ ਤੋਂ ਵੀ ਮੁਕਤ ਹੋਣਾ ਚਾਹੀਦਾ ਹੈ। ਸੰਦਰਭ ਤਾਂ ਨਿਸ਼ਾਨੇ ਵਲ ਜਾਣ ਦਾ ਇਕ ਸਾਧਨ ਹੈ - ਅਤਿ ਮਹਤਵਪੂਰਨ ਸਾਧਨ। ਇਹ ਦੋਵੇਂ ਇਕ ਦੂਜੇ ਦੇ ਪੂਰਕ ਵੀ ਹਨ ਅਤੇ ਇਕ ਦੂਜੇ ਨੂੰ ਖੁਰਾਕ ਵੀ ਦਿੰਦੇ ਹਨ।

ਇਸ ਪਰਤਖ ਨੂੰ ਕਿਸੇ ਪਰਿਮਾਣ ਦੀ ਲੋੜ ਨਹੀਂ ਕਿ ਸਿੱਖ ਰਾਜਨੀਤੀ, ਪਿਛਲੇ ਲੰਮੇ

**ਇਹੋ ਕਾਰਨ ਸੀ ਕਿ ਜਨਵਰੀ 1986 ਵਿਚ ਖਾਲਸੇ ਦੀ ਇਹ ਜਮਾਂਦਰੂ ਰੀਝ ਖਾਲਿਸਤਾਨ ਦੀ ਮੰਗ ਦੇ ਰੂਪ ਵਿਚ ਇਤਿਹਾਸ ਅੰਦਰ ਪ੍ਰਵੇਸ਼ ਕਰ ਗਈ। ਉਸ ਤੋਂ ਬਾਅਦ ਦੇ ਖੂਨੀ ਦਹਾਕੇ ਦੌਰਾਨ ਵੀ ਭਾਰਤੀ ਹਾਕਮਾਂ ਨੇ ਆਪਣੇ ਰਵੱਈਏ ਤੇ ਅਮਲ ਵਿਚ ਕੋਝੀ ਤੰਗ ਨਜ਼ਰੀ ਦਾ ਜੋ ਪ੍ਰਗਟਾਵਾ ਕੀਤਾ, ਉਹ ਇਸ ਨਿਸ਼ਾਨੇ ਦੀ ਸਾਰਥਕਤਾ ਦੀ ਪੁਸ਼ਟੀ ਹੀ ਕਰਦਾ ਹੈ। ਭਾਰਤ ਸਟੇਟ ਦੇ ਰਵੱਈਏ ਨੂੰ ਵੇਖਦਿਆਂ ਬੁਨਿਆਦੀ ਹਾਲਤ ਅਜ ਵੀ ਜਿਉਂ ਦੀ ਤਿਉਂ ਬਣੀ ਹੋਈ ਹੈ, ਹਾਲਾਂਕਿ ਭਾਰਤੀ ਵਿਵਸਥਾ ਉਤੇ ਕਾਬਜ਼ ਪਾਰਟੀ ਦੀ ਅਦਲਾ ਬਦਲੀ ਕਈ ਵਾਰ ਸਥਿਤੀ ਵਿਚ ਵਾਸਤਵਿਕ ਤਬਦੀਲੀ ਦਾ ਭੁਲੇਖਾ ਪਾਉਂਦੀ ਹੈ ਪਰ ਇਹ ਭੁਲੇਖਾ ਹੀ ਹੈ ਅਤੇ ਸਿੱਖਾਂ ਦੇ ਪ੍ਰਸੰਗ ਵਿਚ ਤਾਂ ਇਹ ਗੱਲ ਹੋਰ ਵੀ ਸਪਸ਼ਟ ਹੈ।**

ਜ਼ਿੰਮੇਵਾਰੀ ਜਿਸ ਵਿਚ ਸਾਡਾ ਧਰਮ ਤੇ ਸਾਡਾ ਗੌਰਵਮਈ ਵਿਰਸਾ ਸਾਨੂੰ ਇਸ ਅਹਿਦ (covenent) ਦਾ ਪਾਬੰਦ ਬਣਾਉਂਦਾ ਹੈ । ਪਰ ਇਸ ਹਕੀਕਤ ਤੋਂ ਅਖਾਂ ਮੀਟਣੀਆਂ ਵੀ ਰਾਜਸੀ ਸਿਆਣਪ ਨਹੀਂ ਹੈ ਕਿ ਅਜ ਸੰਦਰਭ (context) ਅਤੇ ਹਾਲਾਤ ਬਦਲ ਚੁਕੇ ਹਨ। ਸੰਦਰਭ ਦੀ ਚਰਚਾ ਕਰਦਿਆਂ ਸਾਡਾ ਮਕਸਦ ਇਥੇ ਪੇਚਵੀਂ ਸ਼ਬਦਾਵਲੀ ਰਾਹੀਂ ਨਿਸ਼ਾਨੇ ਨੂੰ ਧੁੰਦਲਾਉਣਾ (dilute) ਨਹੀਂ ਸਗੋਂ ਸੰਦਰਭ ਦੀ ਮਹਤਤਾ ਨੂੰ ਪਹਿਚਾਨਣਾ ਅਤੇ ਇਸ ਅਹਿਸਾਸ ਨੂੰ ਸਿੱਖ ਹਸਤੀ ਤੇ ਸਿੱਖ ਲਹਿਰ ਦਾ ਅਖੰਡ (integrated) ਹਿਸਾ ਬਣਾਉਣ ਦੀ ਲੋੜ ਉਤੇ ਬਲ ਦੇਣਾ ਹੈ। ਦੂਜੇ ਲਫਜ਼ਾਂ ਵਿਚ ਨਿਸ਼ਾਨੇ ਤੇ ਸੰਦਰਭ (context) ਵਿਚ ਇਕ ਜਿਉਂਦਾ ਜਾਗਦਾ ਰਿਸ਼ਤਾ (living contact) ਸਥਾਪਿਤ ਕਰਨਾ ਹੈ। ਇਥੇ ਇਹ ਨੁਕਤਾ ਧਿਆਨ ਗੋਚਰੇ ਲਿਆਉਣਾ ਇਸ ਲਈ ਜ਼ਰੂਰੀ ਬਣ ਗਿਆ ਹੈ ਕਿਉਂਕਿ ਬੀਤੇ ਦੇ ਹੰਢਾਏ ਤਜ਼ਰਬੇ ਤੋਂ ਅਸਾਂ ਇਹ ਅਨੁਭਵ ਕੀਤਾ ਹੈ ਕਿ ਸੰਦਰਭ ਤੇ ਨਿਸ਼ਾਨੇ ਦਾ ਅੰਤਰ ਨਿਖਾਰ ਕੇ ਸਾਹਮਣੇ ਨਹੀਂ ਲਿਆਂਦਾ ਜਾ ਸਕਿਆ। ਪਰ ਸੰਦਰਭ ਨੂੰ ਮੰਜ਼ਿਲ ਦਾ ਨਿਸ਼ਾਨਾ ਸਮਝਣ ਦੇ ਭੁਲੇਖੇ ਤੋਂ ਵੀ ਮੁਕਤ ਹੋਣਾ ਚਾਹੀਦਾ ਹੈ। ਸੰਦਰਭ ਤਾਂ ਨਿਸ਼ਾਨੇ ਵਲ ਜਾਣ ਦਾ ਇਕ ਸਾਧਨ ਹੈ - ਅਤਿ ਮਹਤਵਪੂਰਨ ਸਾਧਨ। ਇਹ ਦੋਵੇਂ ਇਕ ਦੂਜੇ ਦੇ ਪੂਰਕ ਵੀ ਹਨ ਅਤੇ ਇਕ ਦੂਜੇ ਨੂੰ ਖੁਰਾਕ ਵੀ ਦਿੰਦੇ ਹਨ ।

**ਇਸ ਪਰਤਖ ਨੂੰ ਕਿਸੇ ਪਰਿਮਾਣ ਦੀ ਲੋੜ ਨਹੀਂ ਕਿ ਸਿੱਖ ਰਾਜਨੀਤੀ, ਪਿਛਲੇ ਲੰਮੇ ਅਰਸੇ ਤੋਂ, ਸਿਧਾਂਤਕ ਥਿੜਕਣਾਂ, ਰਾਜਨੀਤਕ ਕੁਰਾਹਿਆਂ ਅਤੇ ਅਮਲੀ ਨਾਦਾਨੀਆਂ ਦੀ ਦਲਦਲ ਵਿਚ ਫਸੀ ਹੋਈ ਹੈ। ਅਜਿਹਾ ਘਟ ਹੀ ਹੋਇਆ ਹੈ ਕਿ ਸਿੱਖ ਦਾਨਿਸ਼ਵਰਾਂ ਨੇ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਦੀ ਰਾਖੀ ਜਾਂ ਪੂਰਤੀ ਲਈ, ਭਰਵੀਂ ਸੋਚ ਵਿਚਾਰ ਰਾਹੀਂ, ਲੰਮੇ ਸਮੇਂ ਦੀ ਯੁਧਨੀਤਕ ਮਾਰਗ-ਸੇਧ (strategic orientation) ਘੜਨ ਦੇ ਕਾਰਜ ਨੂੰ ਪੂਰੀ ਗੰਭੀਰਤਾ ਨਾਲ ਲਿਆ ਜਾਂ ਨਜਿਠਿਆ ਹੋਵੇ।**

ਅਰਸੇ ਤੋਂ, ਸਿਧਾਂਤਕ ਥਿੜਕਣਾਂ, ਰਾਜਨੀਤਕ ਕੁਰਾਹਿਆਂ ਅਤੇ ਅਮਲੀ ਨਾਦਾਨੀਆਂ ਦੀ ਦਲਦਲ ਵਿਚ ਫਸੀ ਹੋਈ ਹੈ। ਅਜਿਹਾ ਘਟ ਹੀ ਹੋਇਆ ਹੈ ਕਿ ਸਿੱਖ ਦਾਨਿਸ਼ਵਰਾਂ ਨੇ ਸਿੱਖ ਕੌਮ ਦੇ ਬੁਨਿਆਦੀ ਹਿਤਾਂ ਦੀ ਰਾਖੀ ਜਾਂ ਪੂਰਤੀ ਲਈ, ਭਰਵੀਂ ਸੋਚ ਵਿਚਾਰ ਰਾਹੀਂ, ਲੰਮੇ ਸਮੇਂ ਦੀ ਯੁਧਨੀਤਕ ਮਾਰਗ-ਸੇਧ (strategic orientation) ਘੜਨ ਦੇ ਕਾਰਜ ਨੂੰ ਪੂਰੀ ਗੰਭੀਰਤਾ ਨਾਲ ਲਿਆ ਜਾਂ ਨਜਿਠਿਆ ਹੋਵੇ। ਸਿੱਖ ਕੌਮ ਬਾਰੇ ਇਹ ਨਾਂਹ-ਪਖੀ ਧਾਰਨਾ ਪ੍ਰਚਲਤ ਹੈ ਕਿ ਉਹ ਸੋਚਦੀ ਘਟ ਤੇ ਰੱਦੇ-ਅਮਲ (react) ਵਧ ਕਰਦੀ ਹੈ। ਇਸ ਧਾਰਨਾ ਨੂੰ ਪੂਰੀ ਤਰ੍ਹਾਂ ਗਲਤ ਨਹੀ ਠਹਿਰਾਇਆ ਜਾ ਸਕਦਾ। ਪਿਛਲੇ ਲੰਮੇ ਸਮੇਂ ਤੋਂ ਸਿੱਖ ਰਾਜਨੀਤੀ ਵਾਰ ਵਾਰ ਦੋ ਉਲਟ ਸਿਰਿਆਂ (extremes) ਵਲ ਉਲਰਦੀ-ਪਲਟਦੀ ਆਈ ਹੈ। ਜਾਂ ਤਾਂ ਪੰਥ ਦੇ ਬੁਨਿਆਦੀ ਮਸਲਿਆਂ ਦੇ ਦੂਰਗਸ ਹਿਤਾਂ ਨੂੰ ਮਨੋਂ ਵਿਸਾਰਕੇ, ਸਿੱਖ ਰਾਜਨੀਤੀ ਦਾ ਮੁਹਾਣ ਵੇਲੇ ਦੇ ਨਿਗੂਣੇ ਰਾਜਸੀ ਲਾਭਾਂ ਤੇ ਅੰਸ਼ਿਕ ਲਾਹਿਆਂ ਵਲ ਭੁੰਆਂ ਦਿਤਾ ਜਾਂਦਾ ਹੈ ਜਾਂ ਫਿਰ ਕਿਸੇ ਭੜਕਾਹਟ ਜਾਂ ਭਾਵਨਾਤਮਿਕ ਅਖ ਵਿਚੋਂ ਦਿਸ਼ਾਹੀਣ ਨਾਅਰਿਆਂ ਤੇ ਬੇਵਿਉਂਤੇ ਅਮਲਾਂ ਵਲ ਉਲਰ ਜਾਈਦਾ ਹੈ। ਸਿਖ ਕੌਮ ਲੰਮੇ ਚਿਰ ਤੋਂ ਇਨ੍ਹਾਂ ਦੋਹਾਂ ਕਿਸਮ ਦੇ ਉਲਟ-ਪਖੀ ਕੁਰਾਹਿਆਂ ਦਾ ਸੰਤਾਪ ਭੋਗਦੀ ਆ ਰਹੀ ਹੈ। ਇਹ ਦੋਵੇਂ ਕੁਰਾਹੇ ਇਕ ਦੂਜੇ ਦੇ ਵਿਰੋਧੀ ਹੁੰਦੇ ਹੋਏ ਵੀ ਇਕ ਦੂਜੇ ਦੇ ਪੂਰਕ (complement) ਹੋ ਨਿਬੜਦੇ ਹਨ। ਮਿਸਾਲ ਵਜੋਂ ਰਵਾਇਤੀ ਅਕਾਲੀ ਲੀਡਰਸ਼ਿਪ ਦੀ ਕੌਮ-ਵੇਚੂ ਸਿਆਸਤ ਤੇ ਗੋਡੇ-ਟੇਕੂ ਰੁਚੀਆਂ ਨੇ ਅਜਿਹਾ ਮਨੋਵਿਗਿਆਨਕ ਮਾਹੌਲ ਤੇ ਅਧਾਰ ਸਿਰਜ ਦਿਤਾ, ਜਿਸ ਨਾਲ ਖਾੜਕੂ ਸੰਘਰਸ਼ ਦੇ ਤਿਖੀ ਸੁਰ ਵਾਲੇ ਨਾਅਰਿਆਂ ਤੇ ਚਕਵੇਂ ਅਮਲਾਂ ਨੂੰ ਪੰਥ ਅੰਦਰੋਂ ਕਬੂਲਵਾਂ ਹੁੰਗਾਰਾ ਮਿਲਣ ਲਗਾ। ਕੁਝ ਸਮੇਂ ਬਾਅਦ ਇਹੀ ਤਰਕ ਸਿਰ ਪਰਨੇ ਖੜ੍ਹਾ ਹੋ ਗਿਆ। ਅਰਥਾਤ ਖਾੜਕੂ ਸੰਘਰਸ਼ ਦੀ ਬੇਸਮਝ ਪੈਂਤੜੇਬਾਜ਼ੀ ਤੇ ਗਲਤ ਅਮਲਾਂ ਨੇ ਮੁੜ ਰਵਾਇਤੀ ਅਕਾਲੀ ਰਾਜਨੀਤੀ ਦੀ ਪੁਨਰ-ਸੁਰਜੀਤੀ (revival) ਲਈ ਸਾਜ਼ਗਾਰ ਭੋਇੰ ਤਿਆਰ ਕਰ ਦਿਤੀ। ਸਿੱਖ ਰਾਜਨੀਤੀ ਦੀ ਕਦੇ ਇਸ ਸਿਰੇ ਤੇ ਕਦੇ ਉਸ ਸਿਰੇ ਭਟਕਣ ਦੀ ਇਹ ਖੇਡ ਖਤਮ ਹੋਣੀ ਚਾਹੀਦੀ ਹੈ। ਬਥੇਰਾ ਹੋ ਗਿਆ ਹੈ। ਸਿੱਖ ਕੌਮ ਨੂੰ ਹੁਣ ਇਸ ਸਰਾਪ ਤੋਂ ਮੁਕਤ ਕੀਤਾ ਜਾਣਾ ਚਾਹੀਦਾ ਹੈ। ਇਸ ਮਕਸਦ ਵਾਸਤੇ ਸਮੁਚੇ ਪੰਥਕ-ਹਿਤੈਸ਼ੀ ਬੁਧੀਜੀਵੀ ਭਾਈਚਾਰੇ ਨੂੰ ਸਿਰ ਜੋੜ ਕੇ ਬਹਿਣਾ ਚਾਹੀਦਾ ਹੈ। ਸਿੱਖ ਪੰਥ ਦੇ ਬੁਨਿਆਦੀ ਹਿਤਾਂ ਨੂੰ ਮੁਖ ਰਖਦੇ ਹੋਏ ਸਿੱਖ ਰਾਜਨੀਤੀ ਦੀ ਅਜਿਹੀ ਮਾਰਗ-ਦਿਸ਼ਾ ਨਿਰਧਾਰਤ ਕਰਨੀ ਚਾਹੀਦੀ ਹੈ, ਜਿਸ ਨਾਲ, ਸਿੱਖ ਸੰਘਰਸ਼ ਪੂਰਾ ਬਲ ਤੇ ਵੇਗ ਫੜਦਾ ਹੋਇਆ ਸਹੀ ਦਿਸ਼ਾ ਵਿਚ ਅਗੇ ਵਧ ਸਕੇ। ਇਸ ਕਾਰਜ ਲਈ ਦਾਨਿਸ਼ਵਰ ਵਰਗ ਨੂੰ ਗੰਭੀਰ ਅਧਿਅਨ ਤੇ ਡੂੰਘੀ ਸੋਚ ਵਿਚਾਰ ਦੇ ਅਮਲ 'ਚ ਜੁਟਣਾ ਪੈਣਾ ਹੈ। 'ਕਿਛੁ ਸੁਣੀਐ ਕਿਛੁ ਕਹੀਐ' ਦੀ ਭਾਵਨਾ ਅਧੀਨ ਆਪਸੀ ਬਹਿਸ ਤੇ ਵਿਚਾਰ-ਵਟਾਂਦਰੇ ਦੇ ਅਮਲ ਨੂੰ ਉਤਸ਼ਾਹਤ ਕਰਨਾ ਪੈਣਾ ਹੈ। ਵਿਚਾਰਾਂ ਦੇ ਇਸ ਮੰਥਨ (churning) ਰਾਹੀਂ ਹੀ ਠੀਕ ਤੇ ਗਲਤ ਦਾ ਨਿਤਾਰਾ ਹੋ ਸਕੇਗਾ ਅਤੇ ਸਿੱਖ ਸੰਘਰਸ਼ ਦੀ ਸਹੀ ਦਿਸ਼ਾ ਨਿਰਧਾਰਤ ਹੋ ਸਕੇਗੀ। ਇਥੇ ਅਸੀਂ ਆਪਣੀ ਤੁਛ ਬੁਧੀ ਤੇ ਨਿਮਾਣੇ ਅਨੁਭਵ (experience) ਦੇ ਆਧਾਰ ਤੇ ਪੰਥ ਸਾਹਮਣੇ ਕੁਝ ਮਹਤਵਪੂਰਨ ਨੁਕਤੇ ਰਖ ਰਹੇ ਹਾਂ। ਅਸੀਂ ਇਨ੍ਹਾਂ ਉਤੇ ਡੂੰਘੀ ਤੇ ਭਰਵੀਂ ਵਿਚਾਰ ਚਰਚਾ ਦੀ ਇਛਾ ਤੇ ਉਮੀਦ ਰਖਕੇ ਚਲ ਰਹੇ ਹਾਂ। ਅਸੀਂ ਸਮੁਚੀ ਕੌਮ ਨੂੰ, ਵਿਸ਼ੇਸ਼ ਕਰਕੇ ਇਸ ਅੰਦਰਲੇ ਰੌਸ਼ਨ-ਦਿਮਾਗ ਹਿਸਿਆਂ ਨੂੰ ਇਸ ਵਿਚਾਰ ਚਰਚਾ ਵਿਚ ਖੁਲ੍ਹਕੇ ਹਿਸਾ ਲੈਣ ਦਾ ਸੱਦਾ ਦਿੰਦੇ ਹਾਂ। ਕਿਸੇ ਵੀ ਉਸਾਰੂ ਪੜਚੋਲ, ਸੁਝਾਅ ਅਤੇ ਸੋਧ ਨੂੰ ਅਸੀਂ ਤਹਿ-ਦਿਲੋਂ ਜੀ ਆਇਆਂ ਕਹਾਂਗੇ।

ਆਜ਼ਾਦੀ ਤੇ ਸਵੈ-ਨਿਰਣੇ ਦਾ ਹਕ ਸਿੱਖ ਕੌਮ ਦਾ ਸੁਤੰਤਰ ਅਧਿਕਾਰ (inviolable right) ਹੈ। ਇਸਦੀ ਪ੍ਰਾਪਤੀ ਲਈ ਸਿੱਖ ਕੌਮ ਨੂੰ, ਪ੍ਰਚਲਤ ਰਾਜਸੀ ਮਰਿਯਾਦਾ (convention) ਅਨੁਸਾਰ, ਲੋਕ ਰਾਇ ਨੂੰ ਲਾਮਬੰਦ ਕਰਨ (to mobilize the public opinion) ਅਤੇ ਲੋਕ-ਰਾਜੀ ਅਸੂਲਾਂ ਅਨੁਸਾਰ ਸੰਘਰਸ਼ ਤੇ ਸਰਗਰਮੀ ਦੇ ਹਰ ਢੁਕਵੇਂ ਰੂਪ ਤੇ ਮੌਕੇ ਦੀ ਸਚਿਆਰੀ ਵਰਤੋਂ ਕਰਨ ਦਾ ਰਾਹ ਅਖਤਿਆਰ ਕਰਨਾ ਚਾਹੀਦਾ ਹੈ। ਤਜਰਬੇ ਨੇ ਇਕ ਹੋਰ ਨਵਾਂ ਤਥ ਸਾਡੇ ਸਾਹਮਣੇ ਲਿਆਂਦਾ ਹੈ ਕਿ ਜਮਹੂਰੀ ਚੇਤਨਾ ਦੇ ਅਜੋਕੇ ਯੁਗ ਅੰਦਰ ਜਾਗਰੂਕ ਹੋਈ ਲੋਕ ਸ਼ਕਤੀ, ਜਨਤਕ ਰਾਜਸੀ ਲਾਮਬੰਦੀ (mass political mobilisation) ਤੇ ਅਮਲ ਰਾਹੀਂ ਨਾਮੁਮਕਿਨ ਨੂੰ ਮੁਮਕਿਨ ਬਣਾਉਣ ਦੀ ਕਰਾਮਾਤੀ ਸਮਰਥਾ ਰਖਦੀ ਹੈ। ਇਹ ਪਖ ਸਾਡੀ ਨਵੀਂ ਰਣਨੀਤੀ ਦਾ ਅਹਿਮ ਹਿਸਾ ਬਣ ਸਕਦਾ ਹੈ। ਦੁਨੀਆਂ ਭਰ ਵਿਚ ਉਭਰ ਰਹੇ ਨਵੇਂ ਰਾਜਨੀਤਕ ਰੁਝਾਨਾਂ ਦੀ ਰੌਸ਼ਨੀ ਵਿਚ ਜੇਕਰ ਇਸ ਤਥ ਨੂੰ ਆਪਣੀ ਰਣਨੀਤੀ ਦਾ ਹਿਸਾ ਬਣਾਇਆ ਜਾਵੇ ਤਾਂ ਸਾਡੀ ਲਹਿਰ

ਅੰਤਰਰਾਸ਼ਟਰੀ ਪਧਰ ਤੇ ਸੰਸਾਰ ਭਰ ਦੀਆਂ ਕੌਮਾਂ ਅੰਦਰ ਹੋਰ ਵਧੇਰੇ ਮਕਬੂਲ ਹੋ ਜਾਵੇਗੀ। ਇਸ ਸੰਘਰਸ਼ ਅੰਦਰ ਦੁਸ਼ਮਣ ਨੂੰ ਵਧ ਤੋਂ ਵਧ ਨਿਖੇੜਨ ਅਤੇ ਆਪਣੇ ਨਾਲ ਵਧ ਤੋਂ ਵਧ ਸਹਿਯੋਗੀ ਤਾਕਤਾਂ ਜੋੜਨ ਦੀ ਸੁਘੜ ਰਣਨੀਤੀ ਅਪਣਾਕੇ ਚਲਣਾ ਚਾਹੀਦਾ ਹੈ। ਬ੍ਰਾਹਮਣਵਾਦ ਵਿਰੁਧ ਲੜਨ ਦਾ ਤੰਤ ਤੇ ਇਰਾਦਾ ਰਖਣ ਵਾਲੀ ਹਰ ਤਾਕਤ, ਇਸ ਸੰਘਰਸ਼ ਅੰਦਰ ਖਾਲਸਾ ਪੰਥ ਦੀ ਕੁਦਰਤੀ ਸਹਿਯੋਗੀ (natural ally) ਹੈ। ਇਸ ਵਰਗ (category ) 'ਚ ਆਉਂਦੀ ਹਰ ਤਾਕਤ ਦਾ ਸਹੀ ਸਹੀ ਮੁਲੰਕਣ (evaluation) ਕੀਤਾ ਜਾਣਾ ਚਾਹੀਦਾ ਹੈ ਅਤੇ ਉਸ ਨਾਲ ਸਾਂਝ ਤੇ ਵਖਰੇਵੇਂ ਦੇ ਮੁਦਿਆਂ ਬਾਰੇ ਸਪਸ਼ਟ ਸਮਝ ਅਖਤਿਆਰ ਕਰਕੇ ਚਲਣਾ ਚਾਹੀਦਾ ਹੈ।

ਅਜੋਕੇ ਬਦਲੇ ਹੋਏ ਕੌਮਾਂਤਰੀ ਸੰਦਰਭ ਵਿਚ ਦੁਨੀਆਂ ਦੇ ਵਖ ਵਖ ਭਾਈਚਾਰਿਆਂ ਅਤੇ ਉਹਨਾਂ ਵਿਚ ਹੋ ਰਹੀ ਬਹੁਪਰਤੀ ਹਿਲਜੁਲ ਤੇ ਹਲਚਲ ਨਾਲ ਜੁੜੇ ਤੋਂ ਬਿਨਾਂ ਅਸੀਂ ਨਵੇਂ ਦਿਸਹਦੇ ਨਹੀਂ ਖੋਲ੍ਹ ਸਕਦੇ। ਇਸ ਕਰਕੇ ਕੌਮਾਂਤਰੀ ਭਾਈਚਾਰੇ ਨੂੰ ਸਿੱਖ ਕੌਮ ਦੀ ਜਦੋਜਹਿਦ ਦੇ ਨਿਸ਼ਾਨੇ, ਆਧਾਰ ਤੇ ਵਾਜਬੀਅਤ (justification) ਬਾਰੇ ਜਾਣੂ ਕਰਵਾਉਣ ਅਤੇ ਆਜ਼ਾਦੀ ਤੇ ਜਮਹੂਰੀਅਤ ਦੇ ਅਸੂਲਾਂ ਨੂੰ ਪਰਣਾਏ ਦੇਸ਼ਾਂ, ਜਥੇਬੰਦੀਆਂ ਤੇ ਤਾਕਤਾਂ ਕੋਲੋਂ ਰਾਜਨੀਤਕ ਤੇ ਨੈਤਿਕ ਹਮਾਇਤ ਲੈਣ ਦੇ ਕਾਰਜ ਨੂੰ ਮਹਤਵਪੂਰਨ ਕਾਰਜ ਵਜੋਂ ਨਜਿਠਿਆ ਜਾਣਾ ਚਾਹੀਦਾ ਹੈ।

ਭਾਰਤੀ ਹਾਕਮਾਂ ਵਲੋਂ ਸਿੱਖ ਕੌਮ ਉਤੇ ਢਾਹੇ ਗਏ (ਅਤੇ ਢਾਹੇ ਜਾ ਰਹੇ) ਅਣਮਨੁਖੀ ਅਤਿਆਚਾਰਾਂ ਵਿਰੁਧ ਕੌਮਾਂਤਰੀ ਪਧਰ ਤੇ ਲੋਕ ਰਾਇ ਲਾਮਬੰਦ ਕਰਨ ਅਤੇ ਭਾਰਤੀ ਹਾਕਮਾਂ ਨੂੰ ਮਨੁਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਹੇਠ, ਕੌਮਾਂਤਰੀ ਪਧਰ ਤੇ, ਮੁਜਰਮਾਂ ਦੇ ਕਟਹਿਰੇ 'ਚ ਖੜ੍ਹਿਆਂ ਕਰਨ ਦੇ ਕਾਰਜ ਨੂੰ ਵਿਸ਼ੇਸ਼ ਅਹਿਮੀਅਤ ਦਿਤੀ ਜਾਣੀ ਚਾਹੀਦੀ ਹੈ।

ਦੇਸ਼ ਅੰਦਰ, ਕਿਸੇ ਵੀ ਜਗ੍ਹਾ, ਕਿਸੇ ਵੀ ਘਟਗਿਣਤੀ ਧਾਰਮਿਕ ਵਰਗ ਨਾਲ ਹੋਣ ਵਾਲੀ ਹਰ ਵਧੀਕੀ ਦਾ ਸਿੱਖ ਕੌਮ ਵਲੋਂ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ ਅਤੇ ਬਹੁਗਿਣਤੀ ਵਰਗ ਦੀ ਕਿਸੇ ਵੀ ਫਿਰਕੂ ਬਦਤਮੀਜ਼ੀ ਨੂੰ ਕਿਸੇ ਵੀ ਸੂਰਤ ਬਖਸ਼ਿਆ ਨਹੀਂ ਜਾਣਾ ਚਾਹੀਦਾ।

ਬਹੁਗਿਣਤੀ ਵਰਗ ਦੇ ਜਬਰ ਤੇ ਧਕੇਸ਼ਾਹੀ ਦੇ ਸ਼ਿਕਾਰ ਘਟਗਿਣਤੀ ਭਾਈਚਾਰੇ ਨਾਲ ਭਰਾਤਰੀ ਇਕਮੁਠਤਾ (fraternal solidarity) ਦਾ ਗਹਿ-ਗਚਵਾਂ ਪਰਗਟਾਵਾ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਜਥੇਬੰਦਕ ਰੂਪ ਦੇਣ ਲਈ ਢੁਕਵੇਂ ਕਦਮ ਚੁਕੇ ਜਾਣੇ ਚਾਹੀਦੇ ਹਨ।

ਦੇਸ਼ ਅੰਦਰ, ਕਿਸੇ ਵੀ ਜਗ੍ਹਾ, ਕਿਸੇ ਵੀ ਮਜ਼ਲੂਮ ਵਰਗ ਉਤੇ, ਕਿਸੇ ਵੀ ਰੂਪ 'ਚ ਹੋਣ ਵਾਲੇ ਜਬਰ ਤੇ ਧਕੇਸ਼ਾਹੀ ਦਾ ਡਟਵਾਂ ਵਿਰੋਧ ਹੋਣਾ ਚਾਹੀਦਾ ਹੈ। ਮੌਕੇ ਮੁਤਾਬਕ, ਸੰਬੰਧਤ ਵਰਗ ਦੇ ਹਕ ਵਿਚ ਢੁਕਵੀਂ ਭਰਾਤਰੀ ਕਾਰਵਾਈ (solidarity action) ਕਰਨ ਬਾਰੇ ਸੋਚਿਆ ਜਾਣਾ ਚਾਹੀਦਾ ਹੈ।

ਭਾਰਤ ਅੰਦਰ ਆਪਣੀ ਧਾਰਮਿਕ, ਨਸਲੀ, ਭਾਸ਼ਾਈ ਜਾਂ ਸਭਿਆਚਾਰਕ ਪਛਾਣ ਦੀ ਰਾਖੀ ਲਈ ਲੜ ਰਹੇ ਹਰ ਭਾਈਚਾਰੇ ਦੇ ਸੰਘਰਸ਼ ਦੀ ਹਿਕ ਠੋਕਵੀਂ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਕੌਮੀ ਆਜ਼ਾਦੀ ਲਈ ਲੜ ਰਹੀਆਂ ਉਤਰ-ਪੂਰਬੀ ਖਿੱਤੇ ਦੀਆਂ ਕੌਮਾਂ ਤੇ ਲੋਕਾਂ ਤੇ ਅਜਿਹੀ ਹੋਰ ਕਿਸੇ ਵੀ ਤਾਕਤ ਤੇ ਹਕੀ ਸੰਘਰਸ਼ ਦੀ ਦ੍ਰਿੜ ਹਮਾਇਤ ਕੀਤੀ ਜਾਣੀ ਚਾਹੀਦੀ ਹੈ।

ਭਾਰਤੀ ਹਾਕਮਾਂ ਵਲੋਂ ਦੇਸ਼ ਅੰਦਰ ਫਿਰਕੂ ਜਜ਼ਬੇ ਨੂੰ ਤੂਲ ਦੇਣ ਦੀ ਬਦਨੀਤ ਨਾਲ ਗੁਆਂਢੀ ਮੁਲਕਾਂ ਵਿਰੁਧ ਨਫ਼ਰਤ ਤੇ ਦੁਸ਼ਮਣੀ ਦੀਆਂ ਭਾਵਨਾਵਾਂ ਭੜਕਾਉਣ ਦੇ ਹਰ ਯਤਨ ਦਾ ਸਖਤ ਵਿਰੋਧ ਕੀਤਾ ਜਾਣਾ ਚਾਹੀਦਾ ਹੈ। ਗੁਆਂਢੀ ਮੁਲਕਾਂ ਨਾਲ ਆਪਸੀ ਪ੍ਰੇਮ, ਭਾਈਚਾਰੇ ਤੇ ਮੇਲ-ਜੋਲ ਦੀ ਭਾਵਨਾ ਦਾ ਮਾਹੌਲ ਉਸਾਰਨ ਲਈ ਉਚੇਚੇ ਯਤਨ ਕਰਨੇ ਚਾਹੀਦੇ ਹਨ।

ਭਾਰਤੀ ਹਾਕਮਾਂ ਵਲੋਂ ਦੇਸ਼ ਦੇ ਅਲਗ ਅਲਗ ਭਾਗਾਂ ਅੰਦਰ ਆਪਣੇ ਹਕਾਂ ਤੇ ਹਿਤਾਂ ਲਈ ਲੜਨ ਵਾਲੇ ਭਾਈਚਾਰਿਆਂ ਦੇ ਸੰਘਰਸ਼ ਨੂੰ ਕੁਚਲਣ ਲਈ ਅਕਸਰ ਭਾਰੂ ਸਿੱਖ ਸੁਰਖਿਆ ਫੋਰਸਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਸ ਨਾਲ ਸੰਬੰਧਤ ਭਾਈਚਾਰੇ ਦੇ ਲੋਕਾਂ ਅੰਦਰ, ਆਮ ਰੂਪ 'ਚ, ਸਿੱਖ-ਵਿਰੋਧੀ ਭਾਵਨਾਵਾਂ ਪੈਦਾ ਹੁੰਦੀਆਂ ਹਨ। ਭਾਰਤੀ ਹਾਕਮਾਂ ਵਲੋਂ ਸਿੱਖ ਜਵਾਨਾਂ ਨੂੰ ਭਾੜੇ ਦੇ ਟਟੂਆਂ (mercenaries) ਵਜੋਂ ਵਰਤਣ ਵਾਲੀ ਇਸ ਕਪਟੀ ਚਾਲ ਨੂੰ ਨਕਾਰਾ ਕਰਨ ਲਈ ਢੁਕਵੇਂ ਉਪਾਵਾਂ ਬਾਰੇ ਗੰਭੀਰਤਾ ਨਾਲ ਸੋਚਿਆ ਜਾਣਾ ਚਾਹੀਦਾ ਹੈ। ਘਟਗਿਣਤੀ ਧਾਰਮਿਕ ਭਾਈਚਾਰਿਆਂ ਤੇ ਵਖੋ ਵਖ ਨਸਲੀ, ਭਾਸ਼ਾਈ ਤੇ ਕੌਮੀ ਗਰੁਪਾਂ ਨੂੰ ਆਪਣੇ ਖਾਰੇ ਸਮੁੰਦਰ ਅੰਦਰ ਜਜ਼ਬ ਕਰਨ ਲਈ ਬ੍ਰਹਮਣਵਾਦ ਦੇ ਦੋ ਰੂਪ ਸਾਹਮਣੇ ਆਏ ਹਨ। ਇਕ, ਜਿਸਨੂੰ ਬ੍ਰਹਮਣਵਾਦ ਦਾ 'ਕੂਲਾ' (**soft**) ਰੂਪ ਕਿਹਾ ਜਾਂਦਾ ਹੈ, ਵਧ ਧੋਖੇ ਭਰਿਆ ਪੈਂਤੜਾ ਹੈ, ਜਿਸ ਅਨੁਸਾਰ ਇਹਨਾਂ ਭਾਈਚਾਰਿਆਂ ਨੂੰ

**ਅਜੋਕੇ ਬਦਲੇ ਹੋਏ ਕੌਮਾਂਤਰੀ ਸੰਦਰਭ ਵਿਚ ਦੁਨੀਆਂ ਦੇ ਵਖ ਵਖ ਭਾਈਚਾਰਿਆਂ ਅਤੇ ਉਹਨਾਂ ਵਿਚ ਹੋ ਰਹੀ ਬਹੁਪਰਤੀ ਹਿਲਜੁਲ ਤੇ ਹਲਚਲ ਨਾਲ ਜੁੜੇ ਤੋਂ ਬਿਨਾਂ ਅਸੀਂ ਨਵੇਂ ਦਿਸਹਦੇ ਨਹੀਂ ਖੋਲ੍ਹ ਸਕਦੇ। ਇਸ ਕਰਕੇ ਕੌਮਾਂਤਰੀ ਭਾਈਚਾਰੇ ਨੂੰ ਸਿੱਖ ਕੌਮ ਦੀ ਜਦੋਜਹਿਦ ਦੇ ਨਿਸ਼ਾਨੇ, ਆਧਾਰ ਤੇ ਵਾਜਬੀਅਤ (justification) ਬਾਰੇ ਜਾਣੂ ਕਰਵਾਉਣ ਅਤੇ ਆਜ਼ਾਦੀ ਤੇ ਜਮਹੂਰੀਅਤ ਦੇ ਅਸੂਲਾਂ ਨੂੰ ਪਰਣਾਏ ਦੇਸ਼ਾਂ, ਜਥੇਬੰਦੀਆਂ ਤੇ ਤਾਕਤਾਂ ਕੋਲੋਂ ਰਾਜਨੀਤਕ ਤੇ ਨੈਤਿਕ ਹਮਾਇਤ ਲੈਣ ਦੇ ਕਾਰਜ ਨੂੰ ਮਹਤਵਪੂਰਨ ਕਾਰਜ ਵਜੋਂ ਨਜਿਠਿਆ ਜਾਣਾ ਚਾਹੀਦਾ ਹੈ।**

ਭਰਮਾਕੇ ਤੇ ਪਤਿਆਕੇ ਅਜਿਹੀ ਮੌਤ ਜੱਫੀ 'ਚ ਜਕੜ ਲਿਆ ਜਾਂਦਾ ਹੈ ਕਿ ਉਹਨਾਂ ਨੂੰ ਆਪਣੇ ਖਾਤਮੇ ਦਾ ਅਹਿਸਾਸ ਤਕ ਨਹੀਂ ਹੋਣ ਦਿਤਾ ਜਾਂਦਾ। ਦੂਜਾ ਰੂਪ ਵਧੇਰੇ ਕੁਰੱਖਤ ਤੇ ਖੂੰਖਾਰ ਹੈ, ਜਿਥੇ ਇਹੀ ਮੰਤਵ ਦਹਿਸ਼ਤ ਤੇ ਵਹਿਸ਼ਤ ਦੇ ਜ਼ਰੀਏ ਹਾਸਲ ਕਰਨ ਦੀ ਸੇਧ ਅਖਤਿਆਰ ਕੀਤੀ ਜਾਂਦੀ ਹੈ। ਇਤਿਹਾਸ ਅੰਦਰ, ਅਨੇਕਾਂ ਮੌਕਿਆਂ 'ਤੇ, ਬ੍ਰਾਹਮਣਵਾਦ ਦੇ ਇਨ੍ਹਾਂ ਦੋਨੋਂ ਰੂਪਾਂ ਨੂੰ ਬਰਾਬਰ ਕਰਮਸ਼ੀਲ ਹੁੰਦੇ ਦੇਖਿਆ ਗਿਆ ਹੈ। ਇਹ ਅਮਲ ਅਜ ਵੀ ਨਿਰੰਤਰ ਜਾਰੀ ਹੈ। ਸਿੱਖ ਪੰਥ ਨੂੰ ਬ੍ਰਾਹਮਣਵਾਦ ਦੇ ਇਨ੍ਹਾਂ ਦੋਹਾਂ ਪੈਂਤੜਿਆਂ ਦਾ ਸ਼ਿਕਾਰ ਹੋਣਾ ਪਿਆ ਹੈ। ਆਜ਼ਾਦੀ ਦੇ ਸੰਗਰਾਮ ਦੌਰਾਨ, ਆਜ਼ਾਦੀ ਮੌਕੇ ਤੇ ਉਸ ਤੋਂ ਬਾਅਦ ਦੇ ਕੁਝ ਸਮੇਂ ਤਕ ਕਾਂਗਰਸੀ ਆਗੂਆਂ ਨੇ, ਮੁਖ ਰੂਪ 'ਚ, ਸਿੱਖ ਕੌਮ ਨੂੰ ਭਰਮਾਉਣ ਤੇ ਭੁਚਲਾਉਣ ਦੀ ਰਣਨੀਤੀ ਅਮਲ 'ਚ ਲਿਆਂਦੀ। ਇਸ ਅਰਸੇ ਦੌਰਾਨ ਸਿੱਖ ਲੀਡਰਸ਼ਿਪ ਕਾਂਗਰਸੀ ਆਗੂਆਂ ਦੇ ਅਸਲੀ ਮਨਸੂਬਿਆਂ ਨੂੰ ਤਾੜ ਸਕਣ 'ਚ ਖਤਾ ਖਾਂਦੀ ਰਹੀ। ਕਾਂਗਰਸ ਆਗੂਆਂ ਦੇ ਭੁਚਲਾਵਿਆਂ ਵਿਚ ਆ ਕੇ ਉਹ, ਵਾਰ-ਵਾਰ, ਉਹਨਾਂ ਨਾਲ ਭਿਆਲੀ ਤੇ ਸੌਦੇਬਾਜ਼ੀ ਦੇ ਰਾਹ ਵਲ ਤਿਲ੍ਹਕ ਜਾਂਦੀ ਰਹੀ। ਇਸ ਨਾਲ ਸਿੱਖ ਕੌਮ ਦੇ ਹਿਤਾਂ ਨੂੰ ਕਈ ਵਾਰੀ ਵਡੀ ਢਾਹ ਲਗੀ। ਕਾਂਗਰਸੀ ਆਗੂਆਂ ਦਾ ਇਹ ਰੋਲ ਹੁਣ ਭਾਰਤੀ ਜਨਤਾ ਪਾਰਟੀ ਨੇ ਸੰਭਾਲ ਲਿਆ ਹੈ । ਮੁਸਲਿਮ ਭਾਈਚਾਰੇ ਵਿਰੁਧ ਫਿਰਕੂ ਵਿਹੁ ਘੋਲ ਰਹੀ ਭਾਜਪਾ ਲੀਡਰਸ਼ਿੱਪ, ਸਿੱਖ ਭਾਈਚਾਰੇ ਨੂੰ ਭਰਮਾਉਣ ਤੇ ਪਤਿਆਉਣ ਦੀ ਫਰੇਬੀ ਰਾਜਨੀਤਕ ਖੇਡ ਖੇਡ ਰਹੀ ਹੈ। ਅਜੋਕੀ ਅਕਾਲੀ ਲੀਡਰਸ਼ਿਪ ਬ੍ਰਾਹਮਣਵਾਦ ਦੇ ਇਸ ਭਰਮਾਊ ਰੂਪ ਨੂੰ ਪਛਾਣਨ ਵਿਚ ਫਿਰ ਖਤਾ ਖਾ ਰਹੀ ਹੈ। ਉਹ ਪਹਿਲੀ ਸਿੱਖ ਲੀਡਰਸ਼ਿਪ ਦੀ 'ਮਛਲੀ ਜਾਲ ਨਾ ਜਾਨਿਆ' ਵਾਲੀ ਓਹੀਓ ਗਲਤੀ ਮੁੜ ਦੁਹਰਾ ਰਹੀ ਹੈ, ਜਿਸਦਾ ਖ਼ਮਿਆਜ਼ਾ ਸਿੱਖ ਕੌਮ ਨੂੰ ਹੁਣ ਤਕ ਭੁਗਤਣਾ ਪੈ ਰਿਹਾ ਹੈ। ਇਸ ਸੰਬੰਧੀ ਸਿੱਖ ਕੌਮ ਨੂੰ ਇਤਿਹਾਸ ਕੋਲੋਂ ਲਾਹੇਵੰਦੇ ਸਬਕ ਗ੍ਰਹਿਣ ਕਰਨੇ ਚਾਹੀਦੇ ਹਨ ਅਤੇ ਬ੍ਰਾਹਮਣਵਾਦ ਦੇ ਹਰ ਰੂਪ, ਹਰ ਕਾਰਵਾਈ ਤੇ ਹਰ ਚਾਲ ਪਿਛੇ ਛੁਪੇ ਅਸਲੀ ਮੰਤਵਾਂ ਨੂੰ ਪਛਾਣਨ ਦੀ ਸੋਝੀ ਹਾਸਲ ਕਰਨੀ ਚਾਹੀਦੀ ਹੈ।

ਇਹ ਗੱਲ ਵਾਰ ਵਾਰ ਚਿਤਾਰਨ ਦੀ ਲੋੜ ਹੈ ਕਿ ਸਿੱਖ ਕੌਮ ਦੀ ਲੜਾਈ ਹਿੰਦੂ ਧਰਮ ਜਾਂ ਹਿੰਦੂ ਭਾਈਚਾਰੇ ਦੇ ਖਿਲਾਫ਼ ਨਹੀਂ, ਸਗੋਂ ਬ੍ਰਾਹਮਣਵਾਦੀ ਹਾਕਮਾਂ ਦੀਆਂ ਸਿੱਖ ਕੌਮ ਨੂੰ ਦੁਬੈਲ ਬਣਾਕੇ ਰਖਣ ਦੀਆਂ ਨੀਤਾਂ ਤੇ ਨੀਤੀਆਂ ਖਿਲਾਫ਼ ਹੈ। ਸਿੱਖ ਫ਼ਲਸਫ਼ਾ, ਸਿੱਖ ਸਿਧਾਂਤ ਤੇ ਸਿੱਖ ਰਵਾਇਤਾਂ, ਕਿਸੇ ਧਾਰਮਿਕ ਭਾਈਚਾਰੇ ਪ੍ਰਤੀ ਨਫ਼ਰਤ ਪਾਲਣ ਵਾਲੀ ਫਿਰਕੂ ਤੰਗਨਜ਼ਰ ਸੋਚ ਤੇ ਰੁਚੀ ਨੂੰ ਸਖ਼ਤਾਈ ਨਾਲ ਰਦ ਕਰਦੀਆਂ ਹਨ। 'ਸਭੇ ਸਾਝੀਵਾਲ ਸਦਾਇਣ' ਵਾਲੀ ਬ੍ਰਹਿਮੰਡੀ ਸੋਚ ਤੇ ਸਪਿਰਿਟ, ਸਿੱਖ ਸੰਘਰਸ਼ ਦੇ ਹਰ ਨੀਤੀ-ਪੈਂਤੜੇ ਤੇ ਅਮਲ 'ਚੋਂ ਪਰਗਟ ਹੋਣੀ ਚਾਹੀਦੀ ਹੈ। ਹਿੰਦੂ ਭਾਈਚਾਰੇ ਅੰਦਰਲੇ, ਬ੍ਰਾਹਮਣਵਾਦ ਨਾਲ ਕਿਸੇ ਵੀ ਰੂਪ 'ਚ ਟਕਰਾਅ 'ਚ ਆ ਰਹੇ ਹਿਸਿਆਂ ਨਾਲ ਦੋਸਤੀ ਤੇ ਮਿਲਵਰਤਣ ਪੈਦਾ ਕਰਨ ਦਾ ਕੋਈ ਵੀ ਮੌਕਾ ਖਾਲੀ ਨਹੀਂ ਜਾਣ ਦਿਤਾ ਜਾਣਾ ਚਾਹੀਦਾ। ਹਿੰਦੂ ਵਰਗ ਅੰਦਰਲੇ ਜਮਹੂਰੀ ਤੇ ਇਨਸਾਫ਼ਪਸੰਦ ਹਲਕਿਆਂ ਵਲ ਦੋ ਕਦਮ ਅਗੇ ਵਧਕੇ ਮਿਤਰਤਾ ਦਾ ਹਥ ਵਧਾਇਆ ਜਾਣਾ ਚਾਹੀਦਾ ਹੈ, ਤਾਂ ਜੋ ਸਾਰੇ ਜਗ ਜਹਾਨ ਨੂੰ ਬ੍ਰਾਹਮਣਵਾਦ ਦੀ ਫਿਰਕੂ ਤੰਗਨਜ਼ਰੀ ਤੇ ਸਿੱਖੀ ਦੀ ਉਦਾਰ ਤੇ ਜਮਹੂਰੀ ਸਪਿਰਿਟ ਵਿਚ ਅੰਤਰ ਸਪਸ਼ਟ ਹੋ ਸਕੇ ।

ਇਹ ਗੱਲ ਵਾਰ ਵਾਰ ਚਿਤਾਰਨ ਦੀ ਲੋੜ ਹੈ ਕਿ ਸਿੱਖ ਕੌਮ ਦੀ ਲੜਾਈ ਹਿੰਦੂ ਧਰਮ ਜਾਂ ਹਿੰਦੂ ਭਾਈਚਾਰੇ ਦੇ ਖਿਲਾਫ਼ ਨਹੀਂ, ਸਗੋਂ ਬ੍ਰਾਹਮਣਵਾਦੀ ਹਾਕਮਾਂ ਦੀਆਂ ਸਿੱਖ ਕੌਮ ਨੂੰ ਦੁਬੈਲ ਬਣਾਕੇ ਰਖਣ ਦੀਆਂ ਨੀਤਾਂ ਤੇ ਨੀਤੀਆਂ ਖਿਲਾਫ਼ ਹੈ। ਸਿੱਖ ਫ਼ਲਸਫ਼ਾ, ਸਿੱਖ ਸਿਧਾਂਤ ਤੇ ਸਿੱਖ ਰਵਾਇਤਾਂ, ਕਿਸੇ ਧਾਰਮਿਕ ਭਾਈਚਾਰੇ ਪ੍ਰਤੀ ਨਫ਼ਰਤ ਪਾਲਣ ਵਾਲੀ ਫਿਰਕੂ ਤੰਗਨਜ਼ਰ ਸੋਚ ਤੇ ਰੁਚੀ ਨੂੰ ਸਖ਼ਤਾਈ ਨਾਲ ਰਦ ਕਰਦੀਆਂ ਹਨ। 'ਸਭੇ ਸਾਝੀਵਾਲ ਸਦਾਇਣ' ਵਾਲੀ ਬ੍ਰਹਿਮੰਡੀ ਸੋਚ ਤੇ ਸਪਿਰਿਟ, ਸਿੱਖ ਸੰਘਰਸ਼ ਦੇ ਹਰ ਨੀਤੀ-ਪੈਂਤੜੇ ਤੇ ਅਮਲ 'ਚੋਂ ਪਰਗਟ ਹੋਣੀ ਚਾਹੀਦੀ ਹੈ। ਹਿੰਦੂ ਭਾਈਚਾਰੇ ਅੰਦਰਲੇ, ਬ੍ਰਾਹਮਣਵਾਦ ਨਾਲ ਕਿਸੇ ਵੀ ਰੂਪ 'ਚ ਟਕਰਾਅ 'ਚ ਆ ਰਹੇ ਹਿਸਿਆਂ ਨਾਲ ਦੋਸਤੀ ਤੇ ਮਿਲਵਰਤਣ ਪੈਦਾ ਕਰਨ ਦਾ ਕੋਈ ਵੀ ਮੌਕਾ ਖਾਲੀ ਨਹੀਂ ਜਾਣ ਦਿਤਾ ਜਾਣਾ ਚਾਹੀਦਾ।

*ਦੋ ਚਸ਼ਮਿ ਮਨ ਕਿ ਦਰਯਾਇ ਅਜ਼ੀਮੁੱਸ਼ਾਂ ਬਵਦ ਗੋਯਾ*
*ਜ਼ਿ ਹਰ ਅਸ਼ਕਮ ਬਵਦ ਸ਼ਾਦਾਬੀਇ ਸਦ ਬਾਗ਼ ਬਾਗ਼ ਈਂ ਜਾ।*

(ਮੇਰੀਆਂ ਦੋਵੇਂ ਅੱਖਾਂ, ਗੋਯਾ, ਇਕ ਵੱਡੀ ਨਦੀ ਹਨ। ਮੇਰੇ ਹਰ ਅੱਥਰੂ
ਨਾਲ ਸੈਂਕੜੇ ਬਾਗ਼ ਹਰੇ ਭਰੇ ਹੋ ਜਾਂਦੇ ਹਨ )

ਭਾਈ ਨੰਦ ਲਾਲ ਗੋਯਾ

**********

## TO THEE OLD CAUSE

To thee old cause !
Thou peerless, passionate, good cause,
Thou stern, remorseless, sweet idea,
Deathless throughout the ages, races, lands,
After a strange sad war, great war for thee,
(I think all war through time was really fought, and ever will be really fought, for thee)

These chants for thee, the eternal march of thee.
(A war O soldiers not for itself alone,
Far, far more stood silently waiting behind, now to advance in this book.)
Thou orb of many orbs !
Thou seething principle ! thou well-kept, latent germ ! thou centre !
Around the idea of thee the war revolving,
With all its angry and vehement play of causes,
(With vast results to come for thrice a thousand years,)
These recitatives for thee,--my book and the war are one,
Merged in its spirit I and mine, as the contest hinged on thee.
As a wheel on its axis turns, this book unwitting to itself,
Around the idea of thee.

# ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ

## ਜਾਣ ਪਹਿਚਾਣ

1994 ਵਿਚ ਜਦੋਂ ਅਕਾਲੀ ਦਲ ਦੇ ਸਾਰੇ ਗੁੱਟ ਅਕਾਲ ਤਖਤ ਸਾਹਿਬ ਦੀ ਛਤਰ ਛਾਇਆ ਹੇਠ ਇਕੱਤਰ ਹੋਏ ਤਾਂ ਅਕਾਲੀ ਦਲ (ਅਮ੍ਰਿਤਸਰ) ਹੋਂਦ ਵਿਚ ਆਇਆ। ਥੋੜ੍ਹੇ ਚਿਰ ਪਿਛੋਂ 27 ਅਕਤੂਬਰ 1994 ਨੂੰ ਮਨੁਖੀ ਅਧਿਕਾਰਾਂ ਦੀ ਰਾਖੀ ਲਈ ਮਨੁਖੀ ਅਧਿਕਾਰ ਵਿੰਗ ਨਾਂ ਦੀ ਇਕ ਜਥੇਬੰਦੀ ਹੋਂਦ ਵਿਚ ਆਈ। ਇਸ ਜਥੇਬੰਦੀ ਨੇ ਅਕਾਲੀ ਦਲ ਨਾਲ ਜੁੜ ਕੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਜੋ ਮਨੁਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਮਾਮਲਿਆਂ ਨੂੰ ਤੱਥਾਂ ਅਤੇ ਗਵਾਹੀਆਂ ਸਮੇਤ ਤਿਆਰ ਕੀਤਾ ਜਾਏ। ਇਹ ਇਕ ਬਿਖ਼ਮ ਕਾਰਜ ਸੀ ਪਰ ਸੀਮਤ ਮਾਲੀ ਸਾਧਨਾਂ ਅਤੇ ਬੇਅੰਤ ਸਿੰਘ ਸਰਕਾਰ ਵਲੋਂ ਵਗਾਈ ਦਹਿਸ਼ਤ ਦੀ ਹਨੇਰੀ ਦੇ ਬਾਵਜੂਦ ਮਨੁਖੀ ਅਧਿਕਾਰਾਂ ਦਾ ਕੰਮ ਰੁਕਣ ਨਹੀਂ ਦਿਤਾ ਗਿਆ। ਇਸ ਜਥੇਬੰਦੀ ਦੇ ਵਾਲੰਟੀਅਰਾਂ ਨੂੰ ਜਾਨੋਂ ਮਾਰ ਦੇਣ ਦੀਆਂ ਧਮਕੀਆਂ ਤੇ ਡਰਾਵੇ ਵੀ ਮਿਲੇ ਪਰ ਸੰਗਤਾਂ ਦੇ ਸਹਿਯੋਗ ਤੇ ਹੌਸਲੇ ਹਰ ਸੰਕਟ ਵਿਚ ਨਾਲ ਰਹੇ ।

ਜਥੇਬੰਦੀ ਨੂੰ ਉਸ ਸਮੇਂ ਅੰਤਰਰਾਸ਼ਟਰੀ ਪ੍ਰਸਿਧੀ ਹਾਸਲ ਹੋਈ ਜਦੋਂ ਜਥੇਬੰਦੀ ਨੇ ਇਹ ਪਤਾ ਲਾਇਆ ਕਿ ਖਾੜਕੂ ਲਹਿਰ ਦੇ ਪਤਨ ਸਮੇਂ ਹਜ਼ਾਰਾਂ ਨੌਜਵਾਨ ਲਾਪਤਾ ਕਰਕੇ ਉਨ੍ਹਾਂ ਦੀਆਂ ਲਾਸ਼ਾਂ ਖੁਰਦ ਬੁਰਦ ਕਰ ਦਿਤੀਆਂ ਗਈਆਂ। ਦੋ ਤਿੰਨ ਜ਼ਿਲਿਆਂ ਦਾ ਰਿਕਾਰਡ ਵੀ ਮਿਲ ਗਿਆ। ਸਰਕਾਰ ਤੇ ਪੁਲੀਸ ਦੀ ਬਦਨਾਮੀ ਸਾਰੇ ਸੰਸਾਰ ਵਿਚ ਹੋਈ। ਦੁਨੀਆਂ ਭਰ ਦੀਆਂ ਪਾਰਲੀਮੈਂਟਾਂ ਵਿਚ ਬੇਅੰਤ ਸਰਕਾਰ ਦੇ ਕਾਲੇ ਕਾਰਨਾਮਿਆਂ ਦੀ ਆਲੋਚਨਾ ਹੋਈ। ਐਮਨਿਸਟੀ ਇੰਟਰਨੈਸ਼ਨਲ ਤੇ ਹੋਰ ਮਨੁਖੀ ਅਧਿਕਾਰ ਜਥੇਬੰਦੀਆਂ ਨੇ ਇਨਸਾਫ ਲਈ ਆਵਾਜ਼ ਬੁਲੰਦ ਕੀਤੀ। ਇਹ ਮਾਮਲਾ ਇਸ ਸਮੇਂ ਸੁਪਰੀਮਕੋਰਟ ਵਿਚ ਹੈ। ਪਰ ਇਸ ਮਹਾਨ ਪ੍ਰਾਪਤੀ ਦੀ ਕੀਮਤ ਵੀ ਬਹੁਤ ਮਹਿੰਗੀ ਤਾਰਨੀ ਪਈ। ਸਾਡੀ ਜਥੇਬੰਦੀ ਦੇ ਚੋਟੀ ਦੇ ਸੁਲਝੇ ਆਗੂ ਤੇ ਜਨਰਲ ਸਕੱਤਰ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਦਿਨ ਦਿਹਾੜੇ ਉਸ ਦੇ ਘਰੋਂ ਚਿਟ ਕਪੜੀਏ ਪੁਲਸੀਆਂ ਨੇ ਚੁਕ ਲਿਆ ਅਤੇ ਅਜੇ ਤਕ ਉਸ ਬਾਰੇ ਥਹੁ ਪਤਾ ਨਹੀਂ ਦਸਿਆ ਕਿ ਉਹ ਕਿਥੇ ਹੈ। ਜਥੇਬੰਦੀ ਦੇ ਸੂਤਰਾਂ ਤੋਂ ਇਹ ਪਤਾ ਲਗਦਾ ਹੈ ਕਿ ਮਨੁਖੀ ਹੱਕਾਂ ਦੇ ਇਸ ਨਿਧੜਕ ਰਾਖੇ ਨੂੰ ਜਿਸਮਾਨੀ ਤੇ ਮਾਨਸਿਕ ਤਸੀਹੇ ਦੇਣ ਪਿਛੋਂ ਸ਼ਹੀਦ ਕਰ ਦਿਤਾ ਗਿਆ ਹੈ। ਪਹਿਲੀ ਨਵੰਬਰ 1996 ਨੂੰ ਮਨੁਖੀ ਅਧਿਕਾਰ ਵਿੰਗ ਨੂੰ ਅਕਾਲੀ ਦਲ ਨਾਲੋਂ ਵਖ ਕਰ ਲਿਆ ਗਿਆ ਅਤੇ ਇਸਦਾ ਨਾਂ ਬਦਲ ਕੇ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਰਖਿਆ ਗਿਆ। ਹੁਣ ਇਹ ਸੁਤੰਤਰ ਰੂਪ ਵਿਚ ਇਕ ਅਜਿਹੀ ਜਥੇਬੰਦੀ ਹੈ ਜਿਸ ਨੇ ਮਨੁਖੀ ਅਧਿਕਾਰਾਂ ਦੇ ਖੇਤਰ ਵਿੱਚ ਬੜੇ ਅਹਿਮ ਕੰਮ ਆਪਣੇ ਹੱਥਾਂ ਵਿਚ ਲਏ ਹੋਏ ਹਨ। ਇਸ ਸਮੇਂ ਜਥੇਬੰਦੀ ਇਹ ਕੰਮ ਕਰ ਰਹੀ ਹੈ :

*# ਮਨੁਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੀਆਂ ਰਿਪੋਰਟਾਂ ਨੂੰ ਤੱਥਾਂ ਅਤੇ ਠੋਸ ਗਵਾਹੀਆਂ ਦੇ ਆਧਾਰ ਉਤੇ ਤਿਆਰ ਕਰਨਾ।*

*# ਪੁਲੀਸ ਦੀਆਂ ਵਧੀਕੀਆਂ ਦਾ ਸ਼ਿਕਾਰ ਹੋਏ ਵੀਰਾਂ ਭੈਣਾਂ ਨੂੰ ਮੁਫਤ ਕਾਨੂੰਨੀ ਸਹਾਇਤਾ ਦਿਵਾਉਣੀ ਤੇ ਉਨ੍ਹਾਂ ਦੇ ਕੇਸਾਂ ਦੀ ਪੈਰਵੀ ਕਰਨੀ।*

*# ਪਿਛਲੇ 20 ਸਾਲਾਂ ਦੌਰਾਨ ਪੁਲੀਸ ਵਧੀਕੀਆਂ ਦਾ ਸ਼ਿਕਾਰ ਹੋਏ ਨੌਜਵਾਨਾਂ ਤੇ ਮਾਰੇ ਗਏ ਨੌਜਵਾਨਾਂ ਦੀ ਵੇਰਵਿਆਂ ਸਮੇਤ ਇਕ ਮੁਕੰਮਲ ਸੂਚੀ ਤਿਆਰ ਕਰਨੀ ।*

*# ਜਥੇਬੰਦੀ ਬੇਸਹਾਰਾ ਬੀਬੀਆਂ ਤੇ ਬੱਚਿਆਂ ਦੇ ਮੁੜ ਵਸੇਬੇ ਲਈ ਇਕ ਪ੍ਰਾਜੈਕਟ ਉਤੇ ਵੀ ਕੰਮ ਕਰ ਰਹੀ ਹੈ ।*

*# ਮਨੁਖੀ ਅਧਿਕਾਰਾਂ ਤੇ ਰਾਜਸੀ ਆਜ਼ਾਦੀ ਲਈ ਸੈਮੀਨਾਰ ਕਰਾਉਣੇ ਅਤੇ ਆਮ ਜਨਤਾ ਨੂੰ ਮਨੁਖੀ ਅਧਿਕਾਰਾਂ ਪ੍ਰਤੀ ਚੇਤੰਨ ਤੇ ਜਥੇਬੰਦ ਕਰਨਾ।*

*# ਪੰਜਾਬ ਵਿਚ ਸਿੱਖਾਂ ਦੀ ਮੁਕੰਮਲ ਏਕਤਾ ਲਈ ਸਬੰਧਿਤ ਧਿਰਾਂ ਨਾਲ ਲਗਾਤਾਰ ਵਾਰਤਾਲਾਪ ਦਾ ਸਿਲਸਲਾ ਸ਼ੁਰੂ ਕਰਨਾ ਅਤੇ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਵਲੋਂ ਇਨ੍ਹਾਂ ਸਭ ਧਿਰਾਂ ਨੂੰ ਇਕੱਤਰ ਹੋਣ ਦੇ ਮੌਕੇ ਪ੍ਰਦਾਨ ਕਰਨਾਂ। ਅਸੀਂ ਪੰਜਾਬ ਦੇ ਸਮੂਹ ਵੀਰਾਂ ਭੈਣਾ ਨੂੰ ਅਪੀਲ ਕਰਦੇ ਹਾਂ ਕਿ ਉਹ ਮਨੁਖੀ ਅਧਿਕਾਰਾਂ ਦੇ ਕਿਸੇ ਵੀ ਖੇਤਰ ਵਿਚ ਹੋ ਰਹੀ ਉਲੰਘਣਾ ਸਮੇਂ ਸਾਡੇ ਨਾਲ ਸੰਪਰਕ ਕਰਨ।*

ਜਸਪਾਲ ਸਿੰਘ ਢਿਲੋਂ
ਚੇਅਰਮੈਨ
ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ

ਸਾਡਾ ਪਤਾ : ਜਸਪਾਲ ਸਿੰਘ ਢਿਲੋਂ
ਦਫਤਰ:1087ਸੈਕਟਰ39-ਬੀ,ਚੰਡੀਗੜ੍ਹ-160 040 ਫ਼ੋਨ: 697231
ਰਿਹਾਇਸ਼: 672, ਫੇਜ਼-6, ਮੁਹਾਲੀ (ਰੋਪੜ) ਫ਼ੋਨ:672998